# ਪੰਜਾਬੀ ਪੁਸਤਕ-7

## ਸੱਤਵੀਂ ਜਮਾਤ

ਦੂਜੀ ਭਾਸ਼ਾ

E1B6H3

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਤੀਜਾ ਐਡੀਸ਼ਨ 2021 ....... 42,400 ਕਾਪੀਆਂ
ਚੌਥਾ ਐਡੀਸ਼ਨ 2022 ....... ............ ਕਾਪੀਆਂ

All rights, including those of translation, reproduction
and annotation etc., are reserved by
the Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਮੱਗਰ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ

**ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ- 160002 ਰਾਹੀਂ ਪ੍ਰਕਾਸ਼ਿਤ ਅਤੇ ਮੈਸ : **ਕੌਸਮਿਕ ਪ੍ਰਿੰਟਰਜ਼, ਜਲੰਧਰ** ਰਾਹੀਂ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਰਾਜ ਦੀ ਸਕੂਲ-ਸਿੱਖਿਆ ਸੰਬੰਧੀ ਜਿਹੜਾ ਬਹੁਪੱਖੀ ਵਿੱਦਿਅਕ ਕਾਰਜ ਕਰਦਾ ਹੈ, ਉਹਨਾਂ ਵਿੱਚੋਂ ਇੱਕ ਮਹੱਤਵਪੂਰਨ ਕਾਰਜ ਸਿੱਖਿਆ-ਕ੍ਰਮ ਅਤੇ ਪਾਠ-ਕ੍ਰਮ ਬਣਾ ਕੇ, ਇਹਨਾਂ ਮੁਤਾਬਕ ਪਾਠ-ਪੁਸਤਕਾਂ ਤਿਆਰ ਕਰ ਕੇ ਵਿਦਿਆਰਥੀਆਂ ਤੱਕ ਪਹੁੰਚਾਉਂਦਾ ਹੈ।

ਹਥਲੀ ਪਾਠ-ਪੁਸਤਕ ਸੱਤਵੀਂ ਸ਼੍ਰੇਣੀ (ਦੂਜੀ ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ. ਸੀ. ਐੱਫ਼. 2005 ਅਤੇ ਪੀ. ਸੀ. ਐੱਫ਼. 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਹਨਾਂ ਪਾਠ-ਪੁਸਤਕਾਂ ਨੂੰ ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ ਅਤੇ ਇੱਕ ਅੰਤਰਾਲ ਪਿੱਛੋਂ ਦੇਸ ਤੇ ਸਮਾਜ ਵਿੱਚ ਹੋਈ ਤਰੱਕੀ ਅਤੇ ਤਬਦੀਲੀਆਂ ਦੇ ਸਨਮੁੱਖ ਨਵੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਇੱਕ ਨਿਰੰਤਰ ਪ੍ਰਕਿਰਿਆ ਹੈ।

ਪੰਜਾਬੀ ਵਿਸ਼ੇ ਦੀਆਂ ਪਾਠ-ਪੁਸਤਕਾਂ (ਦੂਜੀ ਭਾਸ਼ਾ) ਵਿੱਚ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਵਿਕਾਸ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੇ ਅਮੀਰ ਸੱਭਿਆਚਾਰਿਕ ਵਿਰਸੇ ਅਤੇ ਸਮਾਜਿਕ ਵਿਕਾਸ ਨੂੰ ਪ੍ਰਗਟਾਉਂਦੀ ਅਜਿਹੀ ਪਾਠ-ਸਮਗਰੀ ਦੇਣ ਦੀ ਕੋਸ਼ਸ਼ ਕੀਤੀ ਗਈ ਹੈ ਜਿਸ ਨਾਲ਼ ਜਿਹੜੀ ਵਿਦਿਆਰਥੀਆਂ ਨੂੰ ਭਾਸ਼ਾ ਸਿਖਾਉਣ ਦੇ ਨਾਲ਼-ਨਾਲ਼ ਉਸਾਰੂ ਕਦਰਾਂ-ਕੀਮਤਾਂ ਦਾ ਧਾਰਨੀ ਵੀ ਬਣਾਇਆ ਜਾ ਸਕੇ। ਹਥਲੀ ਪਾਠ-ਪੁਸਤਕ ਵਿੱਚ ਪਾਠ-ਸਮਗਰੀ ਨੂੰ ਵਿਦਿਆਰਥੀਆਂ ਦੇ ਸਮਾਜਿਕ ਤੇ ਪ੍ਰਕਿਰਤਿਕ ਵਾਤਾਵਰਨ ਅਨੁਸਾਰ ਢਾਲ਼ਿਆ ਗਿਆ ਹੈ।

ਇਸ ਪਾਠ-ਪੁਸਤਕ ਨੂੰ ਦਫ਼ਤਰੀ ਪੱਧਰ 'ਤੇ ਉੱਪ-ਡਾਇਰੈਕਟਰ ਅਕਾਦਮਿਕ ਸ੍ਰੀਮਤੀ ਅਮਰਜੀਤ ਕੌਰ ਦਾਲਮ ਦੀ ਨਿਗਰਾਨੀ ਹੇਠ ਸ੍ਰੀਮਤੀ ਪਰਮਿੰਦਰ ਕੌਰ ਵਿਸ਼ਾ-ਮਾਹਰ ਨੇ ਤਿਆਰ ਕੀਤਾ ਹੈ। ਇਸ ਨੂੰ ਤਿਆਰ ਕਰਦਿਆਂ ਖੇਤਰ ਵਿੱਚੋਂ ਡਾ. ਵਰਿੰਦਰਜੀਤ ਵਾਤਿਸ਼, ਸ੍ਰੀ ਮਨਮੋਹਨ ਸਿੰਘ ਦਾਊਂ ਅਤੇ ਸ੍ਰੀ ਜਸਵੀਰ ਸਿੰਘ ਲੰਗੜੋਆ; ਸ੍ਰੀ ਕਰਮਜੀਤ ਸਿੰਘ ਗਰੇਵਾਲ, ਸ੍ਰੀ ਅਮਰੀਕ ਸਿੰਘ, ਸ੍ਰੀਮਤੀ ਆਸ਼ਾ ਪੁਰੀ ਅਤੇ ਸ੍ਰੀਮਤੀ ਸੁਨੀਲਮ ਮੰਡ ਨੇ ਯੋਗਦਾਨ ਪਾਇਆ ਹੈ। ਇਸ ਪਾਠ-ਪੁਸਤਕ ਦੇ ਚਿੱਤਰ ਸ੍ਰੀ ਮਨਜੀਤ ਸਿੰਘ ਢਿੱਲੋਂ ਨੇ ਤਿਆਰ ਕੀਤੇ ਹਨ।

ਜਿਹੜੇ ਲੇਖਕਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ, ਬੋਰਡ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਜਾਂਦਾ ਹੈ।

ਇਸ ਪਾਠ-ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਅਧਿਆਪਕਾਂ ਅਤੇ ਮਾਪਿਆਂ ਦੇ ਸੁਝਾਵਾਂ ਦਾ ਸੁਆਗਤ ਕੀਤਾ ਜਾਵੇਗਾ।

ਚੇਅਰਮੈਨ

**ਪੰਜਾਬ ਸਕੂਲ ਸਿੱਖਿਆ ਬੋਰਡ**

# ਤਤਕਰਾ


| ਲੜੀ ਨੰ. | ਪਾਠ | | ਲੇਖਕ | ਪੰਨਾ ਨੰ. |
|---|---|---|---|---|
| 1. | ਇਹ ਮੇਰਾ ਪੰਜਾਬ | ਕਵਿਤਾ | ਜਸਵੀਰ ਸਿੰਘ ਲੰਗੜੋਆ | 1 |
| 2. | ਜੰਗਲ਼ਾਂ ਦੇ ਲਾਭ | ਲੇਖ | ਬਲਵੰਤ ਗਾਰਗੀ | 5 |
| 3. | ਰਾਣੀ ਸਾਹਿਬ ਕੌਰ | ਜੀਵਨੀ | | 10 |
| 4. | ਲਾਇਬ੍ਰੇਰੀ | ਕਵਿਤਾ | ਸੁਨੀਲਮ ਮੰਡ | 16 |
| 5. | ਕਾਬਲੀਵਾਲ਼ਾ | ਕਹਾਣੀ | ਰਾਬਿੰਦਰਨਾਥਟੈਗੋਰ | 20 |
| 6. | ਯਾਤਰਾ: ਹੇਮਕੁੰਟ ਸਾਹਿਬ | ਯਾਤਰਾ | ਡਾ. ਅਮਰਜੀਤ ਕੌਰ ਵਿਰਕ | 26 |
| 7. | ਅਣਖੀਲਾ ਯੋਧਾ—ਸ਼ਹੀਦ ਊਧਮ ਸਿੰਘ | ਜੀਵਨੀ | ਮਨਮੋਹਨ ਸਿੰਘ ਦਾਊਂ | 35 |
| 8. | ਹੋਲੀ ਦਾ ਗੀਤ | ਕਵਿਤਾ | ਸੁਰਜੀਤ ਰਾਮਪੁਰੀ | 41 |
| 9. | ਰੁੱਤ-ਰੁੱਤ ਦੇ ਰੰਗ | ਕਹਾਣੀ | ਡਾ. ਵਰਿੰਦਰਜੀਤ ਵਾਤਿਸ਼ | 44 |
| 10. | ਕੀ ਤੁਸੀਂ ਪੜ੍ਹੇ-ਲਿਖੇ ਹੋ ? | ਲੇਖ | ਡਾ. ਕਰਨੈਲ ਸਿੰਘ ਸੋਮਲ | 51 |
| 11. | ਭਾਰਤੀ ਫ਼ੁਟਬਾਲ ਦਾ ਸਿਤਾਰਾ : ਉਲੰਪੀਅਨ ਜਰਨੈਲ ਸਿੰਘ | ਜੀਵਨੀ | ਚਰਨਜੀਤ ਸਿੰਘ ਪੱਡਾ | 56 |
| 12. | ਸਮਾਂ ਨਾ ਗੁਆ ਬੇਲੀਆ | ਕਵਿਤਾ | ਬਲਜਿੰਦਰ ਮਾਨ | 61 |
| 13. | ਦਲੇਰੀ ਦੀ ਮਿਸਾਲ : ਮਾਈ ਭਾਗੋ | ਜੀਵਨੀ | ਅਮਰੀਕ ਸਿੰਘ ਦਿਆਲ | 65 |
| 14. | ਮਹਾਨ ਧੀਆਂ | ਕਵਿਤਾ | ਹਰਪ੍ਰੀਤ ਕੌਰ | 69 |
| 15. | ਫ਼ੈਸਲਾ | ਕਹਾਣੀ | ਡਾ. ਦਰਸ਼ਨ ਸਿੰਘ ਆਸ਼ਟ | 73 |
| 16. | ਦੁਨੀਆ ਦੁੱਖਾਂ ਦੀ ਨਗਰੀ ਨਹੀਂ | ਲੇਖ | ਗੁਰਬਖ਼ਸ਼ ਸਿੰਘ 'ਪ੍ਰੀਤਲੜੀ' | 79 |
| 17. | ਰੁੱਖ | ਕਵਿਤਾ | ਸ਼ਿਵ ਕੁਮਾਰ ਬਟਾਲਵੀ | 84 |
| 18. | ਜਦੋਂ ਦੰਦ ਬੋਲ ਪਿਆ | ਕਹਾਣੀ | ਡਾ. ਹਰਸ਼ਿੰਦਰ ਕੌਰ | 87 |
| 19. | ਸ਼ਹੀਦ ਬਾਬਾ ਦੀਪ ਸਿੰਘ ਜੀ | ਜੀਵਨੀ | ਪ੍ਰਿੰ. ਤੇਜਾ ਸਿੰਘ | 93 |
| 20. | ਕੌਣ ਕਦੇ ਰੁਕਿਆ ਹੈ | ਕਵਿਤਾ | ਪ੍ਰੋ. ਜੋਗਾ ਸਿੰਘ | 98 |
| 21. | ਨਿੱਕੀਆਂ ਜਿੰਦਾਂ - ਵੱਡਾ ਸਾਕਾ | ਲੇਖ | ਡਾ. ਗੁਰਮੀਤ ਸਿੰਘ ਬੈਦਵਾਣ | 101 |
| 22. | ਗ਼ਰੀਬਨਵਾਜ਼ | ਇਕਾਂਗੀ | ਡਾ. ਹਰਚਰਨ ਸਿੰਘ | 106 |

ਪਾਠ-1

# ਇਹ ਮੇਰਾ ਪੰਜਾਬ



ਇਹ ਮੇਰਾ ਪੰਜਾਬ ਬੇਲੀਓ, ਇਹ ਮੇਰਾ ਪੰਜਾਬ।
ਪੰਜ ਦਰਿਆਵਾਂ ਦੀ ਧਰਤੀ 'ਤੇ, ਖਿੜਿਆ ਫੁੱਲ ਗੁਲਾਬ।
ਇਹ ਮੇਰਾ ਪੰਜਾਬ......................।

ਪੰਜ ਪਾਣੀਆਂ ਕਾਰਨ, ਇਹ ਧਰਤੀ ਪੰਜਾਬ ਕਹਾਈ,
ਮਿੱਠੀ, ਪਿਆਰੀ ਬੋਲੀ ਇਸ ਦੀ, 'ਪੰਜਾਬੀ' ਅਖਵਾਈ।
ਦੁਨੀਆ ਨੂੰ 'ਰਿਗਵੇਦ' ਦੀ ਦਿੱਤੀ, ਪਹਿਲੀ ਏਸ ਕਿਤਾਬ,
ਇਹ ਮੇਰਾ ਪੰਜਾਬ......................।

ਪੋਰਸ ਅਤੇ ਸਿਕੰਦਰ ਦਾ ਯੁੱਧ, ਇਸ ਧਰਤੀ 'ਤੇ ਹੋਇਆ,
ਛੱਡ ਕੇ ਇਸ ਦਾ ਮੋਹ ਸਿਕੰਦਰ, ਦੇਸ ਨੂੰ ਭੱਜ ਖਲੋਇਆ।
ਤੱਕੀਆਂ ਉਸ ਨੇ ਪੋਰਸ ਦੇ ਵਿੱਚ, ਅਣਖਾਂ ਬੇਹਿਸਾਬ,
ਇਹ ਮੇਰਾ ਪੰਜਾਬ......................।

ਬੁੱਲ੍ਹੇ, ਸ਼ਾਹ ਹੁਸੈਨ ਨੇ ਇੱਥੇ, ਆਪਣੇ ਪੀਰ ਰਿਝਾਏ,
ਨਾਨਕ ਇਸ ਧਰਤੀ ਦੇ ਸਾਂਝੇ; ਗੁਰੂ, ਪੀਰ ਅਖਵਾਏ।
ਮਰਦਾਨੇ ਨੇ ਛੇੜੀ, ਰੱਬੀ ਬਾਣੀ ਨਾਲ਼ ਰਬਾਬ,
ਇਹ ਮੇਰਾ ਪੰਜਾਬ......................।

'ਮਹਾਂਬਲੀ ਰਣਜੀਤ ਸਿੰਘ' ਸੀ, ਇਸ ਧਰਤੀ ਦਾ ਜਾਇਆ,
ਬਿਨਾਂ ਵਿਤਕਰੇ ਚਾਲ਼ੀ ਸਾਲ ਉਸ, ਰੱਜ ਕੇ ਰਾਜ ਕਮਾਇਆ।
ਬਾਰਾਂ ਮਿਸਲਾਂ 'ਕੱਠੀਆਂ ਕੀਤੀਆਂ, ਝੱਲੇ ਨਾ ਕੋਈ ਤਾਬ,
ਇਹ ਮੇਰਾ ਪੰਜਾਬ......................।

ਸਭ ਧਰਮਾਂ ਦੇ ਲੋਕ ਸੀ ਰਹਿੰਦੇ, ਬਣ ਕੇ ਭਾਈ-ਭਾਈ,
ਰਾਜ ਕਰਨ ਦੀ ਖ਼ਾਤਰ ਸੀ, ਅੰਗਰੇਜ਼ਾਂ ਨੇ ਫੁੱਟ ਪਾਈ।
ਸੰਤਾਲ਼ੀ ਵਿੱਚ ਵੱਖ-ਵੱਖ ਹੋ ਗਏ, ਸਤਲੁਜ ਅਤੇ ਚਨਾਬ,
ਇਹ ਮੇਰਾ ਪੰਜਾਬ......................।

ਊਧਮ ਸਿੰਘ, ਕਰਤਾਰ ਸਰਾਭੇ; ਜਾਨ ਦੀ ਬਾਜ਼ੀ ਲਾਈ,
ਰਾਜਗੁਰੂ, ਸੁਖਦੇਵ, ਭਗਤ ਸਿੰਘ; ਲਾੜੀ ਮੌਤ ਵਿਆਹੀ।
ਆਜ਼ਾਦੀ ਲਈ ਵਾਰੀਆਂ ਜਾਨਾਂ, ਹੋ ਕੇ ਬੜੇ ਬੇਤਾਬ,
ਇਹ ਮੇਰਾ ਪੰਜਾਬ......................।

## ਪਾਠ- ਅਭਿਆਸ

1. **ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਪੰਜਾਬ ਵਿੱਚ ਪਹਿਲਾਂ ਕਿੰਨੇ ਦਰਿਆ ਵਗਦੇ ਸਨ ?

(ਅ) ਪੋਰਸ ਦਾ ਯੁੱਧ ਕਿਸ ਰਾਜੇ ਨਾਲ਼ ਹੋਇਆ ਸੀ ?

(ੲ) ਇਸ ਕਵਿਤਾ ਵਿੱਚ ਕਿਹੜੇ ਗੁਰੂ ਜੀ ਦਾ ਜ਼ਿਕਰ ਹੈ ?

(ਸ) ਪੰਜਾਬ ਦਾ ਮਹਾਂਬਲੀ ਰਾਜਾ ਕੌਣ ਹੋਇਆ ਹੈ ?

(ਹ) ਕਿਹੜੇ ਦੇਸ-ਭਗਤਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਇਸ ਕਵਿਤਾ ਵਿੱਚ ਕੀਤਾ ਗਿਆ ਹੈ ?

2. ਹੇਠ ਲਿਖੇ ਸ਼ਬਦਾਂ ਨਾਲ਼ ਤੋਲ-ਤੁਕਾਂਤ ਮਿਲ਼ਾਓ :

ਪੰਜਾਬ ______________

ਹੋਇਆ ______________

ਭਾਈ ______________

ਰਿਝਾਏ ______________

3. ਖ਼ਾਲੀ ਸਥਾਨ ਭਰੋ :

ਪੰਜ ਦਰਿਆਵਾਂ ਦੀ ਧਰਤੀ 'ਤੇ, --------

ਛੱਡ ਕੇ ਇਸ ਦਾ ਮੋਹ ਸਿਕੰਦਰ, --------

------------ ਇਸ ਧਰਤੀ ਦਾ ਜਾਇਆ।

ਸਭ ਧਰਮਾਂ ਦੇ ਲੋਕ ਸੀ ਰਹਿੰਦੇ, ------------

ਆਜ਼ਾਦੀ ਲਈ ਵਾਰੀਆਂ ਜਾਨਾਂ, ----------

4. ਵਾਕਾਂ ਵਿੱਚ ਵਰਤੋ :

ਖਿੜਿਆ :

ਬੇਹਿਸਾਬ :

ਵਿਤਕਰੇ :

ਫੁੱਟ ਪਾਉਣਾ :

ਬੇਤਾਬ :

5. ਵਿਰੋਧੀ ਸ਼ਬਦ ਲਿਖੋ :

ਮਿੱਠੀ :

ਆਪਣੇ :

ਫੁੱਟ :

ਅਜ਼ਾਦੀ :

ਮੌਤ :

6. ਹਿੰਦੀ ਤੇ ਅੰਗਰੇਜ਼ੀ ਵਿੱਚ ਵੀ ਹੇਠ ਲਿਖੇ ਸ਼ਬਦ ਲਿਖੋ : -

| | ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|---|
| 1. | ਮੇਰਾ | मेरा | My |
| 2. | ਪਿਆਰੀ | ____________ | ____________ |
| 3. | ਧਰਤੀ | ____________ | ____________ |
| 4. | ਲੋਕ | ____________ | ____________ |
| 5. | ਦੇਸ | ____________ | ____________ |
| 6. | ਕਿਤਾਬ | ____________ | ____________ |

❋❋❋

(ਪਾਠ-2)

# ਜੰਗਲ਼ਾਂ ਦੇ ਲਾਭ

ਜੰਗਲ਼ ਕੁਦਰਤ ਦੀ ਬਹੁਤ ਵੱਡੀ ਦਾਤ ਹਨ। ਕਈ ਲੋਕ ਜਦੋਂ ਹਜ਼ਾਰਾਂ ਮੀਲਾਂ ਵਿੱਚ ਫੈਲੇ ਜੰਗਲ਼ਾਂ ਨੂੰ ਦੇਖਦੇ ਹਨ ਤਾਂ ਸੋਚਦੇ ਹਨ ਕਿ ਧਰਤੀ ਦੇ ਏਨੇ ਵੱਡੇ-ਵੱਡੇ ਟੋਟੇ ਕਿਉਂ ਵਿਅਰਥ ਪਏ ਹਨ ? ਇਹਨਾਂ ਦੀ ਥਾਂ ਵੱਡੇ -ਵੱਡੇ ਸ਼ਹਿਰ ਵੱਸ ਸਕਦੇ ਹਨ। ਪਰ ਉਹਨਾਂ ਨੂੰ ਪਤਾ ਨਹੀਂ ਕਿ ਮਨੁੱਖ ਦੀ ਖ਼ੁਸ਼ਹਾਲੀ ਤੇ ਸੁੱਖ ਲਈ ਇਹ ਜੰਗਲ਼ ਬਹੁਤ ਜ਼ਰੂਰੀ ਹਨ। ਜਿਸ ਤਰ੍ਹਾਂ ਕਿਸੇ ਵੱਡੇ ਸ਼ਹਿਰ ਦੀ ਸਿਹਤ ਲਈ ਬਾਗ਼ ਅਤੇ ਤਲਾਅ ਹੋਣੇ ਜ਼ਰੂਰੀ ਹਨ, ਇਸੇ ਤਰ੍ਹਾਂ ਕਿਸੇ ਦੇਸ ਦੀ ਸਿਹਤ ਲਈ ਜੰਗਲ਼ਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਦੇਸ ਦੇ ਸਰੀਰ ਵਿੱਚ ਜੰਗਲ਼ ਵੱਡੇ ਫੇਫੜਿਆਂ ਵਾਂਗ ਹਨ। ਜਿਵੇਂ ਫੇਫੜੇ ਨਾ ਹੋਣ ਤਾਂ ਆਦਮੀ ਦਾ ਸਾਹ ਘੁੱਟਿਆ ਜਾਂਦਾ ਹੈ ਇਸੇ ਤਰ੍ਹਾਂ ਜੇ ਜੰਗਲ਼ ਨਾ ਹੋਣ ਤਾਂ ਦੇਸ ਦਾ ਸਾਹ ਘੁੱਟਿਆ ਜਾਵੇਗਾ।

ਜਿਸ ਤਰ੍ਹਾਂ ਸਰੀਰ ਵਿੱਚ ਸਿਹਤ ਦੀ ਭੁੱਖ ਹੈ, ਇਸੇ ਤਰ੍ਹਾਂ ਆਦਮੀ ਦੀ ਆਤਮਾ ਨੂੰ ਸੁੰਦਰਤਾ ਦੀ ਵੀ ਭੁੱਖ ਹੈ।



ਜੰਗਲ਼ ਦੇ ਸ਼ਾਨਦਾਰ ਨਜ਼ਾਰੇ ਆਦਮੀ ਦੀ ਇਸ ਭੁੱਖ ਨੂੰ ਜੁਗਾਂ-ਜੁਗਾਂ ਤੋਂ ਤ੍ਰਿਪਤ ਕਰਦੇ ਆਏ ਹਨ। ਮਨੁੱਖ ਸਦਾ ਕੁਦਰਤ ਦੀ ਇਸ ਮਹਾਨ ਸੁੰਦਰ ਰਚਨਾ ਵੱਲ ਖਿੱਚਿਆ ਜਾਂਦਾ ਰਿਹਾ ਹੈ। ਪਿਛਲੇ ਸਮਿਆਂ ਵਿੱਚ ਰਿਸ਼ੀ ਲੋਕ ਜੰਗਲ਼ਾਂ ਵਿੱਚ ਰਹਿ ਕੇ ਤਪੱਸਿਆ ਕਰਦੇ ਸਨ। ਸ਼ਾਇਦ ਹੀ ਕੋਈ ਅਜਿਹਾ ਹਿੰਦੁਸਤਾਨੀ ਮਹਾਂਪੁਰਖ ਹੋਵੇਗਾ ਜਿਸ ਦਾ ਸੰਬੰਧ ਜੰਗਲ਼ਾਂ ਨਾਲ਼ ਨਾ ਰਿਹਾ ਹੋਵੇ। ਸ੍ਰੀ ਰਾਮ ਚੰਦਰ ਜੀ ਨੇ ਚੌਦਾਂ ਵਰ੍ਹੇ ਬਣ ਵਿੱਚ ਕੱਟੇ।

ਮਹਾਤਮਾ ਬੁੱਧ ਨੂੰ ਵੀ ਸੰਘਣੇ ਜੰਗਲ਼ਾਂ ਵਿੱਚ ਬੋਹੜ ਦੇ ਹੇਠਾਂ ਬਹਿ ਕੇ ਗਿਆਨ ਹੋਇਆ। ਸ਼ੁਰੂ ਵਿੱਚ ਜਦੋਂ ਸ਼ਹਿਰ ਤੇ ਬਸਤੀਆਂ ਨਹੀਂ ਬਣੀਆਂ ਸਨ ਤਾਂ ਜੰਗਲ਼ ਹੀ ਆਦਮੀ ਦੇ ਘਰ ਸਨ। ਹੁਣ ਵੀ ਜਦ ਅਸੀਂ ਸ਼ਹਿਰਾਂ ਵਿੱਚ ਬਾਗ਼ ਲਾਉਂਦੇ ਹਾਂ ਤਾਂ ਇਸ ਦੇ ਪਿੱਛੇ ਜੰਗਲ਼ ਲਈ ਮਨੁੱਖ ਦੀ ਸਦੀਵੀ ਤਾਂਘ ਲੁਕੀ ਹੁੰਦੀ ਹੈ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਵੱਡੇ-ਵੱਡੇ ਸ਼ਹਿਰ ਬਣਾ ਕੇ ਮਨੁੱਖ ਨੇ ਬਹੁਤ ਉੱਨਤੀ ਕੀਤੀ ਹੈ। ਪਰ ਜਿਉਂ-ਜਿਉਂ ਮਨੁੱਖ ਕੁਦਰਤ ਦੇ ਮਹਾਨ ਜੰਗਲ਼ਾਂ ਦੇ ਖੁੱਲ੍ਹੇ-ਡੁੱਲ੍ਹੇ ਜੀਵਨ ਤੋਂ ਦੂਰ ਹੁੰਦਾ ਗਿਆ ਅਤੇ ਲੋਹੇ, ਇੱਟਾਂ ਅਤੇ ਸੀਮਿੰਟ ਦੇ ਪਿੰਜਰਿਆਂ ਵਿੱਚ ਆਪਣੇ-ਆਪ ਨੂੰ ਕੈਦ ਕਰਦਾ ਗਿਆ, ਉਸ ਦੀ ਸਿਹਤ ਡਿਗਦੀ ਗਈ।

ਅੰਨ ਦੇ ਸੰਕਟ ਕਰਕੇ ਕੁਝ ਦੇਸਾਂ ਵਿੱਚ ਸਰਕਾਰ ਨੇ ਬਹੁਤ ਸਾਰੇ ਜੰਗਲ਼ ਕੱਟ ਕੇ ਜ਼ਮੀਨ ਨੂੰ ਹਲ਼ ਹੇਠ ਲੈ ਆਂਦਾ ਹੈ। ਸ਼ੁਰੂ-ਸ਼ੁਰੂ ਵਿੱਚ ਤਾਂ ਇਹ ਤਜਰਬਾ ਬੜਾ ਸਫਲ ਨਜ਼ਰ ਆਇਆ ਪਰ ਛੇਤੀ ਹੀ ਆਦਮੀ ਨੂੰ ਆਪਣੀ ਇਸ ਮੂਰਖਤਾ ਦੀ ਸਜ਼ਾ ਮਿਲਨੀ ਸ਼ੁਰੂ ਹੋ ਗਈ। ਜੰਗਲ਼ਾਂ ਦੇ ਕੱਟੇ ਜਾਣ ਨਾਲ਼ ਕੁਦਰਤ ਦੇ ਕਨੂੰਨ ਅਨੁਸਾਰ ਜਲ-ਵਾਯੂ ਵਿੱਚ ਬਹੁਤ ਤਬਦੀਲੀ ਆ ਗਈ। ਪ੍ਰਕਿਰਤੀ ਦਾ ਅਸੂਲ ਹੈ ਕਿ ਜੰਗਲ਼ਾਂ ਨਾਲ਼ ਵਾਯੂ-ਮੰਡਲ ਬੜਾ ਸੀਤਲ ਰਹਿੰਦਾ ਹੈ। ਜਦ ਬੱਦਲ਼ ਸਮੁੰਦਰ ਵੱਲੋਂ ਉੱਡ ਕੇ ਆਉਂਦੇ ਹਨ ਤਾਂ ਮਾਰੂਥਲਾਂ ਉੱਤੋਂ ਦੀ ਬਿਨਾਂ ਮੀਂਹ ਪਾਏ ਲੰਘ ਜਾਂਦੇ ਹਨ। ਜਦ ਜੰਗਲ਼ਾਂ ਉੱਤੋਂ ਦੀ ਲੰਘਦੇ ਹਨ ਤਾਂ ਵਾਯੂ-ਮੰਡਲ ਠੰਢਾ ਹੋਣ ਕਰਕੇ ਮੀਂਹ ਵਰ੍ਹ ਪੈਂਦਾ ਹੈ। ਇਹੋ ਕਾਰਨ ਹੈ ਕਿ ਜੰਗਲ਼ਾਂ ਨਾਲ਼ ਢਕੇ ਹੋਏ ਪਰਬਤਾਂ ਉੱਤੇ ਬਹੁਤ ਮੀਂਹ ਪੈਂਦੇ ਹਨ ਅਤੇ ਮਾਰੂਥਲਾਂ ਉੱਤੇ ਬਹੁਤ ਘੱਟ ਵਰਖਾ ਹੁੰਦੀ ਹੈ। ਸਰਕਾਰੀ ਰਿਪੋਰਟਾਂ ਵਿੱਚ ਮੰਨਿਆ ਗਿਆ ਹੈ ਕਿ ਜਿੱਥੇ-ਜਿੱਥੇ ਵੀ ਜੰਗਲ਼ ਕੱਟੇ ਗਏ ਹਨ, ਉੱਥੇ-ਉੱਥੇ ਮੀਂਹ ਘਟ ਗਏ ਹਨ ਅਤੇ ਇਹ ਇਲਾਕੇ ਕੁਝ ਚਿਰ ਫ਼ਸਲਾਂ ਦੇਣ ਮਗਰੋਂ ਬੰਜਰ ਹੋ ਗਏ ਹਨ। ਇਸ ਗੱਲ ਵੱਲ ਭਾਰਤ ਸਰਕਾਰ ਨੇ ਉਚੇਚਾ ਧਿਆਨ ਦਿੱਤਾ ਹੈ। ਹਰ ਸਾਲ 'ਵਣ-ਮਹਾਂਉਤਸਵ' ਮਨਾਇਆ ਜਾਂਦਾ ਹੈ ਅਤੇ ਲੱਖਾਂ ਨਵੇਂ ਬਿਰਖ ਲਾਏ ਜਾਂਦੇ ਹਨ।

ਇਸ ਤੋਂ ਛੁੱਟ ਜੰਗਲ਼ ਹੋਰ ਵੀ ਅਨੇਕ ਮਨੁੱਖੀ ਲੋੜਾਂ ਨੂੰ ਪੂਰਾ ਕਰਦੇ ਹਨ। ਜੰਗਲ਼ਾਂ ਦੀ ਲੱਕੜੀ ਨਾਲ਼ ਅਸੀਂ ਮਕਾਨ ਬਣਾਉਂਦੇ ਹਾਂ। ਫਿਰ ਮਕਾਨ ਦੇ ਅੰਦਰ ਕੁਰਸੀਆਂ, ਮੇਜ਼, ਮੰਜੇ, ਪੀੜ੍ਹੀਆਂ ਵੀ ਜੰਗਲ਼ ਦੀ ਹੀ ਦਾਤ ਹਨ। ਜੇ ਜੰਗਲ਼ਾਂ ਵਿੱਚੋਂ ਲੱਕੜੀ ਨਾ ਆਵੇ ਤਾਂ ਚੁੱਲ੍ਹੇ ਵਿੱਚ ਅੱਗ ਹੀ ਨਾ ਬਲ਼ੇ। ਸਰਦੀ ਵਿੱਚ ਲੋਕ ਪਾਲ਼ੇ ਨਾਲ਼ ਠਰ ਜਾਣ। ਲੱਕੜੀ ਨਾਲ਼ ਹੀ ਕਿਸ਼ਤੀਆਂ, ਨਿੱਕੇ ਜਹਾਜ਼ ਅਤੇ ਗੱਡੇ-ਰੇੜ੍ਹੇ ਆਦਿ ਬਣਾਏ ਗਏ ਹਨ। ਜੇ ਇਹ ਨਾ ਹੋਣ ਤਾਂ ਵਪਾਰ ਅੱਧਾ ਰਹਿ ਜਾਏ ਅਤੇ ਕਈ ਥਾਂਵਾਂ 'ਤੇ ਚੀਜ਼ਾਂ ਨਾ ਪਹੁੰਚਣ ਕਰਕੇ ਕਾਲ਼ ਪੈ ਜਾਵੇ।

ਜੰਗਲ਼ਾਂ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਬਿਰਖਾਂ ਦੀਆਂ ਜੜ੍ਹਾਂ ਨਾਲ਼ ਧਰਤੀ ਪੋਲੀ ਹੋ ਜਾਂਦੀ ਹੈ ਤੇ ਬਾਰਸ਼ ਦਾ ਪਾਣੀ ਸਹਿਜੇ ਹੀ ਚੂਸ ਲੈਂਦੀ ਹੈ। ਜੇ ਜੰਗਲ ਨਾ ਹੋਣ ਤਾਂ ਪਹਾੜਾਂ ਉੱਤੇ ਵੱਸੇ ਮੀਂਹਾਂ ਦਾ ਪਾਣੀ ਸਾਰੇ ਦਾ ਸਾਰਾ ਰੁੜ੍ਹ ਕੇ ਦਰਿਆਵਾਂ ਵਿੱਚ ਆ ਡਿਗੇ ਅਤੇ ਮੈਦਾਨਾਂ ਵਿੱਚ ਹਜ਼ਾਰਾਂ ਪਿੰਡਾਂ ਨੂੰ ਤਬਾਹ ਕਰ ਦੇਵੇ। ਨਾਲ਼ੇ ਪਾਣੀ ਦੀ ਤੇਜ਼ੀ ਨਾਲ਼ ਦਰਿਆ ਬਹੁਤ ਸਾਰੀ ਉਪਜਾਊ ਧਰਤੀ ਨੂੰ ਰੋੜ੍ਹ ਕੇ ਨਾਸ ਕਰ ਦੇਵੇ।

ਪਹਿਲਾਂ ਪਿੰਡਾਂ ਵਿੱਚ ਰੁੱਖ ਲਾਉਣ ਦਾ ਬਹੁਤ ਰਿਵਾਜ ਸੀ ਅਤੇ ਰੁੱਖ ਨੂੰ ਕੱਟਣਾ ਪਾਪ ਸਮਝਿਆ ਜਾਂਦਾ ਸੀ। ਕਈ ਬਿਰਖਾਂ ਨੂੰ ਪੂਜਣ ਦੇ ਪਿੱਛੇ ਵੀ ਬਿਰਖ ਦੀ ਇਸ ਮਹੱਤਤਾ ਦਾ ਖ਼ਿਆਲ ਹੀ ਕੰਮ ਕਰਦਾ ਹੈ। ਪਿੱਛੇ ਜਿਹੇ ਲੋਕਾਂ ਵਿੱਚ ਬਿਰਖ ਲਾਉਣ ਦਾ ਰਿਵਾਜ ਘਟ ਗਿਆ ਅਤੇ ਆਪਣੀ ਲੋੜ ਪੂਰੀ ਕਰਨ ਲਈ ਲੋਕਾਂ ਨੇ ਲਾਗਲੀਆਂ ਪਹਾੜੀਆਂ ਤੋਂ ਲੱਕੜੀ ਮੰਗਵਾਉਣੀ ਸ਼ੁਰੂ ਕਰ ਦਿੱਤੀ। ਕਸ਼ਮੀਰ ਦੇ ਸੈਂਕੜੇ ਜੰਗਲ਼ ਠੇਕੇ 'ਤੇ ਚੜ੍ਹ ਗਏ ਅਤੇ ਵੀਹ-ਪੰਝੀ ਸਾਲਾਂ ਦੇ ਅੰਦਰ-ਅੰਦਰ ਬਹੁਤ ਸਾਰੀਆਂ ਪਹਾੜੀਆਂ ਨੰਗੀਆਂ ਹੋ ਗਈਆਂ। ਨਤੀਜਾ ਇਹ ਨਿਕਲ਼ਿਆ ਕਿ ਪੰਜਾਬ ਦੇ ਦਰਿਆਵਾਂ ਵਿੱਚ ਵਧੇਰੇ ਹੜ੍ਹ ਆਉਣ ਲੱਗ ਪਏ। ਅਸੀਂ ਸ਼ਿਵਾਲਿਕ ਪਰਬਤ ਦੀ ਮਿਸਾਲ ਲੈਂਦੇ ਹਾਂ। ਇਸ ਉੱਤੇ ਜੰਗਲ਼ ਕੱਟੇ ਜਾਣ ਨਾਲ਼ ਇਸ ਪਹਾੜ ਦੇ ਪਾਣੀ ਨੇ ਬਰਸਾਤੀ ਨਾਲ਼ਿਆਂ ਰਾਹੀਂ

ਜ਼ਿਲ੍ਹਾ ਅੰਬਾਲਾ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਬਹੁਤ ਸਾਰੀ ਧਰਤੀ ਖੇਤੀ-ਬਾੜੀ ਯੋਗ ਨਹੀਂ ਰਹਿਣ ਦਿੱਤੀ। ਇਸ ਤਬਾਹੀ ਤੋਂ ਬਚਣ ਲਈ ਇੱਕੋ ਤਰੀਕਾ ਹੈ ਕਿ ਕੁਦਰਤ ਦੇ ਵਿਰੁੱਧ ਨਾ ਚੱਲਿਆ ਜਾਵੇ ਅਤੇ ਪਹਾੜੀ ਜੰਗਲ਼ਾਂ ਨੂੰ ਵੱਢਣਾ ਬੰਦ ਕਰ ਦਿੱਤਾ ਜਾਵੇ।

ਜੰਗਲ਼ ਦਾ ਪਾਣੀ ਨਾਲ਼ ਬੜਾ ਵੱਡਾ ਸੰਬੰਧ ਹੈ। ਜਿੱਥੇ ਪਾਣੀ ਜੰਗਲ਼ਾਂ ਨੂੰ ਉਗਾਉਂਦਾ ਹੈ ਤੇ ਹਰਾ-ਭਰਾ ਰੱਖਦਾ ਹੈ, ਉੱਥੇ ਜੰਗਲ਼ ਆਪਣੀ ਠੰਢੀ ਛਾਂ ਅਤੇ ਜੜ੍ਹਾਂ ਨਾਲ਼ ਪੋਲੀ ਕੀਤੀ ਧਰਤੀ ਵਿੱਚ ਪਾਣੀ ਦੀ ਦੌਲਤ ਨੂੰ ਬੜਾ ਸੰਭਾਲ਼ ਕੇ ਰੱਖਦੇ ਹਨ।

ਮਨੁੱਖ ਤਾਂ ਦਿਨੋ-ਦਿਨੋ ਜੰਗਲ਼ ਤੋਂ ਦੂਰ ਹੀ ਹੁੰਦਾ ਗਿਆ ਪਰ ਜੰਗਲ਼ੀ ਜਾਨਵਰਾਂ ਅਤੇ ਪੰਛੀਆਂ ਲਈ ਜੰਗਲ਼ ਹੀ ਘਰ ਦਾ ਕੰਮ ਦਿੰਦੇ ਹਨ। ਜੇ ਜੰਗਲ਼ ਨਾ ਹੋਣ ਤਾਂ ਪੰਛੀ ਘਟ ਜਾਣ ਅਤੇ ਸਾਡਾ ਜੀਵਨ ਪੰਛੀਆਂ ਦੀ ਰੰਗ-ਬਰੰਗੀ ਲੀਲ੍ਹਾ ਤੋਂ ਵਾਂਝਾ ਰਹਿ ਜਾਵੇ।

ਇੱਕ ਹੋਰ ਪਾਸਿਓਂ ਵੀ ਜੰਗਲ਼ਾਂ ਦਾ ਮਨੁੱਖੀ ਸਿਹਤ ਨਾਲ਼ ਸੰਬੰਧ ਹੈ। ਜੰਗਲ਼ਾਂ ਦੇ ਪੈਰਾਂ ਵਿੱਚ ਕੁਦਰਤ ਨੇ ਲੱਖਾਂ ਪ੍ਰਕਾਰ ਦੀਆਂ ਜੜ੍ਹੀਆਂ-ਬੂਟੀਆਂ ਉਗਾ ਰੱਖੀਆਂ ਹਨ। ਇਹਨਾਂ ਵਿੱਚੋਂ ਕਈ ਏਨੀਆਂ ਨਾਜ਼ਕ ਹੁੰਦੀਆਂ ਹਨ ਕਿ ਘਣੇ ਜੰਗਲ਼ਾਂ ਦੀ ਰੱਖਿਆ ਬਿਨਾਂ ਉਹ ਜਿਊਂਦੀਆਂ ਹੀ ਨਹੀਂ ਰਹਿ ਸਕਦੀਆਂ। ਸੋ, ਜੰਗਲ਼ ਇੱਕ ਤਰ੍ਹਾਂ ਦੇ ਕੁਦਰਤ ਦੇ ਬਣਾਏ ਹੋਏ ਵੱਡੇ ਹਸਪਤਾਲ ਹਨ ਜਿਨ੍ਹਾਂ ਵਿੱਚੋਂ ਸਿਆਣੇ ਮਨੁੱਖ ਸਾਲਾਂ-ਬੱਧੀ ਮਿਹਨਤ ਕਰਕੇ ਅਤੇ ਪੜਤਾਲਾਂ ਕਰ-ਕਰ ਕੇ ਮਨੁੱਖ ਦੇ ਰੋਗਾਂ ਨੂੰ ਕੱਟਣ ਵਾਲ਼ੀਆਂ ਜੜ੍ਹੀਆਂ-ਬੂਟੀਆਂ ਲਿਆਉਂਦੇ ਹਨ। ਤੁਹਾਨੂੰ ਸੰਜੀਵਨੀ ਬੂਟੀ ਦੀ ਕਹਾਣੀ ਯਾਦ ਹੋਵੇਗੀ ਜਿਸ ਨੂੰ ਹਨੂੰਮਾਨ ਇੱਕ ਦੂਰ ਦੇ ਪਹਾੜ ਤੋਂ ਪੁੱਟ ਕੇ ਲਿਆਇਆ ਸੀ ਅਤੇ ਜਿਸ ਦੇ ਲਾਉਣ ਸਾਰ ਲਛਮਣ ਜੀ ਦੇ ਫੱਟ ਠੀਕ ਹੋ ਗਏ ਸਨ।

ਜੰਗਲ਼ਾਂ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਉਹ ਮਨੁੱਖ ਨੂੰ ਰੁਜ਼ਗਾਰ ਦਿੰਦੇ ਹਨ। ਕਰੋੜਾਂ ਆਦਮੀ ਜੰਗਲ਼ ਅਤੇ ਉਹਨਾਂ ਵਿੱਚੋਂ ਪੈਦਾ ਹੋਈਆਂ ਚੀਜ਼ਾਂ ਸਦਕਾ ਕੰਮ ਲੱਗੇ ਹੋਏ ਹਨ। ਇੱਕ ਤੀਲ੍ਹਾਂ ਦੀਆਂ ਡੱਬੀਆਂ ਦਾ ਕਾਰਖ਼ਾਨਾ ਹੀ ਲੈ ਲਓ। ਦੁਨੀਆ ਦੇ ਲੱਖਾਂ ਆਦਮੀ ਪਹਾੜਾਂ ਤੋਂ ਆਈ ਚੀੜ੍ਹ ਦੀ ਲੱਕੜੀ ਸਦਕਾ ਇਹਨਾਂ ਕਾਰਖ਼ਾਨਿਆਂ ਵਿੱਚ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਜਿਸ ਕਾਗ਼ਜ਼ ਉੱਤੇ ਤੁਸੀਂ ਲਿਖਦੇ ਹੋ ਅਤੇ ਜਿਸ ਉੱਤੇ ਛਪੀਆਂ ਕਿਤਾਬਾਂ ਤੁਸੀਂ ਪੜ੍ਹਦੇ ਹੋ, ਇਹ ਵੀ ਜੰਗਲ਼ ਦੀ ਲੱਕੜੀ ਅਤੇ ਘਾਹ-ਫੂਸ ਤੋਂ ਵੱਡੀਆਂ-ਵੱਡੀਆਂ ਮਸ਼ੀਨਾਂ ਵਿੱਚ ਪੀਹ ਕੇ ਬਣਾਇਆ ਜਾਂਦਾ ਹੈ। ਇਹਨਾਂ ਤੋਂ ਹੀ ਅਨੇਕਾਂ ਆਦਮੀਆਂ ਦੀ ਰੋਜ਼ੀ ਚੱਲਦੀ ਹੈ। ਏਸੇ ਤਰ੍ਹਾਂ ਗੂੰਦ, ਲਾਖ, ਸ਼ਹਿਦ ਅਤੇ ਹੋਰ ਅਨੇਕਾਂ ਚੀਜ਼ਾਂ ਜੰਗਲ਼ਾਂ ਤੋਂ ਹੀ ਆਉਂਦੀਆਂ ਹਨ।

ਕੁਦਰਤ ਨੂੰ ਪਤਾ ਹੈ ਕਿ ਜੰਗਲ਼ ਕਿਸੇ ਹੱਦ ਤੋਂ ਵੱਧ ਨਹੀਂ ਹੋਣ ਦੇਣੇ। ਜਦ ਜੰਗਲ਼ ਲੋੜ ਤੋਂ ਵੱਧ ਫੈਲ ਜਾਣ ਤਾਂ ਕੁਦਰਤ ਉਹਨਾਂ ਨੂੰ ਆਪ ਹੀ ਜੰਗਲ਼ੀ ਅੱਗ ਨਾਲ਼ ਜੋ ਦਰਖ਼ਤਾਂ ਦੀ ਰਗੜ ਤੋਂ ਹੀ ਪੈਦਾ ਹੋ ਜਾਂਦੀ ਹੈ, ਸਾੜ ਕੇ ਘਟਾ ਦਿੰਦੀ ਹੈ ਜਾਂ ਵੱਡੇ ਤੇਜ਼ ਝੱਖੜਾਂ ਨਾਲ਼ ਉਹਨਾਂ ਨੂੰ ਉਖਾੜ ਕੇ ਸੁੱਟ ਦਿੰਦੀ ਹੈ ਅਤੇ ਸਮੇਂ ਨਾਲ਼ ਮਿੱਟੀ ਥੱਲੇ ਦੱਬ ਦਿੰਦੀ ਹੈ। ਕੁਝ ਚਿਰ ਪਾ ਕੇ ਇਹ ਦੱਬੇ ਹੋਏ ਜੰਗਲ਼ ਧਰਤੀ ਦੀ ਅੰਦਰਲੀ ਗੁੱਝੀ ਅੱਗ ਨਾਲ਼ ਸੜ ਕੇ ਕੋਲੇ ਦੀ ਖਾਣ ਵਿੱਚ ਬਦਲ ਜਾਂਦੇ ਹਨ। ਤੁਸੀਂ ਜਾਣਦੇ ਹੀ ਹੋ ਕਿ ਕੋਲਾ ਕਿੰਨੀ ਵੱਡੀ ਮਨੁੱਖੀ ਲੋੜ ਹੈ। ਅੱਜ-ਕੱਲ੍ਹ ਦੇ ਸਮੇਂ ਨੂੰ ਲੋਹੇ ਤੇ ਕੋਲੇ ਦਾ ਯੁੱਗ ਹੀ ਕਿਹਾ ਜਾਂਦਾ ਹੈ। ਜਿਸ ਦੇਸ ਵਿੱਚ ਕੋਲਾ ਨਹੀਂ, ਉਹ ਦੇਸ ਬਾਕੀ ਦੇਸਾਂ ਨਾਲ਼ੋਂ ਪਿੱਛੇ ਰਹਿ ਜਾਏਗਾ।

ਜੰਗਲ਼ਾਂ ਦੀ ਮਹੱਤਤਾ ਨੂੰ ਸਾਮ੍ਹਣੇ ਰੱਖ ਕੇ ਸਾਡੇ ਕਵੀਆਂ ਨੇ ਸਾਡੀਆਂ ਕਿੱਕਰਾਂ, ਬੇਰੀਆਂ ਅਤੇ ਸਾਡੇ ਪਿੱਪਲ਼ਾਂ ਤੇ ਬੋਹੜਾਂ ਦੇ ਗੁਣ ਗਾਏ ਹਨ ਅਤੇ ਉਹਨਾਂ ਦੀ ਰੱਖਿਆ ਲਈ ਮਿੱਠੇ ਗੀਤ ਲਿਖੇ ਹਨ।

## ਪਾਠ- ਅਭਿਆਸ

1. **ਠੀਕ ਉੱਤਰ ਅੱਗੇ (✔) ਦਾ ਨਿਸ਼ਾਨ ਲਾਓ :**

   1. **ਕਿਸੇ ਦੇਸ ਦੀ ਸਿਹਤ ਲਈ ਕੀ ਜ਼ਰੂਰੀ ਹੈ ?**

      (ੳ) ਧਨ-ਦੌਲਤ (ਅ) ਜੰਗਲ਼

      (ੲ) ਜਨ-ਸੰਖਿਆ

   2. **ਪਹਿਲਾਂ ਪਿੰਡਾਂ ਵਿੱਚ ਕੀ ਰਿਵਾਜ ਹੁੰਦਾ ਸੀ ?**

      (ੳ) ਰੁੱਖ ਲਾਉਣ ਦਾ (ਅ) ਕੋਠੀਆਂ ਪਾਉਣ ਦਾ

      (ੲ) ਕਾਰਾਂ ਖ਼ਰੀਦਣ ਦਾ

   3. **ਪਹਾੜੀਆਂ ਨੰਗੀਆਂ ਕਿਉਂ ਹੋ ਗਈਆਂ ?**

      (ੳ) ਹਨੇਰੀ ਨਾਲ਼ (ਅ) ਦਰਖ਼ਤ ਕੱਟਣ ਨਾਲ਼

      (ੲ) ਆਪਣੇ-ਆਪ

   4. **ਜੜ੍ਹੀਆਂ-ਬੂਟੀਆਂ ਕਿੱਥੇ ਉੱਗਦੀਆਂ ਹਨ ?**

      (ੳ) ਜੰਗਲ਼ਾਂ ਵਿੱਚ (ਅ) ਖੇਤਾਂ ਵਿੱਚ

      (ੲ) ਗਮਲਿਆਂ ਵਿੱਚ

2. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

   1. ਜੰਗਲ਼ ਕਿਉਂ ਜ਼ਰੂਰੀ ਹਨ ?
   2. ਅੰਨ ਦੇ ਸੰਕਟ ਦਾ ਜੰਗਲ਼ਾਂ 'ਤੇ ਕੀ ਅਸਰ ਹੋਇਆ ?
   3. ਮਾਰੂਥਲਾਂ ਵਿੱਚ ਵਰਖਾ ਘੱਟ ਕਿਉਂ ਹੁੰਦੀ ਹੈ ?
   4. ਜੰਗਲ਼ਾਂ ਦੀ ਲੱਕੜ ਕਿਹੜੀਆਂ ਲੋੜਾਂ ਪੂਰੀਆਂ ਕਰਦੀ ਹੈ ?
   5. ਕਵੀਆਂ ਨੇ ਕਿਹੜੇ-ਕਿਹੜੇ ਰੁੱਖਾਂ ਦੇ ਗੁਣ ਗਾਏ ਹਨ ?

3. **ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :**

   1. ਵੱਡੇ ਜੰਗਲ਼ਾਂ ਨੂੰ ਦੇਖ ਕੇ ਲੋਕ ਕੀ ਸੋਚਦੇ ਹਨ ?
   2. ਵੱਡੇ-ਵੱਡੇ ਸ਼ਹਿਰ ਬਣਾਉਣ ਨਾਲ਼ ਮਨੁੱਖੀ ਸਿਹਤ 'ਤੇ ਕੀ ਅਸਰ ਹੋਇਆ ?
   3. ਜੰਗਲ਼ੀ ਇਲਾਕਿਆਂ ਵਿੱਚ ਮੀਂਹ ਜ਼ਿਆਦਾ ਕਿਉਂ ਪੈਂਦਾ ਹੈ ?
   4. ਤਬਾਹੀ ਤੋਂ ਬਚਣ ਦਾ ਕੀ ਤਰੀਕਾ ਹੈ ?
   5. ਜੰਗਲ਼ ਕੁਦਰਤ ਦੇ ਬਣਾਏ ਹੋਏ ਹਸਪਤਾਲ ਹਨ, ਕਿਵੇਂ ?

4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਕੁਦਰਤ, ਖ਼ੁਸ਼ਹਾਲੀ, ਤਜਰਬਾ, ਰਿਵਾਜ, ਮਹੱਤਤਾ

5. ਖ਼ਾਲੀ ਥਾਂਵਾਂ ਭਰੋ :

1. ਜੰਗਲ਼ ਕੁਦਰਤ ਦੀ ਬਹੁਤ ਵੱਡੀ ________ ਹਨ।
2. ਮਾਰੂਥਲਾਂ ਉੱਤੇ ਬਹੁਤ ਘੱਟ ________ ਹੁੰਦੀ ਹੈ।
3. ਬਿਰਖਾਂ ਦੀਆਂ ਜੜ੍ਹਾਂ ਨਾਲ਼ ਧਰਤੀ ________ ਹੋ ਜਾਂਦੀ ਹੈ।
4. ਰੁੱਖ ਨੂੰ ਕੱਟਣਾ ________ ਸਮਝਿਆ ਜਾਂਦਾ ਸੀ।
5. ਅੱਜ-ਕੱਲ੍ਹ ਦੇ ਸਮੇਂ ਨੂੰ ________ ਤੇ ________ ਦਾ ਯੁੱਗ ਕਿਹਾ ਜਾਂਦਾ ਹੈ।

6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :

| | | ਹਿੰਦੀ | ਅੰਗਰੇਜ਼ੀ |
|---|---|---|---|
| 1. | ਬਿਰਖ | ________ | ________ |
| 2. | ਕਵੀ | ________ | ________ |
| 3. | ਕੁਦਰਤ | ________ | ________ |
| 4. | ਤਬਦੀਲੀ | ________ | ________ |
| 5. | ਖੇਤੀ-ਬਾੜੀ | ________ | ________ |

7. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :

1. ਸੇਹਤ ________
2. ਸ਼ੈਹਰ ________
3. ਵਾਜੂਮੰਡਲ ________
4. ਲਾਬ ________
5. ਜੁੱਗ ________

ਬੱਚਿਆਂ ਲਈ :

ਸਕੂਲ ਵਿੱਚ ਮਨਾਏ ਗਏ ਵਣ-ਮਹਾਂਉਤਸਵ ਸਮਾਗਮ ਬਾਰੇ ਕੁਝ ਸਤਰਾਂ ਲਿਖ ਕੇ ਅਧਿਆਪਕ ਜੀ ਨੂੰ ਦਿਖਾਓ।

***

ਪਾਠ-3

# ਰਾਣੀ ਸਾਹਿਬ ਕੌਰ



ਰਾਣੀ ਸਾਹਿਬ ਕੌਰ ਪੰਜਾਬ ਦੇ ਇਤਿਹਾਸ ਵਿੱਚ ਉਹ ਬਹਾਦਰ ਸ਼ੇਰਨੀ ਹੈ ਜਿਸ ਨੇ ਬਹੁਤ ਮੁਸ਼ਕਲ ਸਮੇਂ ਪੰਜਾਬ ਦੀ ਰਿਆਸਤ ਪਟਿਆਲ਼ਾ ਨੂੰ ਦੁਸ਼ਮਣਾਂ ਦੇ ਹੱਥੋਂ ਬਚਾਇਆ।

ਪਟਿਆਲ਼ੇ ਦੇ ਮਹਾਰਾਜਾ ਅਮਰ ਸਿੰਘ ਤੋਂ ਪਿੱਛੋਂ ਜਦੋਂ ਉਹਨਾਂ ਦਾ ਸਪੁੱਤਰ ਸਾਹਿਬ ਸਿੰਘ ਗੱਦੀ 'ਤੇ ਬੈਠਾ ਤਾਂ ਉਸ ਦੀ ਉਮਰ ਕੇਵਲ ਸੱਤ ਸਾਲ ਦੀ ਸੀ। ਸਿੱਟੇ ਵਜੋਂ ਰਿਆਸਤ ਦੀ ਵਾਗ-ਡੋਰ ਇੱਕ ਤੋਂ ਬਾਅਦ ਇੱਕ ਬੜੇ ਚਲਾਕ, ਧੋਖੇਬਾਜ਼ ਤੇ ਲੂਣ-ਹਰਾਮ ਵਜ਼ੀਰਾਂ ਦੇ ਹੱਥ ਆਉਂਦੀ ਰਹੀ ਜਿਸ ਕਾਰਨ ਰਿਆਸਤ ਦੀ ਹਾਲਤ ਦਿਨੋ-ਦਿਨ ਨਿੱਘਰਦੀ ਗਈ।

ਮਹਾਰਾਜਾ ਅਮਰ ਸਿੰਘ ਦੀ ਵੱਡੀ ਸਪੁੱਤਰੀ ਬੀਬੀ ਸਾਹਿਬ ਕੌਰ ਫ਼ਤਿਹਗੜ੍ਹ ਦੇ ਸਰਦਾਰ ਜੈਮਲ ਸਿੰਘ ਨਾਲ਼ ਵਿਆਹੀ ਹੋਈ ਸੀ । ਰਾਣੀ ਸਾਹਿਬ ਕੌਰ ਨੇ ਆਪਣੇ ਪੇਕਿਆਂ ਦੀ ਰਿਆਸਤ ਦਾ ਜਦੋਂ ਇਹ ਹਾਲ ਸੁਣਿਆ ਤਾਂ ਉਸ ਦਾ ਦਿਲ ਕੰਬ ਉੱਠਿਆ। ਉਸ ਵਿੱਚ ਇੱਕ ਚੰਗੇ ਪ੍ਰਬੰਧਕ ਵਾਲ਼ੇ ਸਾਰੇ ਗੁਣ ਸਨ ਤੇ ਇਸ ਦੇ ਨਾਲ਼ ਦੇਸ ਪ੍ਰਤਿ ਪ੍ਰੇਮ ਵੀ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਪਟਿਆਲ਼ੇ ਨਾਲ਼ ਇੱਕ ਤਾਂ ਪੇਕਿਆਂ ਦੇ ਰਿਸ਼ਤੇ ਕਾਰਨ ਮੋਹ, ਦੂਸਰਾ ਕੌਮ ਦੀ ਰਿਆਸਤ ਤੇ ਤੀਜਾ ਸਾਹਿਬ ਸਿੰਘ ਨਾਲ਼ ਭੈਣ ਦਾ ਪਿਆਰ। ਇਹਨਾਂ ਖ਼ਿਆਲਾਂ ਨੇ ਉਸ ਨੂੰ ਟਿਕ ਕੇ ਨਾ ਬੈਠਣ ਦਿੱਤਾ। ਉਸ ਨੇ ਸਾਰੀ ਗੱਲ ਆਪਣੇ ਪਤੀ ਸਰਦਾਰ ਜੈਮਲ ਸਿੰਘ ਨਾਲ਼ ਸਾਂਝੀ ਕੀਤੀ ਅਤੇ ਪਟਿਆਲ਼ੇ ਜਾਣ ਦੀ ਆਗਿਆ ਮੰਗੀ। ਸਰਦਾਰ ਜੈਮਲ ਸਿੰਘ ਵੀ ਹਾਲਤ ਤੋਂ ਅਨਜਾਣ ਨਹੀਂ ਸੀ। ਉਹ ਅਜਿਹੀ ਸਥਿਤੀ ਵਿੱਚ ਨਾਂਹ ਨਾ ਕਰ ਸਕੇ।

ਰਾਣੀ ਸਾਹਿਬ ਕੌਰ ਪਟਿਆਲ਼ੇ ਆ ਗਏ। ਉਸ ਨੇ ਰਿਆਸਤ ਤੇ ਅਮੀਰਾਂ-ਵਜ਼ੀਰਾਂ ਤੇ ਦਰਬਾਰੀ ਸਰਦਾਰਾਂ ਨੂੰ ਇਕੱਠਿਆਂ ਕੀਤਾ। ਰਿਆਸਤ ਦੀ ਸਾਰੀ ਹਾਲਤ ਦੱਸੀ ਤੇ ਪ੍ਰਬੰਧ ਦੀ ਵਾਗ-ਡੋਰ ਆਪਣੇ ਹੱਥਾਂ ਵਿੱਚ ਲੈ ਲਈ। ਹਰ ਇੱਕ ਮਹਿਕਮੇ ਦੀ ਦੇਖ-ਭਾਲ਼ ਆਪਣੀ ਨਿਗਰਾਨੀ ਹੇਠ ਕਰਨੀ ਸ਼ੁਰੂ ਕਰ ਦਿੱਤੀ। ਰਾਜ ਦੇ ਸਾਰੇ ਅੰਦਰਲੇ ਪ੍ਰਬੰਧ ਨੂੰ ਠੀਕ ਤਰ੍ਹਾਂ ਸੁਧਾਰਿਆ। ਵੱਢੀਖ਼ੋਰ ਸਰਦਾਰਾਂ ਨੂੰ ਸਜ਼ਾਵਾਂ ਦਿੱਤੀਆਂ। ਦੋ ਸਾਲ ਦੀ ਕਠਨ ਮਿਹਨਤ ਦੇ ਪਿੱਛੋਂ ਬੀਬੀ ਸਾਹਿਬ ਕੌਰ ਦੀ ਅਕਲਮੰਦੀ ਤੇ ਬਹਾਦਰੀ ਨਾਲ਼ ਰਿਆਸਤ ਦੇ ਸਾਰੇ ਪ੍ਰਬੰਧ ਠੀਕ ਹੋ ਗਏ।

ਪਰ ਇਸੇ ਸਮੇਂ ਜੀਂਦ ਦੀ ਰਿਆਸਤ ਉੱਤੇ ਅੰਗਰੇਜ਼ ਅਫ਼ਸਰ ਟਾਮਸਨ ਨੇ ਹਮਲਾ ਕਰ ਦਿੱਤਾ। ਭਾਵੇਂ ਜੀਂਦ ਦੇ ਮਹਾਰਾਜੇ ਦੀ ਫ਼ੌਜ ਨੇ ਮੁਕਾਬਲਾ ਤਾਂ ਬਹੁਤ ਕੀਤਾ ਪਰ ਟਾਮਸਨ ਦੀ ਫ਼ੌਜ ਗਿਣਤੀ ਵਿੱਚ ਵੀ ਜ਼ਿਆਦਾ ਸੀ ਤੇ ਸਿੱਖੀ ਹੋਈ ਵੀ ਸੀ। ਬੀਬੀ ਸਾਹਿਬ ਕੌਰ ਨੂੰ ਜਦੋਂ ਸਿੱਖ ਰਿਆਸਤ ਜੀਂਦ ਦੇ ਖੁੱਸ ਜਾਣ ਦੀ ਖ਼ਬਰ ਮਿਲ਼ੀ ਤਾਂ ਉਸ ਦਾ ਖ਼ੂਨ ਖੌਲ ਉੱਠਿਆ। ਉਸ ਨੇ ਉਸੇ ਸਮੇਂ ਆਪਣੇ ਫ਼ੌਜੀ ਅਫ਼ਸਰਾਂ ਨੂੰ ਬੁਲਾਇਆ ਤੇ ਫ਼ੌਜ ਤਿਆਰ ਕਰਕੇ ਤੇ ਭਾਰੀ ਲਸ਼ਕਰ ਲੈ ਕੇ ਆਪ ਜੀਂਦ ਪਹੁੰਚੀ। ਟਾਮਸਨ ਆਪਣੇ ਵੱਲੋਂ ਜੀਂਦ ਨੂੰ ਲਗ-ਪਗ ਜਿੱਤ ਚੁੱਕਾ ਸੀ ਪਰ ਸਾਹਿਬ ਕੌਰ ਨੂੰ ਪਹੁੰਚਦਿਆਂ ਦੇਖ ਕੇ ਉਸ ਨੂੰ ਸਾਰੀ ਬਣੀ-ਬਣਾਈ ਖੇਡ ਵਿਗੜਦੀ ਜਾਪੀ। ਸਾਹਿਬ ਕੌਰ ਦੇ ਹੁਕਮ ਨਾਲ਼ ਉਸ ਦੀ ਫ਼ੌਜ ਨੇ ਟਾਮਸਨ ਦੀ ਫ਼ੌਜ 'ਤੇ ਹਮਲਾ ਕਰ ਦਿੱਤਾ। ਟਾਮਸਨ ਦੀ ਫ਼ੌਜ ਨੂੰ ਭੱਜ ਜਾਣ ਤੋਂ ਬਿਨਾਂ ਕੋਈ ਰਾਹ ਨਾ ਲੱਭਿਆ।

1794 ਦੇ ਸਿਆਲ਼ ਦੀ ਰੁੱਤ ਸੀ। ਰਿਆਸਤ ਦਾ ਕੰਮ ਅਰਾਮ ਨਾਲ਼ ਚੱਲ ਰਿਹਾ ਸੀ। ਫਿਰ ਅਚਾਨਕ ਇੱਕ ਦਿਨ ਹਰਕਾਰਾ ਰਾਜ-ਮਹੱਲ ਵਿੱਚ ਆਇਆ। ਉਸ ਨੇ ਰਾਣੀ ਸਾਹਿਬ ਕੌਰ ਨੂੰ ਦੱਸਿਆ ਕਿ ਅੰਟਾ ਰਾਓ ਮਰਹੱਟੇ ਦਾ ਖ਼ਿਆਲ ਪਟਿਆਲ਼ੇ ਉੱਤੇ ਅਚਨਚੇਤ ਹਮਲਾ ਕਰਨ ਦਾ ਹੈ ਤੇ ਉਹ ਰਿਆਸਤ ਪਟਿਆਲ਼ਾ ਵੱਲ ਵਧਦੇ ਆ ਰਹੇ ਹਨ।

ਬੀਬੀ ਸਾਹਿਬ ਕੌਰ ਦਾ ਖ਼ੂਨ ਉਬਾਲ਼ੇ ਖਾਣ ਲੱਗਾ। ਉਸ ਨੇ ਇੱਕ ਸ਼ਾਹੀ ਦਰਬਾਰ ਲਾਇਆ। ਸਾਰੀ ਗੱਲ ਸਰਦਾਰਾਂ ਤੇ ਦਰਬਾਰੀਆਂ ਨਾਲ਼ ਕੀਤੀ ਤੇ ਦਰਬਾਰੀਆਂ ਦਾ ਧਿਆਨ ਆਪਣੇ ਵੱਲ ਕਰਦਿਆਂ ਫ਼ਰਮਾਇਆ :

"ਮੇਰੇ ਪਿਆਰੇ ਭਰਾਵੋ! ਪਹਿਲਾਂ ਵੀ ਨਾਨੂੰ ਮੱਲ ਵਜ਼ੀਰ ਦੀਆਂ ਸ਼ਤਰੰਜ ਦੀਆਂ ਚਾਲਾਂ ਕਾਰਨ ਮਰਹੱਟਿਆਂ ਦੇ ਮੂੰਹ ਨੂੰ ਲਹੂ ਲੱਗ ਚੁੱਕਿਆ ਸੀ। ਰਿਆਸਤ ਪਟਿਆਲ਼ਾ ਨੂੰ ਵੇਖ ਕੇ ਉਹਨਾਂ ਦੇ ਮੂੰਹ ਵਿੱਚ ਪਾਣੀ ਭਰ ਆਇਆ ਹੈ। ਇਹੋ ਕਾਰਨ ਹੈ ਕਿ ਉਹ ਨਿੱਤ ਨਵੇਂ ਸੂਰਜ ਪਟਿਆਲ਼ਾ ਵੱਲ ਵਧਦੇ ਆ ਰਹੇ ਹਨ। ਉਹਨਾਂ ਦੀ ਇਹ ਮਰਜ਼ੀ ਹੈ ਕਿ ਇੱਥੋਂ ਦਾ ਸਾਰਾ ਮਾਲ-ਅਸਬਾਬ ਕਾਬੂ ਕਰ ਲੈਣ; ਸਾਡੀ ਸੁਤੰਤਰਤਾ ਖੋਹ ਲੈਣ ਤੇ ਇਸ ਰਿਆਸਤ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜ ਦਿੱਤਾ ਜਾਵੇ....ਜੇ ਤੁਸੀਂ ਆਪਣੀ ਇੱਜ਼ਤ ਬਚਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਦਾ ਮੁੱਲ ਕੁਰਬਾਨੀ ਦੀ ਸ਼ਕਲ ਵਿੱਚ ਦੇਣਾ ਪਵੇਗਾ.... ਆਓ, ਇਕੱਠੇ ਹੋ ਕੇ ਆਪਣੀ ਇੱਜ਼ਤ ਤੇ ਕੌਮ ਦੀ ਇੱਜ਼ਤ ਲਈ ਧਰਮ-ਯੁੱਧ ਵਿੱਚ ਜੂਝੀਏ। ਇਸ ਸਮੇਂ ਮੇਰਾ ਤੇ ਤੁਹਾਡਾ ਸਭ ਦੇ ਇਮਤਿਹਾਨ ਦਾ ਵਕਤ ਹੈ.....।"

ਸਾਹਿਬ ਕੌਰ ਦਾ ਲੰਮਾ ਭਾਸ਼ਣ ਸੁਣ ਕੇ ਦਰਬਾਰੀਆਂ ਦਾ ਖ਼ੂਨ ਖੌਲ ਉੱਠਿਆ। ਦੇਸ-ਪਿਆਰ ਦੇ ਵਲਵਲੇ ਜਾਗ ਉੱਠੇ ਤੇ ਉਹ ਸਭ ਜੰਗ ਲਈ ਤਿਆਰ ਹੋ ਗਏ।

ਮਰਦਾਂਪੁਰ ਦੀ ਥਾਂ 'ਤੇ ਇੱਕ ਪਾਸੇ ਅੰਟਾ ਰਾਓ ਤੇ ਲਛਮਣ ਰਾਓ ਮਰਹੱਟੇ ਸਰਦਾਰ 30 ਹਜ਼ਾਰ ਤੱਕ ਦੀ ਗਿਣਤੀ ਦੀ ਹਥਿਆਰਬੰਦ ਫ਼ੌਜ ਲੈ ਕੇ ਆ ਗਏ, ਦੂਜੇ ਪਾਸੇ ਸਾਹਿਬ ਕੌਰ ਦੀ ਫ਼ੌਜ ਦੇ ਸੱਤ ਹਜ਼ਾਰ ਦੇਸ-ਭਗਤ ਸਿਰ ਤਲੀ 'ਤੇ ਰੱਖ, ਮੈਦਾਨੇ-ਜੰਗ ਵਿੱਚ ਆ ਡਟੇ।

ਤਲਵਾਰਾਂ ਮਿਆਨ ਵਿੱਚੋਂ ਕੱਢਣ ਤੋਂ ਪਹਿਲਾਂ ਸਾਹਿਬ ਕੌਰ ਨੇ ਮਰਹੱਟੇ ਸਰਦਾਰ ਵੱਲ ਹਰਕਾਰਾ ਭੇਜ ਕੇ ਇੱਕ ਸੁਨੇਹਾ ਦਿੱਤਾ, ਜੋ ਇਸ ਤਰ੍ਹਾਂ ਸੀ :

"ਪਟਿਆਲ਼ਾ ਇੱਕ ਸਿੱਖ ਰਿਆਸਤ ਹੈ ਜਿਸ ਦੀ ਇੱਜ਼ਤ ਅਤੇ ਕੌਮੀ ਅਣਖ ਇਸ ਗੱਲ ਦੀ ਆਗਿਆ ਨਹੀਂ ਦੇ ਸਕਦੀ ਕਿ ਬਿਨਾਂ ਕਿਸੇ ਕਾਰਨ ਦੇ ਉਸ ਦੀ ਪਰਜਾ ਨੂੰ ਤੰਗ ਕੀਤਾ ਜਾਵੇ, ਨਾਹੱਕ ਲੁੱਟਿਆ-ਪੁੱਟਿਆ ਜਾਵੇ ਅਤੇ ਅਸੀਂ ਚੁੱਪ-ਚਾਪ ਬੈਠੇ ਰਹੀਏ। ਇਸ ਵਕਤ ਤੁਹਾਡੇ ਵਾਸਤੇ ਦੋ ਹੀ ਗੱਲਾਂ ਹਨ ਕਿ ਜਾਂ ਤਾਂ ਤੁਸੀਂ ਆਪਣੀ ਫ਼ੌਜ ਵਾਪਸ ਲੈ ਜਾਓ ਜਾਂ ਮੈਦਾਨ ਵਿੱਚ ਨਿੱਤਰ ਕੇ ਦੋ ਹੱਥ ਦਿਖਾਓ ਤੇ ਦੇਖੋ.....।"

ਹਰਕਾਰੇ ਨੇ ਇਹ ਚਿੱਠੀ ਅੰਟਾ ਰਾਓ ਨੂੰ ਦਿੱਤੀ ਤੇ ਉਸ ਨੇ ਪੜ੍ਹ ਕੇ ਲਛਮਣ ਰਾਓ ਦੇ ਹਵਾਲੇ ਕਰ ਦਿੱਤੀ। ਉਹਨਾਂ ਦੋਹਾਂ ਨੂੰ ਪਹਿਲਾਂ ਵਾਂਗ ਨਾਨੂੰ ਮੱਲ ਦੇ ਦਿਵਾਏ ਭਰੋਸਿਆਂ 'ਤੇ ਹੀ ਯਕੀਨ ਸੀ। ਉਹਨਾਂ ਨੇ ਸੋਚਿਆ ਕਿ ਆਖ਼ਰ ਰਿਆਸਤ ਦੀ ਪ੍ਰਬੰਧਕ ਇੱਕ ਇਸਤਰੀ ਹੀ ਹੈ ਨਾ, ਉਹ ਸਾਡੀ ਏਨੀ ਫ਼ੌਜ ਦਾ ਕਿੱਥੇ ਮੁਕਾਬਲਾ ਕਰ ਸਕਦੀ ਹੈ ?

ਮਰਹੱਟੇ ਸਰਦਾਰਾਂ ਨੇ ਜੰਗ ਦਾ ਬਿਗਲ ਵਜਾਉਣ ਦਾ ਹੁਕਮ ਦਿੱਤਾ। ਦੋਂਹੀਂ ਪਾਸੇ ਤਲਵਾਰਾਂ ਲਿਸ਼ਕੀਆਂ, ਤੀਰਾਂ ਦਾ ਤੀਰਾਂ ਨਾਲ਼, ਤਲਵਾਰਾਂ ਦਾ ਤਲਵਾਰਾਂ ਨਾਲ਼, ਸਵਾਰਾਂ ਦਾ ਸਵਾਰਾਂ ਨਾਲ਼ ਮੁਕਾਬਲਾ ਹੋਇਆ। ਤੀਜੇ ਪਹਿਰ ਤੱਕ ਬਹੁਤ ਭਿਆਨਕ ਹਾਲਤ ਹੋ ਗਈ ਸੀ। ਮੈਦਾਨ ਲਾਸ਼ਾਂ ਨਾਲ਼ ਭਰਿਆ ਪਿਆ ਸੀ ਪਰ ਅਜੇ ਵੀ ਦੋਂਹਾਂ ਪਾਸਿਆਂ ਤੋਂ ਜੋਸ਼ ਠਾਠਾਂ ਮਾਰ ਰਿਹਾ ਸੀ। ਦਿਨ ਢਲ਼ਨ ਲੱਗਾ। ਅੰਟਾ ਰਾਓ ਨੂੰ ਫ਼ੌਜ ਦਾ ਦਿਲ ਟੁੱਟਦਾ ਦਿਸਿਆ। ਉਸ ਨੇ ਫ਼ੌਜ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਹਲਾਸ਼ੇਰੀ ਦਿੱਤੀ। ਮਰਦਾਂਪੁਰ ਦੀ ਭੂਮੀ ਇੱਕ ਵਾਰ ਫਿਰ ਪਰਲੋ ਦਾ ਨਮੂਨਾ ਬਣ ਗਈ। ਇੱਕ ਪਾਸੇ ਮਰਹੱਟੇ ਆਪਣੇ ਨਾਮ ਦੀ ਲਾਜ ਰੱਖਣ ਲਈ ਮਰ ਕੇ ਵੀ ਪਿੱਛੇ ਨਾ ਹਟਣ ਦਾ ਪ੍ਰਣ ਕਰੀ ਬੈਠੇ ਸਨ ਤੇ ਦੂਜੇ ਪਾਸੇ ਸਰਦਾਰ ਆਪਣੀ ਕੌਮ ਦੀ ਆਨ ਤੇ ਸ਼ਾਨ ਕਾਇਮ ਰੱਖਣ ਲਈ ਸਿਰ ਤਲ਼ੀ 'ਤੇ ਰੱਖ ਕੇ ਲੜ ਰਹੇ ਸਨ। ਚਾਰੇ ਪਾਸੇ ਲੋਥਾਂ ਹੀ ਲੋਥਾਂ ਸਨ।

ਦੋਂਹਾਂ ਧਿਰਾਂ ਦੀ ਸਿਰ-ਧੜ ਦੀ ਬਾਜ਼ੀ ਲੱਗੀ ਹੋਈ ਸੀ। ਆਖ਼ਰ ਸੰਝ ਹੋਣ 'ਤੇ ਲੜਾਈ ਮੱਠੀ ਪੈ ਗਈ। ਸਾਹਿਬ ਕੌਰ ਨੇ ਸਰਦਾਰਾਂ ਨਾਲ਼ ਸਲਾਹ ਕੀਤੀ ਤੇ ਇੱਕ ਰਾਹ ਦੱਸਿਆ ਕਿ ਹੁਣ ਵੈਰੀ ਥੱਕੇ-ਟੁੱਟੇ ਹਨ। ਹੁਣ ਉਹ ਆਪਣੇ ਖੇਮਿਆਂ ਵਿੱਚ ਬੇਸੁਰਤ ਪਏ ਹਨ। ਜੇ ਰਾਤ ਨੂੰ ਛਾਪਾ ਮਾਰਿਆ ਜਾਵੇ ਤਾਂ ਦੁਸ਼ਮਣ ਨਾ ਨੱਸਣ ਜੋਗਾ, ਨਾ ਖੜ੍ਹਨ ਜੋਗਾ ਰਹੇਗਾ। ਸਰਦਾਰਾਂ ਨੇ ਇਸ ਸਲਾਹ ਨੂੰ ਸਿਰ-ਮੱਥੇ ਮੰਨਿਆ।

ਅੱਧੀ ਰਾਤ ਦਾ ਸਮਾਂ ਸੀ। ਅਚਨਚੇਤ ਨਗਾਰੇ 'ਤੇ ਚੋਟ ਮਾਰੀ ਗਈ। ਜੈਕਾਰੇ ਬੁਲਾਏ ਗਏ। ਸਾਹਿਬ ਕੌਰ ਦੀ ਫ਼ੌਜ ਤੂਫ਼ਾਨ ਵਾਂਗ ਵਧੀ। ਵੈਰੀ ਦੇ ਖੇਮਿਆਂ ਵਿੱਚ ਅੱਧੀ ਰਾਤ ਨੂੰ ਹੋਏ ਇਸ ਅਚਾਨਕ ਹਮਲੇ ਕਾਰਨ ਭਗਦੜ ਮੱਚ ਗਈ।

ਉਸ ਦੀ ਫ਼ੌਜ ਭੁੱਖੇ ਸ਼ੇਰ ਵਾਂਗ ਗੱਜੀ। ਇੱਕ ਘੰਟੇ ਦੀ ਲਗਾਤਾਰ ਲੜਾਈ ਨਾਲ਼ ਮਰਹੱਟਿਆਂ ਦੇ ਪੈਰ ਉੱਖੜ ਗਏ ਤੇ ਉਹ ਮੈਦਾਨ ਛੱਡ ਕੇ ਨੱਸ ਗਏ। ਜਿੱਤ ਸਾਹਿਬ ਕੌਰ ਦੀ ਹੋਈ। ਦਿਨ ਚੜ੍ਹੇ ਰਾਣੀ ਸਾਹਿਬ ਕੌਰ ਦੀ ਫ਼ੌਜ ਦੇ ਸਿਪਾਹੀ ਰਣਜੀਤ ਨਗਾਰਾ ਵਜਾਉਂਦੇ ਪਟਿਆਲ਼ੇ ਪਹੁੰਚੇ। ਸਾਹਿਬ ਕੌਰ ਦੀ ਬਹਾਦਰੀ ਦੀਆਂ ਧੁੰਮਾਂ ਪੈ ਚੁੱਕੀਆਂ ਸਨ।

ਇਸ ਤਰ੍ਹਾਂ ਬਹਾਦਰ ਸਿੰਘਣੀ ਨੇ ਸਿੱਖ ਧਰਮ ਦੀ ਤੇ ਦੇਸ ਦੀ ਇੱਜ਼ਤ ਬਚਾ ਲਈ। ਉਸ ਨੇ ਮਰਹੱਟਿਆਂ ਨਾਲ਼ ਟੱਕਰ ਲੈ ਕੇ ਇਹ ਸਿੱਧ ਕਰ ਦਿੱਤਾ ਕਿ ਇਸ ਦੇਸ ਦੇ ਤੇ ਇਸ ਕੌਮ ਦੇ ਮਰਦ ਹੀ ਬਹਾਦਰ ਨਹੀਂ ਸਗੋਂ ਔਰਤਾਂ ਵੀ ਕਿਸੇ ਗੱਲੋਂ ਪਿੱਛੇ ਨਹੀਂ ਹਨ। ਬੀਬੀ ਸਾਹਿਬ ਕੌਰ ਦਾ ਨਾਂ ਪਟਿਆਲ਼ੇ ਦੇ ਰਾਜ-ਘਰਾਣੇ ਦੀਆਂ ਬਹਾਦਰ ਮਹਾਰਾਣੀਆਂ ਵਿੱਚੋਂ ਸਭ ਤੋਂ ਪਹਿਲਾਂ ਲਿਆ ਜਾਂਦਾ ਹੈ।

## ਪਾਠ-ਅਭਿਆਸ

1. **ਦੱਸੋ :**

(ੳ) ਕਿਹੜੇ ਖ਼ਿਆਲਾਂ ਨੇ ਰਾਣੀ ਸਾਹਿਬ ਕੌਰ ਨੂੰ ਟਿਕ ਕੇ ਨਾ ਬੈਠਣ ਦਿੱਤਾ ?

(ਅ) ਬੀਬੀ ਸਾਹਿਬ ਕੌਰ ਨੇ ਪਟਿਆਲ਼ੇ ਆ ਕੇ ਰਿਆਸਤ ਦੇ ਪ੍ਰਬੰਧ ਨੂੰ ਕਿਵੇਂ ਠੀਕ ਕੀਤਾ ?

(ੲ) ਮਰਹੱਟਿਆਂ ਦਾ ਮੁਕਾਬਲਾ ਕਰਨ ਲਈ ਰਾਣੀ ਸਾਹਿਬ ਕੌਰ ਨੇ ਆਪਣੇ ਭਾਸ਼ਣ ਵਿੱਚ ਕੀ ਕੁਝ ਕਿਹਾ ?

(ਸ) ਰਾਣੀ ਸਾਹਿਬ ਕੌਰ ਨੇ ਮਰਹੱਟਿਆਂ ਦੀ ਫ਼ੌਜ ਨੂੰ ਕਿਸ ਤਰ੍ਹਾਂ ਹਰਾਇਆ ?

(ਹ) ਪਾਠ ਦੇ ਆਧਾਰ 'ਤੇ ਰਾਣੀ ਸਾਹਿਬ ਕੌਰ ਦਾ ਜੀਵਨ ਆਪਣੇ ਸ਼ਬਦਾਂ ਵਿੱਚ ਲਿਖੋ।

2. **(ੳ) ਹੇਠਾਂ ਪੰਜਾਬੀ ਤੇ ਹਿੰਦੀ ਦੇ ਇੱਕ ਅਰਥ ਰੱਖਦੇ ਵੱਖਰੇ- ਵੱਖਰੇ ਸ਼ਬਦ ਦਿੱਤੇ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਤੇ ਸਮਝੋ :**

| | | |
|---|---|---|
| ਕੰਬਣਾ | – | कांपना |
| ਪੇਕੇ | – | मायका |
| ਅਣਖ | – | अहम् |
| ਵੱਢੀਖ਼ੋਰ | – | रिश्वतखोर |
| ਲੂਣ-ਹਰਾਮ | – | नमक हराम |
| ਲਾਜ | – | शर्म |
| ਹਮਲਾ | – | आक्रमण |

3. **ਹੇਠਾਂ ਦਿੱਤੇ ਸ਼ਬਦ ਗੁਰਮੁਖੀ ਤੇ ਦੇਵਨਾਗਰੀ ਦੋਂਹਾਂ ਲਿਪੀਆਂ ਵਿੱਚ ਲਿਖੇ ਹਨ। ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ :**

| | | |
|---|---|---|
| ਉੱਬਲਣਾ | – | उबलना |
| ਸੰਝ | – | शाम |
| ਵਾਗ-ਡੋਰ | – | बागडोर |
| ਬਿਗਲ | – | बिगुल |

1. **ਠੀਕ ਉੱਤਰ ਅੱਗੇ (✔) ਦਾ ਨਿਸ਼ਾਨ ਲਾਓ :**

1. **ਰਾਣੀ ਸਾਹਿਬ ਕੌਰ ਕਿੱਥੇ ਆ ਗਏ ?**

(ੳ) ਜੀਂਦ (ਅ) ਪਟਿਆਲ਼ਾ (ੲ) ਫ਼ਤਿਹਗੜ੍ਹ

2. **ਟਾਮਸਨ ਨੇ ਕਿਹੜੀ ਰਿਆਸਤ ਉੱਤੇ ਹਮਲਾ ਕੀਤਾ ?**

(ੳ) ਪਟਿਆਲ਼ਾ (ਅ) ਫ਼ਤਿਹਗੜ੍ਹ

(ੲ) ਜੀਂਦ

3. **ਮਰਹੱਟੇ ਸਰਦਾਰਾਂ ਦੀ ਫ਼ੌਜ ਕਿੰਨੀ ਸੀ ?**

(ੳ) ਤੀਹ ਹਜ਼ਾਰ (ਅ) ਸੱਤ ਹਜ਼ਾਰ

(ੲ) ਦਸ ਹਜ਼ਾਰ

4. **ਰਾਣੀ ਸਾਹਿਬ ਕੌਰ ਅਤੇ ਮਰਹੱਟੇ ਸਰਦਾਰਾਂ ਦਰਮਿਆਨ ਯੁੱਧ ਕਿਸ ਸਥਾਨ 'ਤੇ ਹੋਇਆ ?**

(ੳ) ਜੀਂਦ (ਅ) ਪਟਿਆਲ਼ਾ

(ੲ) ਮਰਦਾਂਪੁਰ

5. **ਰਾਣੀ ਸਾਹਿਬ ਕੌਰ ਦੀ ਫ਼ੌਜ ਦੀ ਕਿੰਨੀ ਗਿਣਤੀ ਸੀ ?**

(ੳ) ਸੱਤ ਹਜ਼ਾਰ (ਅ) ਤੀਹ ਹਜ਼ਾਰ

(ੲ) ਅਠਾਰਾਂ ਹਜ਼ਾਰ

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

1. ਮਹਾਰਾਜਾ ਅਮਰ ਸਿੰਘ ਤੋਂ ਬਾਅਦ ਗੱਦੀ 'ਤੇ ਕੌਣ ਬੈਠਾ ?
2. ਰਾਣੀ ਸਾਹਿਬ ਕੌਰ ਕਿੱਥੇ ਵਿਆਹੀ ਹੋਈ ਸੀ ?
3. ਪਟਿਆਲ਼ਾ ਰਿਆਸਤ ਵੱਲ ਕੌਣ ਵਧਦੇ ਆ ਰਹੇ ਸਨ ?
4. ਮਰਦਾਂਪੁਰ ਵਿਖੇ ਕਿਹੜੀਆਂ ਧਿਰਾਂ ਦਰਮਿਆਨ ਮੁਕਾਬਲਾ ਹੋਇਆ ?
5. ਮਰਹੱਟਿਆਂ ਨੂੰ ਕਿਸ ਨੇ ਹਰਾਇਆ ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

1. ਕਿਹੜੇ ਖ਼ਿਆਲਾਂ ਨੇ ਰਾਣੀ ਸਾਹਿਬ ਕੌਰ ਨੂੰ ਟਿਕ ਕੇ ਨਾ ਬੈਠਣ ਦਿੱਤਾ ?
2. ਰਾਣੀ ਸਾਹਿਬ ਕੌਰ ਨੇ ਪਟਿਆਲ਼ਾ ਰਿਆਸਤ ਦਾ ਪ੍ਰਬੰਧ ਕਿਵੇਂ ਚਲਾਇਆ ?
3. ਹਰਕਾਰੇ ਨੇ ਕੀ ਸੂਚਨਾ ਦਿੱਤੀ ?
4. ਮਰਹੱਟਿਆਂ ਦਾ ਮੁਕਾਬਲਾ ਕਰਨ ਲਈ ਰਾਣੀ ਸਾਹਿਬ ਕੌਰ ਨੇ ਆਪਣੇ ਭਾਸ਼ਣ ਵਿੱਚ ਕੀ ਕਿਹਾ ?
5. ਰਾਣੀ ਸਾਹਿਬ ਕੌਰ ਦੀ ਜਿੱਤ ਨੇ ਕੀ ਸਿੱਧ ਕਰ ਦਿੱਤਾ ?

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਪ੍ਰਬੰਧਕ, ਨਿਗਰਾਨੀ, ਅਚਨਚੇਤ, ਸਲਾਹ, ਬਹਾਦਰੀ

## 5. ਖ਼ਾਲੀ ਥਾਂਵਾਂ ਭਰੋ :

1. ਰਾਣੀ ਸਾਹਿਬ ਕੌਰ ________ ਦੇ ਸਰਦਾਰ ________ ਨਾਲ਼ ਵਿਆਹੀ ਹੋਈ ਸੀ ?
2. ਰਾਣੀ ਸਾਹਿਬ ਕੌਰ ________ ਆ ਗਈ।
3. ਬੀਬੀ ਸਾਹਿਬ ਕੌਰ ਦਾ ________ ਉਬਾਲ਼ੇ ਖਾਣ ਲੱਗਾ।
4. ਦੋਂਹਾਂ ਧਿਰਾਂ ਦੀ ________ ਦੀ ________ ਲੱਗੀ ਹੋਈ ਸੀ।
5. ਬਹਾਦਰ ਸਿੰਘਣੀ ਨੇ ਸਿੱਖ ਧਰਮ ਤੇ ਦੇਸ ਦੀ ________ ਬਚਾ ਲਈ।

## 6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :

| | | ਹਿੰਦੀ | ਅੰਗਰੇਜ਼ੀ |
|---|---|---|---|
| 1. | ਬਹਾਦਰ | ________ | ________ |
| 2. | ਖ਼ਬਰ | ________ | ________ |
| 3. | ਖ਼ੂਨ | ________ | ________ |
| 4. | ਲੋਥ | ________ | ________ |
| 5. | ਫ਼ੌਜ | ________ | ________ |

## (ਕ) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :

1. ਪਰਬੰਧਕ ________
2. ਫ਼ਤਹਿਗੜ੍ਹ ________
3. ਮੋਹਕਮਾ ________
4. ਬੈਰੀ ________
5. ਤੂਫ਼ਾਨ ________

ਅਧਿਆਪਕਾਂ ਲਈ :

ਅਜਿਹਾ ਇਤਿਹਾਸ ਸਿਰਜਣ ਵਾਲ਼ੀ ਕਿਸੇ ਹੋਰ ਬਹਾਦਰ ਔਰਤ ਦੀ ਕਹਾਣੀ ਵਿਦਿਆਰਥੀਆਂ ਨਾਲ਼ ਸਾਂਝੀ ਕਰੋ।

***

ਪਾਠ-4

# ਲਾਇਬ੍ਰੇਰੀ



ਸਕੂਲ ਮੇਰੇ ਦੀ ਲਾਇਬ੍ਰੇਰੀ,
ਜਿੱਥੇ ਲੱਗੀ ਗਿਆਨ ਦੀ ਢੇਰੀ।

ਨਵੀਆਂ-ਨਵੀਆਂ ਪੜ੍ਹਾਂ ਪੁਸਤਕਾਂ,
ਪੜ੍ਹਨ ਵਿੱਚ ਮੈਂ ਕਰਾਂ ਨਾ ਦੇਰੀ।
ਆਪਣੇ ਸਾਥੀਆਂ ਨਾਲ ਮੈਂ ਅਕਸਰ,
ਚਾਈਂ-ਚਾਈਂ ਲਾਉਂਦਾ ਫੇਰੀ।
ਸਕੂਲ ਮੇਰੇ ਦੀ............।

ਚੰਗੀਆਂ-ਚੰਗੀਆਂ ਗੱਲਾਂ ਸਿੱਖ ਕੇ,
ਸੋਚ ਬਣਾਉਣੀ ਹੋਰ ਚੰਗੇਰੀ।
ਹਰ ਰਚਨਾ ਮੇਰੇ ਮਨ ਨੂੰ ਮੋਹੇ,

ਛੋਟੀ ਹੋਵੇ ਭਾਵੇਂ ਲਮੇਰੀ।
ਸਕੂਲ ਮੇਰੇ ਦੀ............।

ਜਿਸ ਨੂੰ ਸ਼ੌਕ ਪੜ੍ਹਨ ਦਾ ਪੈ ਜਾਏ,
ਪੜ੍ਹਨ ਲਈ ਉਸ ਕੋਲ਼ ਵਿਹਲ ਬਥੇਰੀ।
ਪੁਸਤਕਾਂ ਦਿੰਦੀਆਂ ਚਾਨਣ ਸਾਨੂੰ,
ਅਗਿਆਨਤਾ ਵਾਲ਼ੀ ਰੋਕਣ 'ਨ੍ਹੇਰੀ।
ਸਕੂਲ ਮੇਰੇ ਦੀ............।

ਵੰਨ-ਸਵੰਨੀਆਂ ਤੱਕ ਪੁਸਤਕਾਂ,
ਮਨ ਨੂੰ ਭਾਉਂਦੀ ਲਾਇਬ੍ਰੇਰੀ।
ਸਕੂਲ ਮੇਰੇ ਦੀ ਲਾਇਬ੍ਰੇਰੀ,
ਜਿੱਥੇ ਲੱਗੀ ਗਿਆਨ ਦੀ ਢੇਰੀ।

## ਪਾਠ- ਅਭਿਆਸ

1. ਠੀਕ ਉੱਤਰ ਅੱਗੇ (✔) ਦਾ ਨਿਸ਼ਾਨ ਲਾਓ :

(1) ਨਵੀਆਂ ਪੁਸਤਕਾਂ ਕਿੱਥੋਂ ਮਿਲ਼ਦੀਆਂ ਹਨ ?

(ੳ) ਪ੍ਰਯੋਗਸ਼ਾਲਾ ਤੋਂ (ਅ) ਲਾਇਬ੍ਰੇਰੀ ਤੋਂ

(ੲ) ਜਮਾਤ ਦੇ ਕਮਰੇ ਤੋਂ

(2) ਅਗਿਆਨਤਾ ਕਿਵੇਂ ਦੂਰ ਹੁੰਦੀ ਹੈ ?

(ੳ) ਖੇਡ ਕੇ (ਅ) ਘੁੰਮ-ਫਿਰ ਕੇ

(ੲ) ਪੁਸਤਕਾਂ ਪੜ੍ਹ ਕੇ

(3) ਚੰਗੀ ਸੋਚ ਕਿਵੇਂ ਬਣਦੀ ਹੈ ?

(ੳ) ਚੰਗੀਆਂ ਗੱਲਾਂ ਸਿੱਖ ਕੇ (ਅ) ਵਿਹਲੇ ਰਹਿ ਕੇ

(ੲ) ਖਾ-ਪੀ ਕੇ

(4) ਲਾਇਬ੍ਰੇਰੀ ਮਨ ਨੂੰ ਚੰਗੀ ਕਿਉਂ ਲੱਗਦੀ ਹੈ ?

(ੳ) ਵੰਨ-ਸਵੰਨੀਆਂ ਕਿਤਾਬਾਂ ਕਾਰਨ (ਅ) ਫ਼ਰਨੀਚਰ ਕਾਰਨ

(ੲ) ਫ਼ਰਸ਼ ਦੇ ਮੈਟ ਕਾਰਨ

(5) ਲਾਇਬ੍ਰੇਰੀ ਵਿੱਚ ਕੀ ਮਿਲ਼ਦਾ ਹੈ ?

(ੳ) ਵਿਹਲਾ ਸਮਾਂ (ਅ) ਗਿਆਨ

(ੲ) ਵਰਦੀਆਂ

2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

1. ਪੁਸਤਕਾਂ ਪੜ੍ਹਨ ਨਾਲ਼ ਕੀ ਮਿਲ਼ਦਾ ਹੈ ?

2. ਪੜ੍ਹਨ ਲਈ ਵਿਹਲ ਕਿਸ ਕੋਲ਼ ਹੁੰਦੀ ਹੈ ?

3. ਗਿਆਨ ਦੀ ਢੇਰੀ ਤੋਂ ਕੀ ਭਾਵ ਹੈ ?

3. ਸਤਰਾਂ ਪੂਰੀਆਂ ਕਰੋ :

1. -----------ਦੀ ਲਾਇਬ੍ਰੇਰੀ,
ਜਿੱਥੇ ਲੱਗੀ-----------।

2. ਪੁਸਤਕਾਂ ਦਿੰਦੀਆਂ------,
------ਵਾਲ਼ੀ ਰੋਕਣ ਨ੍ਹੇਰੀ।

3. --------ਮੇਰੇ ਮਨ ਨੂੰ ਮੋਹੇ,
ਛੋਟੀ ਹੋਵੇ ਭਾਵੇਂ---------।

4. ਹੇਠ ਲਿਖੀਆਂ ਉਦਾਹਰਨਾਂ ਵੱਲ ਵੇਖ ਕੇ ਇੱਕੋ-ਜਿਹੀ ਅਵਾਜ਼ ਵਾਲ਼ੇ ਹੋਰ ਸ਼ਬਦ ਲਿਖੋ :

| | | |
|---|---|---|
| ਢੇਰੀ | ਦੇਰੀ | ਨ੍ਹੇਰੀ |
| ਲਮੇਰੀ | ਬਥੇਰੀ | ਫੇਰੀ |
| ਲਹਿੰਦਾ | ਕਹਿੰਦਾ | ------ |
| ਆਵਣ | ------- | ------ |
| ਚੜ੍ਹਦਾ | ------- | ------ |
| ਜਲ | ------- | ------ |

5. **ਸ਼ੁੱਧ ਕਰ ਕੇ ਲਿਖੋ :**

ਕਵੀਤਾ, ਵੇਹਲ, ਛੌਕ, ਨਵੀਆਂ-ਨਵੀਆਂ

**ਅਧਿਆਪਕਾਂ ਲਈ :**

ਅਧਿਆਪਕ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਨਾਲ਼ ਲਿਜਾ ਕੇ ਲਾਇਬ੍ਰੇਰੀ ਦੀ ਮਹੱਤਤਾ ਅਤੇ ਕਾਰਜ-ਪ੍ਰਨਾਲ਼ੀ ਬਾਰੇ ਸਮਝਾਉਣ।

***

ਪਾਠ-5

# ਕਾਬਲੀਵਾਲ਼ਾ

ਮੇਰੀ ਪੰਜ ਕੁ ਸਾਲ ਦੀ ਛੋਟੀ ਬੇਟੀ ਮਿੰਨੀ ਪਲ ਭਰ ਵੀ ਚੁੱਪ ਨਹੀਂ ਬੈਠ ਸਕਦੀ। ਇੱਕ ਦਿਨ ਸਵੇਰੇ-ਸਵੇਰੇ ਕਹਿਣ ਲੱਗੀ, "ਬਾਬੂ ਜੀ ! ਰਾਮ ਦਿਆਲ ਦਰਬਾਨ ਏ ਨਾ ! ਉਹ ਕਾਗ ਨੂੰ ਕਾਂ ਕਹਿੰਦਾ ਹੈ। ਉਹਨੂੰ ਕੁਝ ਪਤਾ ਹੀ ਨਹੀਂ, ਬਾਬੂ ਜੀ !" ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਦੂਜੀ ਗੱਲ ਛੇੜ ਬਹਿੰਦੀ ਹੈ, "ਵੇਖੋ, ਬਾਬੂ ਜੀ ! ਭੋਲਾ ਕਹਿੰਦਾ ਹੈ, ਅਸਮਾਨ ਵਿੱਚ ਹਾਥੀ ਸੁੰਡ ਨਾਲ਼ ਪਾਣੀ ਸੁੱਟਦਾ ਹੈ, ਇਸ ਕਰਕੇ ਮੀਂਹ ਪੈਂਦਾ ਹੈ। ਦੱਸੋ, ਬਾਬੂ ਜੀ ! ਭੋਲਾ ਝੂਠ ਬੋਲਦਾ ਏ, ਨਾ ?" ਏਨਾ ਕਹਿ ਕੇ ਉਹ ਖੇਡਣ ਲੱਗ ਪਈ।

ਮੇਰਾ ਘਰ ਸੜਕ ਦੇ ਕੰਢੇ 'ਤੇ ਹੈ। ਇੱਕ ਦਿਨ ਮਿੰਨੀ ਮੇਰੇ ਕਮਰੇ ਵਿੱਚ ਖੇਡ ਰਹੀ ਸੀ। ਅਚਾਨਕ ਖੇਡ ਛੱਡ ਕੇ ਖਿੜਕੀ ਵੱਲ ਦੌੜ ਗਈ ਅਤੇ ਬੜੇ ਜ਼ੋਰ ਨਾਲ਼ ਚੀਕਣ ਲੱਗੀ, "ਕਾਬਲੀਵਾਲ਼ੇ ! ਓ ਕਾਬਲੀਵਾਲ਼ੇ !"



ਮੋਢੇ 'ਤੇ ਮੇਵਿਆਂ ਦੀ ਬੋਰੀ ਲਟਕਾਈ, ਹੱਥ ਵਿੱਚ ਅੰਗੂਰਾਂ ਦੀ ਟੋਕਰੀ ਫੜੀ ਇੱਕ ਉੱਚਾ-ਲੰਮਾ ਕਾਬਲੀਵਾਲ਼ਾ ਧੀਮੀ ਚਾਲ ਵਿੱਚ ਸੜਕ 'ਤੇ ਜਾ ਰਿਹਾ ਸੀ। ਜਿਵੇਂ ਹੀ ਉਹ ਸਾਡੇ ਘਰ ਵੱਲ ਮੁੜਿਆ, ਮਿੰਨੀ ਡਰ ਕੇ ਅੰਦਰ ਭੱਜ ਗਈ। ਉਹ ਡਰ ਗਈ ਕਿ ਕਿਧਰੇ ਉਹ ਉਸ ਨੂੰ ਫੜ ਕੇ ਨਾ ਲੈ ਜਾਵੇ। ਉਸ ਦੇ ਮਨ ਵਿੱਚ ਇਹ

ਗੱਲ ਘਰ ਕਰ ਗਈ ਸੀ ਕਿ ਕਾਬਲੀਵਾਲ਼ੇ ਦੇ ਬੋਰੀ ਖੋਲ੍ਹਣ 'ਤੇ ਵਿੱਚੋਂ ਦੋ-ਚਾਰ ਬੱਚੇ ਨਿਕਲ਼ ਸਕਦੇ ਹਨ। ਕਾਬਲੀਵਾਲ਼ੇ ਨੇ ਮੁਸਕਰਾ ਕੇ ਮੈਨੂੰ ਸਲਾਮ ਕੀਤੀ। ਮੈਂ ਉਸ ਤੋਂ ਕੁਝ ਸੌਦਾ ਖ਼ਰੀਦਿਆ। ਫਿਰ ਉਹ ਪੁੱਛਣ ਲੱਗਾ, "ਬਾਬੂ ਸਾਹਿਬ! ਤੁਹਾਡੀ ਬੱਚੀ ਕਿੱਥੇ ਹੈ?"

ਮੈਂ ਮਿੰਨੀ ਦਾ ਡਰ ਕੱਢਣ ਖ਼ਾਤਰ ਮਿੰਨੀ ਨੂੰ ਅਵਾਜ਼ ਦੇ ਕੇ ਬੁਲਾਇਆ। ਕਾਬਲੀਵਾਲ਼ਾ ਬੋਰੀ ਵਿੱਚੋਂ ਬਦਾਮ, ਕਿਸ਼ਮਿਸ਼ ਕੱਢ ਕੇ ਮਿੰਨੀ ਨੂੰ ਦੇਣ ਲੱਗਾ ਪਰ ਮਿੰਨੀ ਨੇ ਕੁਝ ਵੀ ਨਹੀਂ ਲਿਆ। ਡਰ ਨਾਲ਼ ਉਹ ਮੇਰੀਆਂ ਲੱਤਾਂ ਨਾਲ਼ ਚਿੰਬੜ ਗਈ। ਕਾਬਲੀਵਾਲ਼ੇ ਨਾਲ਼ ਮਿੰਨੀ ਦੀ ਪਹਿਲੀ ਜਾਣ-ਪਛਾਣ ਇਸ ਤਰ੍ਹਾਂ ਹੋਈ। ਕੁਝ ਦਿਨ ਬਾਅਦ ਮੈਂ ਕਿਸੇ ਜ਼ਰੂਰੀ ਕੰਮ ਕਰਕੇ ਬਾਹਰ ਜਾ ਰਿਹਾ ਸੀ ਕਿ ਕੀ ਦੇਖਦਾ ਹਾਂ ਕਿ ਮਿੰਨੀ ਕਾਬਲੀਵਾਲ਼ੇ ਨਾਲ਼ ਪਟਾਕ-ਪਟਾਕ ਗੱਲਾਂ ਮਾਰ ਰਹੀ ਹੈ ਅਤੇ ਕਾਬਲੀਵਾਲ਼ਾ ਮੁਸਕਰਾਉਂਦਾ ਹੋਇਆ ਸੁਣ ਰਿਹਾ ਹੈ। ਮਿੰਨੀ ਦੀ ਝੋਲ਼ੀ ਬਦਾਮਾਂ ਅਤੇ ਕਿਸ਼ਮਿਸ਼ ਨਾਲ਼ ਭਰੀ ਹੋਈ ਸੀ। ਮੈਂ ਕਾਬਲੀਵਾਲ਼ੇ ਨੂੰ ਇੱਕ ਅਠਿਆਨੀ ਦਿੰਦੇ ਹੋਏ ਕਿਹਾ, "ਇਸ ਨੂੰ ਇਹ ਸਭ ਕੁਝ ਕਿਉਂ ਦਿੱਤਾ? ਅੱਗੋਂ ਤੋਂ ਨਾ ਦੇਣਾ," ਏਨਾ ਕਹਿ ਕੇ ਮੈਂ ਚਲਾ ਗਿਆ।

ਕੁਝ ਦੇਰ ਤੱਕ ਕਾਬਲੀਵਾਲ਼ਾ ਮਿੰਨੀ ਨਾਲ਼ ਗੱਲਾਂ ਕਰਦਾ ਰਿਹਾ। ਜਾਂਦਿਆਂ ਹੋਇਆਂ ਉਹੋ ਅਠਿਆਨੀ ਉਹ ਮਿੰਨੀ ਦੀ ਝੋਲ਼ੀ ਵਿੱਚ ਸੁੱਟ ਗਿਆ। ਜਦੋਂ ਮੈਂ ਘਰ ਵਾਪਸ ਆਇਆ ਤਾਂ ਦੇਖਿਆ ਮਿੰਨੀ ਦੀ ਮਾਂ ਉਸ ਨੂੰ ਕਾਬਲੀਵਾਲ਼ੇ ਤੋਂ ਅਠਿਆਨੀ ਲੈਣ ਕਰਕੇ ਡਾਂਟ ਰਹੀ ਸੀ।

ਕਾਬਲੀਵਾਲ਼ਾ ਹਰ ਰੋਜ਼ ਆਉਂਦਾ ਰਿਹਾ। ਉਸ ਨੇ ਕਿਸ਼ਮਿਸ਼-ਬਦਾਮ ਦੇ ਕੇ ਮਿੰਨੀ ਦੇ ਛੋਟੇ ਜਿਹੇ ਦਿਲ 'ਤੇ ਕਬਜ਼ਾ ਕਰ ਲਿਆ ਸੀ। ਦੋਵੇਂ ਦੇਰ ਤੱਕ ਗੱਲਾਂ ਕਰਦੇ ਅਤੇ ਜ਼ੋਰ-ਜ਼ੋਰ ਦੀ ਹੱਸਦੇ। ਰਹਿਮਤ ਕਾਬਲੀਵਾਲ਼ੇ ਨੂੰ ਦੇਖਦਿਆਂ ਹੀ ਮੇਰੀ ਬੱਚੀ ਹੱਸਦੀ ਹੋਈ ਪੁੱਛਦੀ, "ਕਾਬਲੀਵਾਲ਼ੇ! ਓ ਕਾਬਲੀਵਾਲ਼ੇ! ਤੇਰੀ ਬੋਰੀ ਵਿੱਚ ਕੀ ਹੈ?"

ਰਹਿਮਤ ਹੱਸਦਾ ਹੋਇਆ ਕਹਿੰਦਾ, "ਹਾਥੀ"। ਫਿਰ ਮਿੰਨੀ ਨੂੰ ਪੁੱਛਦਾ, "ਤੂੰ ਸਹੁਰੇ ਕਦੋਂ ਜਾਵੇਂਗੀ?" ਉਲਟਾ ਮਿੰਨੀ ਰਹਿਮਤ ਨੂੰ ਪੁੱਛਦੀ, "ਤੂੰ ਸਹੁਰੇ ਕਦੋਂ ਜਾਵੇਂਗਾ?"

ਰਹਿਮਤ ਆਪਣਾ ਮੁੱਕਾ ਘੁਮਾ ਕੇ ਕਹਿੰਦਾ, "ਮੈਂ ਸਹੁਰੇ ਨੂੰ ਮਾਰਾਂਗਾ", ਉਸ ਦੀ ਇਸ ਗੱਲ 'ਤੇ ਮਿੰਨੀ ਬਹੁਤ ਹੱਸਦੀ।

ਹਰ ਸਾਲ ਸਰਦੀਆਂ ਦੇ ਅੰਤ ਵਿੱਚ ਕਾਬਲੀਵਾਲ਼ਾ ਆਪਣੇ ਦੇਸ ਚਲਿਆ ਜਾਂਦਾ। ਜਾਣ ਤੋਂ ਪਹਿਲਾਂ ਉਹ ਸਭ ਲੋਕਾਂ ਤੋਂ ਪੈਸੇ ਉਗਰਾਹੁਣ 'ਤੇ ਲੱਗਿਆ ਰਹਿੰਦਾ। ਉਸ ਨੂੰ ਘਰ-ਘਰ ਜਾਣਾ ਪੈਂਦਾ। ਫਿਰ ਵੀ ਉਹ ਦਿਨ ਵਿੱਚ ਇੱਕ ਵਾਰ ਮਿੰਨੀ ਨੂੰ ਜ਼ਰੂਰ ਮਿਲ਼ਨ ਆਉਂਦਾ।

ਇੱਕ ਦਿਨ ਸਵੇਰੇ ਮੈਂ ਆਪਣੇ ਕਮਰੇ ਵਿੱਚ ਬੈਠਾ ਕੋਈ ਕੰਮ ਕਰ ਰਿਹਾ ਸੀ ਕਿ ਬਾਹਰ ਸੜਕ 'ਤੇ ਸ਼ੋਰ ਸੁਣਾਈ ਦਿੱਤਾ। ਦੇਖਿਆ ਕਿ ਰਹਿਮਤ ਨੂੰ ਦੋ ਸਿਪਾਹੀ ਬੰਨ੍ਹ ਕੇ ਲਈ ਜਾ ਰਹੇ ਹਨ। ਰਹਿਮਤ ਦੇ ਕੁੜਤੇ 'ਤੇ ਲਹੂ ਦੇ ਦਾਗ਼ ਲੱਗੇ ਹੋਏ ਸਨ। ਸਿਪਾਹੀ ਦੇ ਹੱਥ ਵਿੱਚ ਲਹੂ ਨਾਲ਼ ਲਿੱਬੜਿਆ ਹੋਇਆ ਛੁਰਾ ਸੀ।

ਕੁਝ ਸਿਪਾਹੀ ਤੋਂ ਅਤੇ ਕੁਝ ਰਹਿਮਤ ਦੇ ਮੂੰਹੋਂ ਸੁਣਿਆ ਕਿ ਸਾਡੇ ਗੁਆਂਢ ਵਿੱਚ ਰਹਿ ਰਹੇ ਇੱਕ ਆਦਮੀ ਨੇ ਰਹਿਮਤ ਤੋਂ ਇੱਕ ਚਾਦਰ ਖ਼ਰੀਦੀ ਸੀ। ਉਸ ਵੱਲ ਕੁਝ ਪੈਸੇ ਰਹਿਮਤ ਦੇ ਉਧਾਰੇ ਰਹਿੰਦੇ ਸਨ ਜਿਨ੍ਹਾਂ ਨੂੰ ਮੋੜਨ ਤੋਂ ਉਸ ਨੇ ਨਾਂਹ ਕਰ ਦਿੱਤੀ ਸੀ। ਦੋਂਹਾਂ ਦਾ ਇਸ ਗੱਲ 'ਤੇ ਝਗੜਾ ਹੋ ਗਿਆ ਤੇ ਕਾਬਲੀਵਾਲ਼ੇ ਨੇ ਉਸ ਨੂੰ ਛੁਰਾ ਮਾਰ ਦਿੱਤਾ।

ਏਨੇ ਨੂੰ 'ਕਾਬਲੀਵਾਲ਼ੇ ! ਕਾਬਲੀਵਾਲ਼ੇ !' ਕਹਿੰਦੀ ਹੋਈ ਮਿੰਨੀ ਬਾਹਰ ਆ ਗਈ। ਰਹਿਮਤ ਦਾ ਚਿਹਰਾ ਪਲ ਭਰ ਲਈ ਖਿੜ ਗਿਆ। ਮਿੰਨੀ ਨੇ ਆਉਂਦਿਆਂ ਹੀ ਉਸ ਨੂੰ ਪੁੱਛਿਆ, "ਤੂੰ ਸਹੁਰੇ ਜਾਵੇਂਗਾ ?" ਰਹਿਮਤ ਨੇ ਹੱਸ ਕੇ ਕਿਹਾ, "ਉੱਥੇ ਹੀ ਤਾਂ ਜਾ ਰਿਹਾ ਹਾਂ।"

ਰਹਿਮਤ ਨੂੰ ਲੱਗਿਆ ਕਿ ਉਸ ਦੇ ਉੱਤਰ ਨਾਲ਼ ਮਿੰਨੀ ਖ਼ੁਸ਼ ਨਹੀਂ ਹੋਈ ਤਾਂ ਉਸ ਨੇ ਮੁੱਕਾ ਦਿਖਾ ਕੇ ਕਿਹਾ, "ਸਹੁਰੇ ਨੂੰ ਮਾਰ ਦਿੰਦਾ, ਪਰ ਕੀ ਕਰਾਂ, ਮੇਰੇ ਹੱਥ ਬੰਨ੍ਹੇ ਹੋਏ ਹਨ।"

ਛੁਰਾ ਮਾਰਨ ਦੇ ਅਪਰਾਧ ਵਿੱਚ ਰਹਿਮਤ ਨੂੰ ਕਈ ਸਾਲਾਂ ਦੀ ਸਜ਼ਾ ਹੋਈ।

ਕਾਬਲੀਵਾਲ਼ੇ ਵੱਲੋਂ ਮਿੰਨੀ ਦਾ ਧਿਆਨ ਹੌਲ਼ੀ-ਹੌਲ਼ੀ ਹਟ ਗਿਆ ਅਤੇ ਉਹ ਉਸ ਨੂੰ ਭੁੱਲ ਗਈ।

ਕਈ ਸਾਲ ਲੰਘ ਗਏ।

ਅੱਜ ਮੇਰੀ ਮਿੰਨੀ ਦਾ ਵਿਆਹ ਹੈ। ਲੋਕ ਆ-ਜਾ ਰਹੇ ਸਨ। ਮੈਂ ਆਪਣੇ ਕਮਰੇ ਵਿੱਚ ਬੈਠਾ ਖ਼ਰਚੇ ਦਾ ਹਿਸਾਬ ਲਿਖ ਰਿਹਾ ਸਾਂ। ਕੀ ਦੇਖਦਾ ਹਾਂ ਕਿ ਰਹਿਮਤ ਸਾਮ੍ਹਣੇ ਖੜ੍ਹਾ ਸਲਾਮ ਕਰ ਰਿਹਾ ਹੈ।

ਪਹਿਲਾਂ ਤਾਂ ਮੈਂ ਉਸ ਨੂੰ ਪਛਾਣ ਨਾ ਸਕਿਆ। ਉਸ ਕੋਲ਼ ਨਾ ਤਾਂ ਬੋਰੀ ਅਤੇ ਨਾ ਹੀ ਚਿਹਰੇ ਉੱਤੇ ਪਹਿਲਾਂ ਵਰਗੀ ਖ਼ੁਸ਼ੀ ਸੀ। ਬੜੇ ਗਹੁ ਨਾਲ਼ ਦੇਖ ਕੇ ਪਤਾ ਚੱਲਿਆ ਕਿ ਉਹ ਰਹਿਮਤ ਹੈ।

ਮੈਂ ਪੁੱਛਿਆ, "ਕਿਉਂ ਰਹਿਮਤ, ਕਦੋਂ ਆਇਐਂ ?"

"ਕੱਲ੍ਹ ਹੀ ਸ਼ਾਮ ਜੇਲ੍ਹ ਤੋਂ ਛੁੱਟਿਆ ਹਾਂ," ਉਸ ਨੇ ਦੱਸਿਆ।

ਮੈਂ ਉਸ ਨੂੰ ਕਿਹਾ, "ਅੱਜ ਮੇਰੇ ਘਰ ਵਿੱਚ ਇੱਕ ਜ਼ਰੂਰੀ ਕੰਮ ਹੈ, ਮੈਂ ਉਸ ਵਿੱਚ ਬਹੁਤ ਰੁੱਝਿਆ ਹੋਇਆ ਹਾਂ। ਅੱਜ ਤੂੰ ਚਲਾ ਜਾ, ਫਿਰ ਕਦੇ ਆਈਂ।"

ਉਹ ਉਦਾਸ ਹੋ ਕੇ ਜਾਣ ਲੱਗਿਆ ਪਰ ਦਰਵਾਜ਼ੇ ਕੋਲ਼ ਰੁਕ ਕੇ ਕੁਝ ਝਿਜਕਦਾ ਜਿਹਾ ਬੋਲਿਆ, "ਕੀ ਮੈਂ ਜ਼ਰਾ ਬੱਚੀ ਨੂੰ ਨਹੀਂ ਦੇਖ ਸਕਦਾ ?"

ਸ਼ਾਇਦ ਉਸ ਨੂੰ ਯਕੀਨ ਸੀ ਕਿ ਮਿੰਨੀ ਹੁਣ ਵੀ ਪਹਿਲਾਂ ਵਰਗੀ ਨਿੱਕੀ ਜਿਹੀ ਬੱਚੀ ਹੀ ਹੈ। ਉਹ ਪਹਿਲਾਂ ਵਾਂਗ ਹੀ, "ਕਾਬਲੀਵਾਲ਼ੇ ! ਓ ਕਾਬਲੀਵਾਲ਼ੇ !!" ਪੁਕਾਰਦੀ ਭੱਜੀ ਆਵੇਗੀ। ਉਹਨਾਂ ਦੋਂਹਾਂ ਦੇ ਪੁਰਾਣੇ ਹਾਸੇ ਅਤੇ ਗੱਲ-ਬਾਤ ਵਿੱਚ ਕੋਈ ਝਿਜਕ, ਰੁਕਾਵਟ ਨਹੀਂ ਆਵੇਗੀ। ਮੈਂ ਉਸ ਨੂੰ ਕਿਹਾ, "ਰਹਿਮਤ, ਅੱਜ ਘਰ ਵਿੱਚ ਬਹੁਤ ਕੰਮ ਹੈ। ਅੱਜ ਤੂੰ ਉਸ ਨੂੰ ਨਹੀਂ ਮਿਲ਼ ਸਕੇਂਗਾ।"

ਉਹ ਕੁਝ ਉਦਾਸ ਹੋ ਗਿਆ ਅਤੇ ਸਲਾਮ ਕਰਕੇ ਦਰਵਾਜ਼ੇ ਵਿੱਚੋਂ ਬਾਹਰ ਨਿਕਲ਼ ਗਿਆ।

ਮੈਂ ਸੋਚ ਹੀ ਰਿਹਾ ਸਾਂ ਕਿ ਉਸ ਨੂੰ ਵਾਪਸ ਬੁਲਾਵਾਂ। ਏਨੇ ਨੂੰ ਉਹ ਆਪ ਹੀ ਵਾਪਸ ਮੁੜ ਆਇਆ ਅਤੇ ਬੋਲਿਆ, "ਇਹ ਥੋੜ੍ਹਾ ਜਿਹਾ ਮੇਵਾ ਬੱਚੀ ਲਈ ਲਿਆਇਆ ਸਾਂ, ਉਸ ਨੂੰ ਦੇ ਦੇਣਾ।"

ਮੈਂ ਉਸ ਨੂੰ ਪੈਸੇ ਦੇਣੇ ਚਾਹੇ ਪਰ ਉਹਨੇ ਕਿਹਾ, "ਮਿਹਰਬਾਨੀ, ਬਾਬੂ ਸਾਹਿਬ, ਪੈਸੇ ਰਹਿਣ ਦਿਓ," ਫਿਰ ਥੋੜ੍ਹਾ ਰੁਕ ਕੇ ਬੋਲਿਆ, "ਤੁਹਾਡੀ ਬੱਚੀ ਵਰਗੀ ਮੇਰੀ ਵੀ ਇੱਕ ਬੱਚੀ ਹੈ। ਉਸ ਨੂੰ ਯਾਦ ਕਰਕੇ ਹੀ ਮੈਂ ਤੁਹਾਡੀ ਬੱਚੀ ਲਈ ਥੋੜ੍ਹਾ ਜਿੰਨਾ ਮੇਵਾ ਲਿਆਇਆ ਕਰਦਾ ਸਾਂ, ਸੌਦਾ ਵੇਚਣ ਲਈ ਨਹੀਂ ਸੀ ਆਇਆ ਕਰਦਾ।"

ਉਹਨੇ ਆਪਣੀ ਜੇਬ ਵਿੱਚ ਹੱਥ ਪਾ ਕੇ ਕਾਗ਼ਜ਼ ਦਾ ਇੱਕ ਟੁਕੜਾ ਕੱਢਿਆ ਤੇ ਮੇਰੇ ਵੱਲ ਵਧਾਇਆ। ਮੈਂ ਕੀ ਦੇਖਦਾ ਹਾਂ ਕਿ ਕਾਗ਼ਜ਼ ਦੇ ਇਸ ਨਿੱਕੇ ਜਿਹੇ ਟੁਕੜੇ ਉੱਤੇ ਦੋ ਨਿੱਕੇ-ਨਿੱਕੇ ਹੱਥਾਂ ਦੀ ਛਾਪ ਹੈ। ਹੱਥਾਂ 'ਤੇ ਕਾਲ਼ਖ ਲਾ ਕੇ ਕਾਗ਼ਜ਼ ਉੱਤੇ ਉਹਨਾਂ ਦੇ ਨਿਸ਼ਾਨ ਲਏ ਹੋਏ ਸਨ। ਆਪਣੀ ਬੱਚੀ ਦੀ ਇਸ ਯਾਦ ਨੂੰ ਸੀਨੇ ਨਾਲ਼ ਲਾ ਕੇ ਰਹਿਮਤ ਹਰ ਸਾਲ ਕਲਕੱਤੇ ਦੀਆਂ ਗਲ਼ੀਆਂ ਵਿੱਚ ਸੌਦਾ ਵੇਚਣ ਆਉਂਦਾ ਸੀ।

ਇਹ ਦੇਖ ਕੇ ਮੇਰੀਆਂ ਅੱਖਾਂ ਪਾਣੀ ਨਾਲ਼ ਭਰ ਗਈਆਂ। ਸਭ ਕੁਝ ਭੁੱਲ ਕੇ ਮੈਂ ਉਸੇ ਵੇਲ਼ੇ ਮਿੰਨੀ ਨੂੰ ਬਾਹਰ ਬੁਲਾਇਆ। ਵਿਆਹ ਵੇਲ਼ੇ ਦੀ ਪੂਰੀ ਪੁਸ਼ਾਕ ਪਾਈ ਅਤੇ ਗਹਿਣਿਆਂ ਨਾਲ਼ ਸਜੀ ਮਿੰਨੀ ਮੇਰੇ ਕੋਲ਼ ਆ ਕੇ ਖੜ੍ਹ ਗਈ।

ਉਸ ਨੂੰ ਦੇਖ ਕੇ ਪਹਿਲਾਂ ਤਾਂ ਰਹਿਮਤ ਕਾਬਲੀਵਾਲ਼ਾ ਹੱਕਾ-ਬੱਕਾ ਰਹਿ ਗਿਆ। ਕਿੰਨਾ ਹੀ ਚਿਰ ਉਸ ਤੋਂ ਪਹਿਲਾਂ ਵਾਂਗ ਕੋਈ ਗੱਲ ਨਾ ਹੋ ਸਕੀ। ਫਿਰ ਥੋੜ੍ਹੇ ਚਿਰ ਬਾਅਦ ਹੱਸ ਕੇ ਬੋਲਿਆ, "ਝੱਲੀ! ਸੱਸ ਦੇ ਘਰ ਜਾ ਰਹੀ ਏਂ ?"

ਮਿੰਨੀ ਹੁਣ ਸੱਸ ਦਾ ਮਤਲਬ ਸਮਝਦੀ ਸੀ। ਸੰਗ ਨਾਲ਼ ਉਸ ਦਾ ਚਿਹਰਾ ਲਾਲ ਹੋ ਗਿਆ।

ਮਿੰਨੀ ਦੇ ਜਾਣ ਬਾਅਦ ਇੱਕ ਹਉਕਾ ਭਰ ਕੇ ਰਹਿਮਤ ਭੁੰਜੇ ਹੀ ਬੈਠ ਗਿਆ। ਸ਼ਾਇਦ, ਇਸ ਘੜੀ ਉਹ ਸੋਚ ਰਿਹਾ ਸੀ ਕਿ ਉਸ ਦੀ ਬੱਚੀ ਵੀ ਏਨੇ ਚਿਰ ਵਿੱਚ ਮਿੰਨੀ ਜੇਡੀ ਹੀ ਹੋ ਗਈ ਹੋਵੇਗੀ। ਰੱਬ ਜਾਣੇ, ਇਹਨਾਂ ਅੱਠਾਂ ਸਾਲਾਂ ਵਿੱਚ ਉਸ 'ਤੇ ਕੀ ਬੀਤੀ ਹੋਵੇਗੀ ? ਉਹ ਉਸ ਦੀ ਯਾਦ ਵਿੱਚ ਗੁੰਮ ਹੋ ਗਿਆ।

ਮੈਂ ਕੁਝ ਰੁਪਏ ਕੱਢ ਕੇ ਉਸ ਦੇ ਹੱਥ 'ਤੇ ਰੱਖ ਦਿੱਤੇ ਅਤੇ ਕਿਹਾ, "ਜਾਹ ਰਹਿਮਤ! ਹੁਣ ਤੂੰ ਵੀ ਆਪਣੀ ਬੱਚੀ ਕੋਲ਼, ਆਪਣੇ ਦੇਸ ਚਲਾ ਜਾ।"

## ਪਾਠ- ਅਭਿਆਸ

1. **ਠੀਕ ਉੱਤਰ ਅੱਗੇ (✔) ਦਾ ਨਿਸ਼ਾਨ ਲਾਓ :**

   1. **ਮਿੰਨੀ ਦੀ ਉਮਰ ਕਿੰਨੀ ਹੈ ?**

      (ੳ) ਸੱਤ ਸਾਲ (ਅ) ਪੰਜ ਸਾਲ

      (ੲ) ਨੌਂ ਸਾਲ

   2. **ਰਹਿਮਤ ਨੇ ਮੋਢਿਆਂ 'ਤੇ ਕੀ ਲਟਕਾਇਆ ਹੋਇਆ ਸੀ ?**

      (ੳ) ਅੰਗੂਰਾਂ ਦੀ ਟੋਕਰੀ (ਅ) ਕੱਪੜੇ

      (ੲ) ਮੇਵਿਆਂ ਦੀ ਬੋਰੀ

   3. **ਕਾਬਲੀਵਾਲ਼ੇ ਨੂੰ ਆਪਣੇ ਦੇਸ ਜਾਣ ਤੋਂ ਪਹਿਲਾਂ ਘਰ-ਘਰ ਕਿਉਂ ਜਾਣਾ ਪੈਂਦਾ ਸੀ ?**

      (ੳ) ਪੈਸੇ ਉਗਰਾਹੁਣ ਲਈ (ਅ) ਲੋਕਾਂ ਨੂੰ ਮਿਲ਼ਨ ਲਈ

      (ੲ) ਸੁਗਾਤਾਂ ਦੇਣ ਲਈ

4. **ਲੇਖਕ ਆਪਣੇ ਕਮਰੇ ਵਿੱਚ ਕੀ ਕਰ ਰਿਹਾ ਸੀ ?**

(ੳ) ਸੌਂ ਰਿਹਾ ਸੀ (ਅ) ਹਿਸਾਬ ਲਿਖ ਰਿਹਾ ਸੀ

(ੲ) ਪੜ੍ਹ ਰਿਹਾ ਸੀ।

5. **ਰਹਿਮਤ ਕਿਸ ਦੀ ਯਾਦ ਵਿੱਚ ਗੁੰਮ ਹੋ ਗਿਆ ?**

(ੳ) ਮਿੰਨੀ ਦੀ ਯਾਦ ਵਿੱਚ (ਅ) ਆਪਣੀ ਬੱਚੀ ਦੀ ਯਾਦ ਵਿੱਚ

(ੲ) ਪਤਨੀ ਦੀ ਯਾਦ ਵਿੱਚ

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

1. ਕਾਬਲੀਵਾਲ਼ੇ ਦਾ ਕੀ ਨਾਂ ਸੀ ?
2. ਮਿੰਨੀ ਦੇ ਮਨ ਵਿੱਚ ਕਿਹੜੀ ਗੱਲ ਘਰ ਕਰ ਗਈ ਸੀ ?
3. ਮਿੰਨੀ ਦੀ ਮਾਂ ਉਸ ਨੂੰ ਕਿਉਂ ਡਾਂਟ ਰਹੀ ਸੀ ?
4. ਕਾਗ਼ਜ਼ ਦੇ ਟੁਕੜੇ 'ਤੇ ਕਿਹੋ-ਜਿਹੀ ਛਾਪ ਸੀ ?
5. ਰਹਿਮਤ ਭੁੰਜੇ ਕਿਉਂ ਬੈਠ ਗਿਆ ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

1. ਸ਼ੁਰੂ ਵਿੱਚ ਮਿੰਨੀ ਕਾਬਲੀਵਾਲ਼ੇ ਤੋਂ ਕਿਉਂ ਡਰਦੀ ਸੀ ?
2. ਕਾਬਲੀਵਾਲ਼ਾ ਕੀ ਕੰਮ ਕਰਦਾ ਸੀ ?
3. ਕਾਬਲੀਵਾਲ਼ਾ ਮਿੰਨੀ ਨੂੰ ਕਿਉਂ ਮਿਲ਼ਨ ਆਉਂਦਾ ਸੀ ?
4. ਵਿਆਹ ਵਾਲ਼ੀ ਪੁਸ਼ਾਕ ਵਿੱਚ ਮਿੰਨੀ ਨੂੰ ਦੇਖ ਕੇ ਰਹਿਮਤ ਨੇ ਕੀ ਮਹਿਸੂਸ ਕੀਤਾ ?
5. ਪੈਸੇ ਦੇ ਕੇ ਲੇਖਕ ਨੇ ਕਾਬਲੀਵਾਲ਼ੇ ਨੂੰ ਕੀ ਕਿਹਾ ?

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਅਚਾਨਕ, ਧੀਮੀ, ਹੌਲ਼ੀ-ਹੌਲ਼ੀ, ਝਿਜਕ, ਪੁਸ਼ਾਕ

## 5. ਖ਼ਾਲੀ ਥਾਂਵਾਂ ਭਰੋ :

1. ਕਾਬਲੀਵਾਲ਼ਾ ________ਚਾਲ ਵਿੱਚ ਸੜਕ 'ਤੇ ਜਾ ਰਿਹਾ ਸੀ।
2. ਡਰ ਨਾਲ਼ ਉਹ ਮੇਰੀਆਂ ________ ਨਾਲ਼ ਚਿੰਬੜ ਗਈ।
3. ਮਿੰਨੀ ਦੀ ਝੋਲ਼ੀ ________ਅਤੇ ________ਨਾਲ਼ ਭਰੀ ਹੋਈ ਸੀ।

4. ਹਰ ਸਾਲ ਸਰਦੀਆਂ ਦੇ ਅੰਤ ਵਿੱਚ ________ ਆਪਣੇ ਦੇਸ ਚਲਿਆ ਜਾਂਦਾ।

5. ਮਿੰਨੀ ਦੇ ਜਾਣ ਬਾਅਦ ਇੱਕ ਹਉਕਾ ਭਰ ਕੇ ________ ਭੁੰਜੇ ਹੀ ਬੈਠ ਗਿਆ।

6. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :**

| | | ਹਿੰਦੀ | ਅੰਗਰੇਜ਼ੀ |
|---|---|---|---|
| 1. | ਖਿੜਕੀ | ________ | ________ |
| 2. | ਜਾਣ-ਪਛਾਣ | ________ | ________ |
| 3. | ਹਰ ਰੋਜ਼ | ________ | ________ |
| 4. | ਟੁਕੜਾ | ________ | ________ |
| 5. | ਚਿਹਰਾ | ________ | ________ |

(ਕ) **ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :**

1. ਜਰੂਰੀ ________
2. ਸੋਹਰਾ ________
3. ਮਿਲਣ ________
4. ਚੇਹਰਾ ________
5. ਕੁੱਕ ________
6. ਸੋਦਾ ________

ਬੱਚਿਓ ! ਆਪਣੇ ਅਧਿਆਪਕ ਜੀ ਤੋਂ ਰਾਬਿੰਦਰ ਨਾਥ ਟੈਗੋਰ ਦੀਆਂ ਬੱਚਿਆਂ ਲਈ ਲਿਖੀਆਂ ਹੋਰ ਕਹਾਣੀਆਂ ਬਾਰੇ ਜਾਣਕਾਰੀ ਪ੍ਰਾਪਤ ਕਰੋ।

***

ਪਾਠ - 6

# ਯਾਤਰਾ : ਹੇਮਕੁੰਟ ਸਾਹਿਬ



ਸ੍ਰੀ ਹੇਮਕੁੰਟ ਸਾਹਿਬ ਦੇ ਨਾਂ ਤੋਂ ਸਾਰੇ ਜਾਣੂ ਹਨ। ਇਹ ਭਾਰਤ ਦੇ ਪ੍ਰਸਿੱਧ ਤੀਰਥ-ਸਥਾਨਾਂ ਵਿੱਚੋਂ ਇੱਕ ਹੈ। ਇੱਥੇ ਹਰ ਸਾਲ ਭਾਰਤੀ ਹੀ ਨਹੀਂ; ਲੱਖਾਂ ਦੀ ਗਿਣਤੀ ਵਿੱਚ ਵਿਦੇਸ਼ੀ ਸ਼ਰਧਾਲੂ ਵੀ ਯਾਤਰਾ ਕਰਨ ਲਈ ਆਉਂਦੇ ਹਨ।

ਦੱਸਿਆ ਜਾਂਦਾ ਹੈ ਕਿ ਇਸ ਸਥਾਨ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਛਲੇ ਜਨਮ ਵਿੱਚ ਤਪੱਸਿਆ ਕੀਤੀ ਸੀ। ਪਾਂਡਵਾਂ ਨੇ ਵੀ ਇਸ ਸਥਾਨ 'ਤੇ ਤਪ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਇਸ ਸਥਾਨ ਬਾਰੇ ਲਿਖਿਆ ਹੈ :

ਅਬ ਮੈਂ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧ ਮੋਹਿ ਆਨੋ।
ਹੇਮਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਤ ਹੈਂ ਤਹਾਂ।
ਸਪਤ ਸ੍ਰਿੰਗ ਤਿਹ ਨਾਮ ਕਹਾਵਾ। ਪੰਡ ਰਾਜ ਜਿਹ ਜੋਗ ਕਮਾਵਾ।

ਤਹਾ ਹਮ ਅਧਕ ਤਪੱਸਿਆ ਸਾਧੀ। ਮਹਾਂ ਕਾਲ ਕਾਲਕਾ ਆਰਾਧੀ।

ਇਸ ਸਥਾਨ ਉੱਤੇ 'ਹੇਮਕੁੰਟ' ਹੈ। ਹੇਮ ਦਾ ਅਰਥ ਹੈ 'ਬਰਫ਼' ਅਤੇ ਕੁੰਟ ਦਾ ਅਰਥ ਹੈ 'ਸਰੋਵਰ'। ਇਹ ਸਥਾਨ ਸਮੁੰਦਰੀ ਤਲ ਤੋਂ ਲਗ-ਪਗ ਪੰਦਰਾਂ ਹਜ਼ਾਰ ਫ਼ੁੱਟ ਉੱਚਾ ਹੈ। ਇਸ ਲਈ ਇੱਥੇ ਸਾਰਾ ਸਾਲ ਬਰਫ਼ ਜੰਮੀ ਰਹਿੰਦੀ ਹੈ। ਇੱਥੇ ਸਥਿਤ 'ਸਰੋਵਰ' ਵਿੱਚ ਪਾਣੀ ਦੇ ਨਾਲ਼-ਨਾਲ਼ ਬਰਫ਼ ਵੀ ਤਰਦੀ ਦਿਖਾਈ ਦਿੰਦੀ ਹੈ। ਇਸੇ ਲਈ ਇਸ ਨੂੰ 'ਹੇਮਕੁੰਟ' ਜਾਂ 'ਬਰਫ਼ ਦਾ ਸਰੋਵਰ' ਕਿਹਾ ਜਾਂਦਾ ਹੈ।

ਅੱਜ-ਕੱਲ੍ਹ ਇਸ ਸਥਾਨ ਉੱਤੇ ਬੜਾ ਸੋਹਣਾ ਗੁਰਦਵਾਰਾ ਬਣਿਆ ਹੋਇਆ ਹੈ। ਬਹੁਤ ਉਚਾਈ ਉੱਤੇ ਹੋਣ ਕਰਕੇ ਇੱਥੇ ਆਕਸੀਜਨ ਦੀ ਘਾਟ ਹੁੰਦੀ ਹੈ। ਕੋਈ ਵੀ ਆਮ ਵਿਅਕਤੀ ਬਹੁਤੀ ਦੇਰ ਲਈ ਇੱਥੇ ਨਹੀਂ ਰਹਿ ਸਕਦਾ। ਫਿਰ ਵੀ ਅਨੇਕਾਂ ਯਾਤਰੀ ਸ਼ਰਧਾ ਕਰਕੇ ਇੱਥੇ ਪੁੱਜਦੇ ਹਨ ਅਤੇ ਆਲ਼ੇ-ਦੁਆਲ਼ੇ ਦੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਣਦੇ ਹਨ।

'ਹੇਮਕੁੰਟ' ਤੱਕ ਦੀ ਯਾਤਰਾ ਬਹੁਤ ਕਠਨ ਹੈ। ਭਾਵੇਂ ਹੁਣ ਸੜਕਾਂ ਬਣ ਜਾਣ ਕਰਕੇ ਬਹੁਤਾ ਸਫ਼ਰ ਬੱਸਾਂ, ਟ੍ਰੱਕਾਂ ਅਤੇ ਕਾਰਾਂ ਆਦਿ ਉੱਤੇ ਹੋ ਜਾਂਦਾ ਹੈ ਫਿਰ ਵੀ ਬਹੁਤ ਸਾਰਾ ਰਸਤਾ ਅਜਿਹਾ ਹੈ ਜੋ ਪਹਾੜੀਆਂ ਵਿੱਚੋਂ ਕੇਵਲ ਪੈਦਲ ਜਾਂ ਘੋੜਿਆਂ 'ਤੇ ਹੀ ਤੈਅ ਕੀਤਾ ਜਾਂਦਾ ਹੈ। ਇਹ ਰਸਤਾ ਬੜਾ ਬਿਖੜਾ ਹੈ ਅਤੇ ਸਿੱਧੀ ਚੜ੍ਹਾਈ ਵਾਲ਼ਾ ਹੈ।

'ਹੇਮਕੁੰਟ ਸਾਹਿਬ' ਜਾਣ ਲਈ ਯਾਤਰੀ ਆਪਣਾ ਸਫ਼ਰ ਇੱਕ ਤਰ੍ਹਾਂ ਨਾਲ਼ ਉੱਤਰ ਪ੍ਰਦੇਸ਼ ਦੇ ਪ੍ਰਸਿੱਧ ਸ਼ਹਿਰ ਰਿਸ਼ੀਕੇਸ਼ ਤੋਂ ਸ਼ੁਰੂ ਕਰਦੇ ਹਨ। ਰਿਸ਼ੀਕੇਸ਼ ਵਿਖੇ ਇੱਕ ਬਹੁਤ ਵੱਡਾ ਅਤੇ ਸੁੰਦਰ ਗੁਰਦਵਾਰਾ ਬਣਿਆ ਹੋਇਆ ਹੈ। ਮੈਦਾਨੀ ਇਲਾਕਿਆਂ ਤੋਂ ਆਉਣ ਵਾਲ਼ੇ ਲਗ-ਪਗ ਸਾਰੇ ਹੀ ਯਾਤਰੀ ਆਪਣਾ ਪਹਿਲਾ ਪੜਾਅ ਇੱਥੇ ਕਰਦੇ ਹਨ।

ਇੱਥੋਂ ਆਮ ਤੌਰ 'ਤੇ ਯਾਤਰੀ ਆਪਣੀ ਯਾਤਰਾ ਸਵੇਰੇ ਸ਼ੁਰੂ ਕਰ ਦਿੰਦੇ ਹਨ। ਇਸ ਤੋਂ ਅੱਗੇ ਸਾਰਾ ਰਸਤਾ ਪਹਾੜੀ ਹੈ। ਰਿਸ਼ੀਕੇਸ਼ ਤੋਂ ਅਗਲਾ ਪੜਾਅ ਸ੍ਰੀਨਗਰ ਹੁੰਦਾ ਹੈ। ਰਿਸ਼ੀਕੇਸ਼ ਤੋਂ ਸ੍ਰੀਨਗਰ ਤੱਕ 108 ਕਿਲੋਮੀਟਰ ਦਾ ਸਫ਼ਰ ਬੜਾ ਕਠਨ ਹੈ। ਇੱਕ ਪਾਸੇ ਡੂੰਘੀਆਂ ਖੱਡਾਂ ਹਨ ਅਤੇ ਕਿਤੇ-ਕਿਤੇ ਨਾਲ਼ ਨਦੀ ਵਗਦੀ ਦਿਸਦੀ ਹੈ। ਦੂਸਰੇ ਪਾਸੇ ਉੱਚੇ-ਉੱਚੇ ਪਹਾੜ ਦਿਖਾਈ ਦਿੰਦੇ ਹਨ। ਜੇ ਖੱਡਾਂ ਵੱਲ ਵੇਖੋ ਤਾਂ ਡਰ ਲੱਗਦਾ ਹੈ ਪਰ ਜਦੋਂ ਪਹਾੜਾਂ ਵੱਲ ਨਜ਼ਰ ਮਾਰੋ ਤਾਂ ਹਰਿਆਵਲ ਭਰੇ ਨਜ਼ਾਰੇ ਸਾਰਾ ਡਰ ਦੂਰ ਕਰ ਦਿੰਦੇ ਹਨ।

ਸ਼ਾਮ ਨੂੰ ਯਾਤਰੀ ਸ੍ਰੀਨਗਰ ਪਹੁੰਚ ਜਾਂਦੇ ਹਨ। ਸ੍ਰੀਨਗਰ ਬੜਾ ਪ੍ਰਸਿੱਧ ਅਤੇ ਇਤਿਹਾਸਿਕ ਸਥਾਨ ਹੈ। ਇੱਥੇ ਗੜ੍ਹਵਾਲ ਯੂਨੀਵਰਸਿਟੀ ਦਾ ਕੈਂਪਸ ਹੈ। ਕਿਹਾ ਜਾਂਦਾ ਹੈ ਕਿ ਸੁਮੇਰ ਪਰਬਤ ਨੂੰ ਜਾਂਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਇੱਥੇ ਰੁਕੇ ਸਨ। ਇਸ ਸਥਾਨ ਉੱਤੇ ਰਹਾਇਸ਼ ਦਾ ਪ੍ਰਬੰਧ ਮੁੱਖ ਤੌਰ 'ਤੇ ਗੁਰਦਵਾਰਾ ਸਾਹਿਬ ਵਿੱਚ ਹੁੰਦਾ ਹੈ। ਹੁਣ ਅਨੇਕਾਂ ਸਰਾਂਵਾਂ ਅਤੇ ਹੋਟਲ ਵੀ ਬਣ ਗਏ ਹਨ। ਮੈਦਾਨੀ ਇਲਾਕਿਆਂ ਵਿੱਚੋਂ ਅਤਿ ਦੀ ਗਰਮੀ ਝਾਗਦੇ ਗਏ ਯਾਤਰੀ ਇੱਥੇ ਆ ਕੇ ਕੁਝ ਠੰਢ ਦਾ ਸੁੱਖ ਮਾਣਦੇ ਹਨ।

ਸ੍ਰੀਨਗਰ ਰਾਤ ਰਹਿ ਕੇ ਅਗਲੇ ਦਿਨ ਸਵੇਰੇ 'ਗੋਬਿੰਦਘਾਟ' ਲਈ ਯਾਤਰਾ ਅਰੰਭ ਹੁੰਦੀ ਹੈ। ਸਾਰਾ ਰਸਤਾ ਚੜ੍ਹਾਈ ਵਾਲ਼ਾ ਹੈ। ਆਲ਼ੇ-ਦੁਆਲ਼ੇ ਪਹਾੜਾਂ ਦਾ ਸਿਲਸਿਲਾ ਲਗਾਤਾਰ ਨਾਲ਼ ਚੱਲਦਾ ਹੈ। ਹੇਠਾਂ

ਡੂੰਘੀਆਂ ਖੱਡਾਂ ਵਿੱਚ ਨਦੀ ਦਾ ਪਾਣੀ ਬੜੇ ਤੇਜ਼ ਵੇਗ ਵਿੱਚ ਵਹਿ ਰਿਹਾ ਹੁੰਦਾ ਹੈ। ਗੋਬਿੰਦਘਾਟ ਤੋਂ 22 ਕਿਲੋਮੀਟਰ ਪਹਿਲਾਂ ਰਸਤੇ ਵਿੱਚ ਪ੍ਰਸਿੱਧ ਸਥਾਨ ਜੋਸ਼ੀਮਠ ਆਉਂਦਾ ਹੈ।

'ਜੋਸ਼ੀਮਠ' ਹਿੰਦੂਆਂ ਦਾ ਪ੍ਰਸਿੱਧ ਤੀਰਥ-ਸਥਾਨ ਹੈ। ਕਿਹਾ ਜਾਂਦਾ ਹੈ ਕਿ ਇਹ ਸਥਾਨ ਸ੍ਰੀ ਸ਼ੰਕਰਾਚਾਰੀਆ ਵੱਲੋਂ ਸਥਾਪਿਤ ਕੀਤੇ ਚਾਰ ਮਠਾਂ ਵਿੱਚੋਂ ਇੱਕ ਹੈ। ਆਲ਼ੇ-ਦੁਆਲ਼ੇ ਪਹਾੜੀਆਂ ਨਾਲ਼ ਘਿਰਿਆ ਇਹ ਸਥਾਨ ਇੱਕ ਵੱਖਰੀ ਕਿਸਮ ਦਾ ਨਜ਼ਾਰਾ ਪੇਸ਼ ਕਰਦਾ ਹੈ। ਜੋਸ਼ੀਮਠ ਵਿੱਚ ਕਈ ਮੰਦਰ ਹਨ। ਜੋਸ਼ੀਮਠ ਤੋਂ ਅੱਗੇ 'ਗੋਬਿੰਦਘਾਟ' ਆਉਂਦਾ ਹੈ। 'ਗੋਬਿੰਦਘਾਟ' ਵਿਖੇ ਬੜਾ ਵੱਡਾ ਗੁਰਦਵਾਰਾ ਹੈ। ਇਹ ਗੁਰਦਵਾਰਾ ਅਲਕਨੰਦਾ ਨਦੀ ਦੇ ਕੰਢੇ ਉੱਤੇ ਬਣਿਆ ਹੋਇਆ ਹੈ। ਇੱਥੇ ਅਲਕਨੰਦਾ ਤੇਜ਼ੀ ਨਾਲ਼ ਵਗਦੀ ਹੈ। ਇਸ ਸਥਾਨ ਉੱਤੇ ਬੱਸਾਂ, ਟ੍ਰੱਕਾਂ ਅਤੇ ਕਾਰਾਂ ਦੀ ਘੂੰ-ਘੂੰ ਦੀ ਅਵਾਜ਼ ਸੁਣਾਈ ਨਹੀਂ ਦਿੰਦੀ ਸਗੋਂ ਅਲਕਨੰਦਾ ਨਦੀ ਦੇ ਵਹਾਅ ਦਾ ਸੰਗੀਤ ਕੰਨਾਂ ਨੂੰ ਸੁਣਾਈ ਦਿੰਦਾ ਹੈ। ਚਾਰੇ ਪਾਸੇ ਹਰਿਆਵਲ ਹੀ ਹਰਿਆਵਲ ਹੈ। ਸੂਰਜ ਜਦੋਂ ਦਿਖਾਈ ਦਿੰਦਾ ਹੈ ਤਾਂ ਚਾਰ-ਚੁਫੇਰਾ ਰੰਗ-ਬਰੰਗਾ ਹੋ ਜਾਂਦਾ ਹੈ। ਯਾਤਰੀ ਆਪਣੀ ਥਕਾਵਟ, ਦੁੱਖ-ਦਰਦ ਅਤੇ ਚਿੰਤਾਵਾਂ ਭੁੱਲ ਜਾਂਦੇ ਹਨ। ਹੇਮਕੁੰਟ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਗੁਰਦਵਾਰੇ ਵਿੱਚ ਰਹਾਇਸ਼ ਦਾ ਵਧੀਆ ਪ੍ਰਬੰਧ ਹੈ। ਲੰਗਰ ਹਰ ਵੇਲ਼ੇ ਚੱਲਦਾ ਰਹਿੰਦਾ ਹੈ।

ਇੱਥੋਂ ਅੱਗੇ ਯਾਤਰਾ ਅਗਲੇ ਦਿਨ ਸਵੇਰੇ ਅਰੰਭ ਕਰਨੀ ਪੈਂਦੀ ਹੈ। ਯਾਤਰੀ 'ਗੋਬਿੰਦਘਾਟ' ਤੋਂ 'ਗੋਬਿੰਦਧਾਮ' ਤੱਕ ਦਾ 13-14 ਕਿਲੋਮੀਟਰ ਦਾ ਰਸਤਾ ਪੈਦਲ ਤੈਅ ਕਰਦੇ ਹਨ। ਕੁਝ ਲੋਕ ਇਹ ਸਫ਼ਰ ਘੋੜਿਆਂ 'ਤੇ ਕਰਦੇ ਹਨ। ਪੈਦਲ ਚੱਲਣ ਦਾ ਆਪਣਾ ਵੱਖਰਾ ਹੀ ਅਨੰਦ ਹੈ। ਸਾਰਾ ਰਸਤਾ ਚੜ੍ਹਾਈ ਵਾਲ਼ਾ ਹੈ। ਉੱਭੜ-ਖਾਬੜ ਰਸਤੇ ਉੱਤੇ ਚੱਲਦਿਆਂ ਸਰੀਰ ਕਈ ਵਾਰੀ ਥੱਕ ਜਾਂਦਾ ਹੈ। ਪਰ ਮਨ ਵਿੱਚ ਉਤਸ਼ਾਹ ਕਾਇਮ ਰਹਿੰਦਾ ਹੈ। ਰਸਤੇ ਵਿੱਚ ਯਾਤਰੀ ਥੋੜ੍ਹੀ-ਥੋੜ੍ਹੀ ਦੇਰ ਅਰਾਮ ਕਰਕੇ ਫਿਰ ਅੱਗੇ ਤੁਰ ਪੈਂਦੇ ਹਨ।

ਹਰਿਆਵਲ, ਤਾਜ਼ੀ ਹਵਾ ਅਤੇ ਚਸ਼ਮਿਆਂ ਦਾ ਠੰਢਾ ਪਾਣੀ ਮੈਦਾਨੀ ਇਲਾਕੇ ਦੇ ਯਾਤਰੀਆਂ ਲਈ ਤਾਂ ਅਨਮੋਲ ਸੁਗਾਤ ਬਣ ਜਾਂਦੇ ਹਨ। ਆਉਣ-ਜਾਣ ਵਾਲ਼ੇ ਯਾਤਰੀ ਇੱਕ-ਦੂਸਰੇ ਨੂੰ ਸ਼ੁੱਭ-ਇਛਾਵਾਂ ਦੇਈ ਜਾਂਦੇ ਹਨ। ਗਰਮੀਆਂ ਦੇ ਇਹਨਾਂ ਦਿਨਾਂ ਵਿੱਚ ਭਾਰੀ ਗਿਣਤੀ ਵਿੱਚ ਯਾਤਰੀ ਅਤੇ ਥਾਂ-ਥਾਂ ਉੱਤੇ ਦੁਕਾਨਾਂ ਕਿਸੇ ਮੇਲੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ।

ਰਸਤੇ ਵਿੱਚ ਇੱਕ ਵੱਡਾ ਗਲੇਸ਼ੀਅਰ ਆਉਂਦਾ ਹੈ। ਯਾਤਰੀ ਗਲੇਸ਼ੀਅਰ ਪਾਰ ਕਰਦਿਆਂ ਬਰਫ਼ੀਲੇ ਪਹਾੜ ਨੂੰ ਹੈਰਾਨੀ ਨਾਲ਼ ਦੇਖਦੇ ਹਨ। ਸ਼ਾਮ ਨੂੰ ਯਾਤਰੀ ਥੱਕੇ ਹੋਏ ਪਰ ਖ਼ੁਸ਼ ਮਨ ਨਾਲ਼ 'ਗੋਬਿੰਦਧਾਮ' ਪੁੱਜ ਜਾਂਦੇ ਹਨ। ਇਹ ਸਥਾਨ ਸਮੁੰਦਰੀ ਤਲ ਤੋਂ 10500 ਫ਼ੁੱਟ ਉੱਚਾ ਹੈ। ਇੱਥੇ ਮੈਦਾਨੀ ਇਲਾਕੇ ਦੀਆਂ ਸਰਦੀਆਂ ਵਾਲ਼ੀ ਠੰਢ ਪੈਂਦੀ ਹੈ।

ਇੱਥੇ ਵੀ ਇੱਕ ਬਹੁਤ ਵੱਡਾ ਗੁਰਦਵਾਰਾ ਹੈ। ਇੱਥੇ ਯਾਤਰੀਆਂ ਦੀ ਰਹਾਇਸ਼ ਲਈ ਥਾਂ, ਕੰਬਲ਼, ਲੰਗਰ ਅਤੇ ਚਾਹ-ਪਾਣੀ ਦਾ ਪ੍ਰਬੰਧ ਹੈ। ਯਾਤਰਾ ਦੇ ਦਿਨਾਂ ਵਿੱਚ ਇੱਥੇ ਬੜੀ ਚਹਿਲ-ਪਹਿਲ ਰਹਿੰਦੀ ਹੈ। ਸਾਰੇ ਯਾਤਰੀ ਸਵੇਰੇ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਮਨ ਵਿੱਚ ਰੱਖ ਕੇ ਸੌਂਦੇ ਹਨ।

ਅਗਲੇ ਦਿਨ ਸਵੇਰੇ ਹੀ ਹੇਮਕੁੰਟ ਲਈ ਯਾਤਰਾ ਅਰੰਭ ਕਰਨੀ ਪੈਂਦੀ ਹੈ। ਕੋਈ ਵੀ ਯਾਤਰੀ ਹੇਮਕੁੰਟ ਸਾਹਿਬ ਰਾਤ ਨਹੀਂ ਰਹਿ ਸਕਦਾ ਇਸ ਲਈ ਦਰਸ਼ਨ ਕਰਨ ਉਪਰੰਤ ਵਾਪਸ 'ਗੋਬਿੰਦਘਾਟ' ਹੀ ਪੁੱਜਣਾ ਪੈਂਦਾ ਹੈ। ਗੋਬਿੰਦਧਾਮ ਤੋਂ ਹੇਮਕੁੰਟ ਸਾਹਿਬ 6-7 ਕਿਲੋਮੀਟਰ ਦੀ ਦੂਰੀ ਉੱਤੇ ਹੈ। ਪਰ ਇਹ ਚੜ੍ਹਾਈ ਲਗ-ਪਗ ਸਿੱਧੀ ਹੈ। ਇਸ ਲਈ ਇਹ ਰਸਤਾ ਵਧੇਰੇ ਕਠਨ ਹੈ ਪਰ ਰਸਤੇ ਦੇ ਨਜ਼ਾਰੇ ਹੋਰ ਵੀ ਸੁੰਦਰ ਹਨ। ਸਾਰੇ ਪਾਸੇ ਬਰਫ਼ ਦੇ ਪਹਾੜ ਦਿਸਦੇ ਹਨ। ਸੂਰਜ ਦੀਆਂ ਕਿਰਨਾਂ ਪੈਣ ਨਾਲ਼ ਬਰਫ਼ ਸੋਨੇ ਵਾਂਗ ਚਮਕਦੀ ਹੈ। ਰਸਤੇ ਵਿੱਚ ਥਾਂ-ਥਾਂ ਉੱਤੇ ਦੁਕਾਨਾਂ ਹਨ। ਰਾਹ ਵਿੱਚ ਦੋ ਗਲੇਸ਼ੀਅਰ ਆਉਂਦੇ ਹਨ। ਗਲੇਸ਼ੀਅਰ ਪਾਰ ਕਰਦਿਆਂ ਹੀ 'ਹੇਮਕੁੰਟ ਸਾਹਿਬ' ਸਥਿਤ ਗੁਰਦਵਾਰੇ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਹਨ।

ਅਖੀਰ ਯਾਤਰੀ 'ਹੇਮਕੁੰਟ ਸਾਹਿਬ' ਪੁੱਜ ਜਾਂਦੇ ਹਨ। ਪਹਾੜ ਦੀ ਚੋਟੀ ਉੱਤੇ ਇਸ ਪੱਧਰੇ ਸਥਾਨ 'ਤੇ ਸਥਿਤ ਸਰੋਵਰ ਅਤੇ ਨਾਲ਼ ਹੀ ਇੱਕ ਸੁੰਦਰ ਗੁਰਦਵਾਰਾ ਇੱਕ ਅਦੁੱਤੀ ਨਜ਼ਾਰਾ ਪੇਸ਼ ਕਰਦੇ ਹਨ। ਇਸ ਸਥਾਨ ਤੋਂ ਆਸੇ-ਪਾਸੇ ਸੱਤ ਪਹਾੜੀ ਚੋਟੀਆਂ ਨਜ਼ਰ ਆਉਂਦੀਆਂ ਹਨ। ਬਰਫ਼ ਨਾਲ਼ ਢਕੀਆਂ ਅਤੇ ਸੂਰਜ ਨਾਲ਼ ਚਮਕਦੀਆਂ ਇਹਨਾਂ ਚੋਟੀਆਂ ਨੂੰ ਹੀ 'ਸਪਤਸ੍ਰਿੰਗ' ਕਿਹਾ ਜਾਂਦਾ ਹੈ। 'ਹੇਮਕੁੰਟ ਸਾਹਿਬ' ਦਾ ਸਰੋਵਰ ਲਗ-ਪਗ ਢਾਈ ਵਰਗਮੀਲ ਵਿੱਚ ਫੈਲਿਆ ਹੋਇਆ ਹੈ। ਸਾਰੇ ਯਾਤਰੀ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ। ਇਸ਼ਨਾਨ ਕਰਦਿਆਂ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਯਾਤਰੀ ਗੁਰਦਵਾਰਾ ਸਾਹਿਬ ਦੇ ਦਰਸ਼ਨ ਕਰਦੇ ਹਨ ਅਤੇ ਮੱਥਾ ਟੇਕਦੇ ਹਨ। ਆਕਸੀਜਨ ਘਟ ਜਾਣ ਕਾਰਨ ਸੇਵਾਦਾਰ ਇੱਥੇ ਯਾਤਰੀਆਂ ਨੂੰ ਰਾਤ ਠਹਿਰਨ ਦੀ ਇਜਾਜ਼ਤ ਨਹੀਂ ਦਿੰਦੇ। ਯਾਤਰੀ ਆਪਣੇ ਮਨ ਵਿੱਚ ਇਹਨਾਂ ਨਜ਼ਾਰਿਆਂ ਨੂੰ ਵਸਾਉਂਦੇ ਹਨ ਅਤੇ ਮੁੜ ਇੱਥੇ ਆਉਣ ਦੀ ਲੋਚਾ ਲੈ ਕੇ ਵਾਪਸ ਮੁੜ ਪੈਂਦੇ ਹਨ। ਹੁਣ ਰਸਤਾ ਉਤਰਾਈ ਵਾਲ਼ਾ ਹੁੰਦਾ ਹੈ। ਤਿਲਕ ਜਾਣ ਦੇ ਡਰੋਂ ਸਾਵਧਾਨੀ ਰੱਖਦਿਆਂ ਯਾਤਰਾ ਕਰਨੀ ਪੈਂਦੀ ਹੈ। ਸ਼ਾਮ ਤੱਕ 'ਗੋਬਿੰਦਧਾਮ' ਤੋਂ 'ਗੋਬਿੰਦਘਾਟ' ਵਾਪਸ ਅਤੇ ਫਿਰ ਆਪਣੇ-ਆਪਣੇ ਘਰਾਂ ਨੂੰ।

ਇਸ ਯਾਤਰਾ ਦਾ ਨਜ਼ਾਰਾ ਹਰ ਵੇਲ਼ੇ ਯਾਤਰੀਆਂ ਨੂੰ ਯਾਤਰਾ ਦੇ ਸੁਹਾਵੇ ਦਿਨਾਂ ਦੀ ਯਾਦ ਦਿਵਾਉਂਦਾ ਰਹਿੰਦਾ ਹੈ। ਇਸ ਤਰ੍ਹਾਂ ਹੇਮਕੁੰਟ ਦੀ ਯਾਤਰਾ ਹਰ ਯਾਤਰੀ ਦੀਆਂ ਸੁਨਹਿਰੀ ਯਾਦਾਂ ਵਿੱਚ ਸ਼ਾਮਲ ਹੋ ਜਾਂਦੀ ਹੈ।

## ਪਾਠ- ਅਭਿਆਸ

**1. ਦੱਸੋ :**

(ੳ) 'ਹੇਮਕੁੰਟ' ਸ਼ਬਦ ਦੇ ਅਰਥ ਦੱਸੋ। ਹੇਮਕੁੰਟ ਸਾਹਿਬ ਰਾਤ ਨੂੰ ਕੋਈ ਕਿਉਂ ਨਹੀਂ ਠਹਿਰ ਸਕਦਾ ?

(ਅ) ਹੇਮਕੁੰਟ ਸਾਹਿਬ ਸਰਦੀਆਂ ਵਿੱਚ ਕਿਉਂ ਨਹੀਂ ਜਾਇਆ ਜਾ ਸਕਦਾ।

(ੲ) ਸ੍ਰੀਨਗਰ ਸ਼ਹਿਰ ਦੀ ਕੀ ਮਹੱਤਤਾ ਹੈ।

(ਸ) ਜੋਸ਼ੀਮਠ ਦੀ ਮਹੱਤਤਾ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ।

(ਹ) ਗੋਬਿੰਦਘਾਟ ਤੋਂ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਵਰਨਣ ਕਰੋ।

(ਕ) ਹੇਮਕੁੰਟ ਸਾਹਿਬ ਸਥਿਤ ਗੁਰਦਵਾਰੇ ਅਤੇ ਇਸ ਦੇ ਚੁਗਿਰਦੇ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਕਰੋ।

## 1. ਬਹੁਵਿਕਲਪੀ ਪ੍ਰਸ਼ਨ :

(ੳ) ਹੇਮਕੁੰਟ ਸਾਹਿਬ ਵਿਖੇ ਕਿਹੜੇ ਗੁਰੂ ਜੀ ਨੇ ਤਪੱਸਿਆ ਕੀਤੀ ਦੱਸੀ ਜਾਂਦੀ ਹੈ ?

(ਕ) ਸ੍ਰੀ ਗੁਰੂ ਨਾਨਕ ਦੇਵ ਜੀ ਨੇ (ਖ) ਸ੍ਰੀ ਗੁਰੂ ਅਰਜਨ ਦੇਵ ਜੀ ਨੇ

(ਗ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ।

(ਅ) ਹੇਮਕੁੰਟ ਦਾ ਕੀ ਅਰਥ ਹੈ ?

(ਕ) ਬਰਫ਼ ਦਾ ਸਰੋਵਰ (ਖ) ਗਰਮ ਪਾਣੀ ਦਾ ਸਰੋਵਰ

(ਗ) ਠੰਢੇ ਪਾਣੀ ਦਾ ਸਰੋਵਰ।

(ੲ) ਗੁਰੂ ਨਾਨਕ ਜੀ ਸੁਮੇਰ ਪਰਬਤ ਨੂੰ ਜਾਂਦੇ ਹੋਏ ਕਿੱਥੇ ਰੁਕੇ ਸਨ ?

(ਕ) ਗੋਬਿੰਦ ਘਾਟ ਵਿਖੇ (ਖ) ਰਿਸ਼ੀਕੇਸ਼ ਵਿਖੇ

(ਗ) ਸ੍ਰੀਨਗਰ ਵਿਖੇ।

(ਸ) ਗੋਬਿੰਦਧਾਮ ਸਮੁੰਦਰੀ ਤਲ ਤੋਂ ਕਿੰਨੀ ਉਚਾਈ 'ਤੇ ਹੈ।

(ਕ) 9000 ਫੁੱਟ 'ਤੇ (ਖ) 10000, ਫੁੱਟ 'ਤੇ

(ਗ) 10, 500 ਫੁੱਟ 'ਤੇ

(ਹ) ਹੇਮਕੁੰਟ ਸਾਹਿਬ ਗੁਰਦਵਾਰਾ ਵਿਖੇ ਕਿਸ ਗੈਸ ਦੀ ਘਾਟ ਹੈ ?

(ਕ) ਨਾਈਟ੍ਰੋਜਨ ਗੈਸ (ਖ) ਕਾਰਬਨ ਡਾਇਆਕਸਾਈਡ ਗੈਸ

(ਗ) ਆਕਸੀਜਨ ਗੈਸ

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਹੇਮਕੁੰਟ ਦਾ ਕੀ ਅਰਥ ਹੈ ?

(ਅ) ਇਸ ਸਥਾਨ 'ਤੇ ਕਿਹੜੇ ਗੁਰੂ ਜੀ ਨੇ ਤਪੱਸਿਆ ਕੀਤੀ ਸੀ ?

(ੲ) ਹੇਮਕੁੰਟ ਸਾਹਿਬ ਦਾ ਰਸਤਾ ਕਿਹੋ-ਜਿਹਾ ਹੈ ?

(ਸ) ਸ੍ਰੀਨਗਰ ਵਿੱਚ ਕਿਹੜੀ ਯੂਨੀਵਰਸਿਟੀ ਹੈ ?

(ਹ) ਗੋਬਿੰਦਘਾਟ ਵਿਖੇ ਗੁਰਦਵਾਰਾ ਕਿਹੜੀ ਨਦੀ ਦੇ ਕੰਢੇ 'ਤੇ ਸਥਿਤ ਹੈ ?

## 3. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :

(ੳ) ਹੇਮਕੁੰਟ ਸਾਹਿਬ ਦੀ ਯਾਤਰਾ ਕਿਸ ਸ਼ਹਿਰ ਤੋਂ ਸ਼ੁਰੂ ਹੁੰਦੀ ਹੈ ?

(ਅ) ਹਿੰਦੂਆਂ ਦਾ ਤੀਰਥ-ਸਥਾਨ ਕਿਹੜਾ ਹੈ ? ਇਸ ਦੀ ਸਥਾਪਨਾ ਕਿਸ ਨੇ ਕੀਤੀ ਸੀ ?

(ੲ) ਹੇਮਕੁੰਟ ਸਾਹਿਬ ਸਰਦੀਆਂ ਵਿੱਚ ਕਿਉਂ ਨਹੀਂ ਜਾਇਆ ਜਾ ਸਕਦਾ ?

(ਸ) ਸ੍ਰੀਨਗਰ ਸ਼ਹਿਰ ਦੀ ਕੀ ਮਹੱਤਤਾ ਹੈ ?

(ਹ) ਹੇਮਕੁੰਟ ਸਾਹਿਬ ਸਥਿਤ ਗੁਰਦਵਾਰੇ ਤੇ ਚੁਗਿਰਦੇ ਦਾ ਵਰਨਣ ਕਰੋ।

## 4. ਵਾਕਾਂ ਵਿੱਚ ਵਰਤੋ :

| ਸ਼ਬਦ | | ਵਾਕ |
|---|---|---|
| ਸ਼ਰਧਾਲੂ | : | ਗੁਰਦਵਾਰਾ ਸਾਹਿਬ ਵਿਖੇ ਸ਼ਰਧਾਲੂ ਰੋਜ਼ ਮੱਥਾ ਟੇਕਣ ਲਈ ਜਾਂਦੇ ਹਨ। |
| ਰਹਾਇਸ਼ | : | |
| ਪੜਾਅ | : | |
| ਸਿਲਸਿਲਾ | : | |
| ਉਤਸ਼ਾਹ | : | |

## 5. ਖ਼ਾਲੀ ਥਾਂਵਾਂ ਭਰੋ :

(ਤੀਰਥ-ਸਥਾਨਾਂ, ਬਰਫ਼, ਯਾਤਰਾ, ਪ੍ਰਸਿੱਧ, ਆਕਸੀਜਨ)

1. ਇਹ ਭਾਰਤ ਦੇ ਪ੍ਰਸਿੱਧ ________ ਵਿੱਚੋਂ ਇੱਕ ਹੈ ?
2. ਇੱਥੇ ਸਾਰਾ ਸਾਲ _________ ਜੰਮੀ ਰਹਿੰਦੀ ਹੈ।
3. ਹੇਮਕੁੰਟ ਦੀ ________ ਬਹੁਤ ਕਠਨ ਹੈ।
4. ਜੋਸ਼ੀਮਠ ਹਿੰਦੂਆਂ ਦਾ _________ ਤੀਰਥ-ਸਥਾਨ ਹੈ।
5. ਇੱਥੇ ____________ ਦੀ ਘਾਟ ਹੈ।

## 6. ਸਮਾਸੀ ਸ਼ਬਦ ਬਣਾਓ :

| | | |
|---|---|---|
| ਅੱਜ ਕੱਲ੍ਹ | : | ਅੱਜ-ਕੱਲ੍ਹ |
| ਤੀਰਥ ਸਥਾਨ | : | |

ਚਹਿਲ ਪਹਿਲ :

ਚਾਰ ਚੁਫੇਰਾ :

ਉੱਭੜ ਖਾਬੜ :

7. **ਹੇਠ ਲਿਖੇ ਸ਼ਬਦਾਂ ਦੇ ਹਿੰਦੀ/ਅੰਗਰੇਜ਼ੀ ਰੂਪ ਲਿਖੋ :**

| ਸ਼ਬਦ | ਹਿੰਦੀ | ਅੰਗਰੇਜ਼ੀ |
|---|---|---|
| ਬਰਫ਼ | बर्फ़ | Ice |
| ਦ੍ਰਿਸ਼ | ________ | ________ |
| ਯਾਤਰਾ | ________ | ________ |
| ਪਰਬਤ | ________ | ________ |
| ਉੱਚਾ | ________ | ________ |
| ਪੁੱਜਣਾ | ________ | ________ |

8. **ਵਿਰੋਧੀ ਸ਼ਬਦ ਲਿਖੋ :**

ਸ਼ਬਦ

ਸੋਹਣਾ :

ਸਵੇਰ :

ਦਿਨ :

ਤਾਜ਼ਾ :

ਉੱਚਾ :

ਚੜ੍ਹਨਾ :

9. **ਅਧਿਆਪਕ ਲਈ :**

ਅਧਿਆਪਕ ਜੀ ਕੋਲ਼ੋਂ ਅਜਿਹੇ ਕਿਸੇ ਹੋਰ ਤੀਰਥ-ਸਥਾਨ ਦੀ ਜਾਣਕਾਰੀ ਪ੍ਰਾਪਤ ਕਰੋ।

10. **ਹੇਠਾਂ ਦਿੱਤੇ ਸ਼ਬਦ ਗੁਰਮੁਖੀ ਅਤੇ ਦੇਵਨਾਗਰੀ ਦੋਂਹਾਂ ਲਿਪੀਆਂ ਵਿੱਚ ਲਿਖੇ ਹਨ। ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ :**

ਸ਼ਰਧਾਲੂ : श्रद्धालु

ਪਰਬਤ : पर्वत

| | | |
|---|---|---|
| ਤਪੱਸਿਆ | : | तपस्या |
| ਬਰਫ਼ | : | बर्फ़ |
| ਮਾਤਰਾ | : | मात्रा |
| ਦਰਸ਼ਨ | : | दर्शन |
| ਦ੍ਰਿਸ਼ | : | दृश्य |
| ਉੱਚਾ | : | ऊँचा |
| ਯਾਤਰਾ | : | यात्रा |
| ਸਥਿਤ | : | स्थित |
| ਤੀਰਥ | : | तीर्थ |
| ਪੜਾਅ | : | पड़ाव |
| ਦਰਦ | : | दर्द |
| ਰਿਸ਼ੀਕੇਸ਼ | : | ऋषिकेश |

11. **ਹੇਠਾਂ ਪੰਜਾਬੀ ਅਤੇ ਹਿੰਦੀ ਦੇ ਇੱਕੋ ਅਰਥ ਰੱਖਦੇ ਸ਼ਬਦ ਦਿੱਤੇ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਸਮਝੋ :**

| | | |
|---|---|---|
| ਕੰਢਾ | : | किनारा |
| ਅਦੁੱਤੀ | : | अद्भुत |
| ਵਾਂਗ | : | समान |
| ਤਿਲਕ | : | फिसल |
| ਪੁੱਜਾ | : | पहुँचा |
| ਚਾਰ-ਚੁਫੇਰਾ | : | इर्द - गिर्द |
| ਲੋਚਾ | : | तमन्ना |
| ਤਾਂਘ | : | इच्छा |

12. **ਵਾਕਾਂ ਵਿੱਚ ਵਰਤੋ :**

ਸ਼ਰਧਾਲੂ, ਤਪੱਸਿਆ, ਤੈਅ, ਪੜਾਅ, ਰਹਾਇਸ਼, ਸਿਲਸਿਲਾ, ਵੇਗ, ਵਹਾਅ, ਉਤਸ਼ਾਹ, ਅਨਮੋਲ, ਤਾਂਘ, ਅਦੁੱਤੀ।

### ਵਿਆਕਰਨ :

ਪਿਛਲੀ ਸ਼੍ਰੇਣੀ ਵਿੱਚ ਤੁਸੀਂ ਪੜ੍ਹਿਆ ਹੈ ਕਿ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਨੂੰ ਮਿਲ਼ਾ ਕੇ ਬਣੇ ਸ਼ਬਦ ਨੂੰ ਸਮਾਸੀ ਸ਼ਬਦ ਕਹਿੰਦੇ ਹਨ। ਇਸ ਪਾਠ ਵਿੱਚ ਆਏ ਸਮਾਸੀ ਸ਼ਬਦ ਦੇਖੋ :

ਲਗ-ਪਗ, ਅੱਜ-ਕੱਲ੍ਹ, ਆਲ਼ਾ-ਦੁਆਲ਼ਾ, ਤੀਰਥ-ਸਥਾਨ, ਚਾਰ-ਚੁਫੇਰਾ, ਉੱਭੜ-ਖਾਬੜ, ਚਹਿਲ-ਪਹਿਲ, ਆਸੇ-ਪਾਸੇ, ਦੁੱਖ-ਦਰਦ।


ਪਿਛਲੇ ਪਾਠਾਂ ਵਿੱਚ ਪੜ੍ਹੇ ਦਸ ਸਮਾਸੀ ਸ਼ਬਦ ਚੁਣ ਕੇ ਲਿਖੋ।

* * *

ਪਾਠ -7

# ਅਣਖੀਲਾ ਯੋਧਾ—ਸ਼ਹੀਦ ਊਧਮ ਸਿੰਘ

ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਅਜ਼ਾਦ ਕਰਵਾਉਣ ਲਈ ਦੇਸਵਾਸੀਆਂ ਨੂੰ ਇੱਕ ਲੰਮਾ ਸੰਘਰਸ਼ ਕਰਨਾ ਪਿਆ। ਇਸ ਲੰਮੇ ਤੇ ਕੁਰਬਾਨੀਆਂ ਦੇ ਇਤਿਹਾਸ ਵਿੱਚ ਪੰਜਾਬੀਆਂ ਨੇ ਸਭ ਤੋਂ ਵੱਧ ਹਿੱਸਾ ਪਾਇਆ। ਜਿਨ੍ਹਾਂ ਸ਼ਹੀਦਾਂ ਦੇ ਯਤਨਾਂ ਸਦਕਾ ਸਾਡਾ ਦੇਸ ਅਜ਼ਾਦ ਹੋਇਆ, ਉਹਨਾਂ ਨੂੰ ਵਿਸਾਰਿਆ ਨਹੀਂ ਜਾ ਸਕਦਾ। ਉਹ ਸਾਡੇ ਇਤਿਹਾਸ ਦਾ ਗੌਰਵ ਤੇ ਮਾਣ ਹਨ। ਅਜਿਹੇ ਸੂਰਬੀਰ ਅਤੇ ਅਣਖੀਲੇ ਯੋਧਿਆਂ ਵਿੱਚ ਸ: ਊਧਮ ਸਿੰਘ ਦਾ ਨਾਂ ਬਹੁਤ ਹੀ ਸਤਿਕਾਰ ਦਾ ਪਾਤਰ ਹੈ। ਉਸ ਨੂੰ ਆਪਣਾ ਨਾਂ ਊਧਮ ਸਿੰਘ ਦੀ ਥਾਂ 'ਰਾਮ ਮੁਹੰਮਦ ਸਿੰਘ ਆਜ਼ਾਦ' ਵਧੇਰੇ ਪਸੰਦ ਸੀ। ਇਸ ਵਿੱਚ ਰਾਮ ਹਿੰਦੂਆਂ ਦਾ, ਮੁਹੰਮਦ ਮੁਸਲਮਾਨਾਂ ਦਾ, ਸਿੰਘ ਸਿੱਖਾਂ ਦਾ ਅਤੇ ਆਜ਼ਾਦ ਹਿੰਦੁਸਤਾਨ ਦੀ ਅਜ਼ਾਦੀ ਦਾ ਪ੍ਰਤੀਕ ਸੀ।




ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ: ਨੂੰ ਪਿੰਡ ਸੁਨਾਮ ਜ਼ਿਲ੍ਹਾ ਸੰਗਰੂਰ (ਪੰਜਾਬ) ਵਿਖੇ ਹੋਇਆ। ਉਸ ਦਾ ਪਿਤਾ ਸ. ਟਹਿਲ ਸਿੰਘ ਕੰਬੋਜ ਬਰਾਦਰੀ 'ਚੋਂ ਸੀ ਅਤੇ ਰੇਲਵੇ ਫਾਟਕ ਦੀ ਚੌਕੀਦਾਰੀ ਕਰਦਾ ਸੀ। ਉਸ ਦੀ ਮਾਤਾ ਦਾ ਨਾਂ ਨਰਾਇਣ ਕੌਰ ਸੀ। ਊਧਮ ਸਿੰਘ ਅਜੇ ਬਾਲ ਹੀ ਸੀ ਜਦੋਂ ਉਸ ਦੇ ਮਾਤਾ-ਪਿਤਾ ਚੱਲ ਵੱਸੇ ਤੇ ਊਧਮ ਸਿੰਘ ਯਤੀਮ ਹੋ ਗਿਆ। ਗਿਆਨੀ ਚੈਂਚਲ ਸਿੰਘ ਇੱਕ ਬਹੁਤ ਰਹਿਮ-ਦਿਲ ਪਿੰਡਵਾਸੀ ਸੀ। ਉਸ ਨੇ

ਲੰਮੀ ਸੋਚ ਕੇ ਬਾਲ ਊਧਮ ਸਿੰਘ ਨੂੰ ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ। ਊਧਮ ਸਿੰਘ ਦੀ ਮੁਢਲੀ ਵਿੱਦਿਆ ਇੱਥੇ ਹੀ ਪੂਰੀ ਹੋਈ। ਉਸ ਦਾ ਪਹਿਲਾ ਨਾਂ ਸ਼ੇਰ ਸਿੰਘ ਸੀ ਜੋ ਯਤੀਮਖ਼ਾਨੇ ਅੰਮ੍ਰਿਤਪਾਨ ਕਰਨ ਉਪਰੰਤ ਉਦੈ ਸਿੰਘ ਰੱਖਿਆ ਗਿਆ। ਉਹ ਬਾਅਦ ਵਿੱਚ ਊਧਮ ਸਿੰਘ ਦੇ ਨਾਂ ਨਾਲ਼ ਦੁਨੀਆ ਵਿੱਚ ਜਾਣਿਆ ਜਾਣ ਲੱਗਾ। ਇਸ ਦੌਰਾਨ ਊਧਮ ਸਿੰਘ ਦਾ ਵੱਡਾ ਭਰਾ ਸਾਧੂ ਸਿੰਘ 19 ਸਾਲ ਦੀ ਉਮਰ ਵਿੱਚ ਹੀ ਚਲਾਣਾ ਕਰ ਗਿਆ। ਭਰਾ ਦੀ ਮੌਤ ਨੇ ਊਧਮ ਸਿੰਘ ਨੂੰ ਡੂੰਘਾ ਸਦਮਾ ਪਹੁੰਚਾਇਆ। ਹੁਣ ਊਧਮ ਸਿੰਘ ਇਕੱਲਾ ਰਹਿ ਗਿਆ।

ਯਤੀਮਖ਼ਾਨੇ ਰਹਿ ਕੇ ਊਧਮ ਸਿੰਘ ਨੇ ਦਸਵੀਂ ਪਾਸ ਕਰ ਲਈ। ਉਹ ਆਪਣੇ ਭਵਿਖ ਬਾਰੇ ਸੁਪਨੇ ਲੈਣ ਲੱਗਿਆ। ਦੇਸ ਦੀ ਅਜ਼ਾਦੀ ਦੀ ਲਹਿਰ ਜ਼ੋਰਾਂ 'ਤੇ ਸੀ। 13 ਅਪਰੈਲ, 1919 ਈ: ਨੂੰ ਜੱਲ੍ਹਿਆਂਵਾਲ਼ੇ ਬਾਗ਼ ਦਾ ਖ਼ੂਨੀ ਸਾਕਾ ਵਾਪਰ ਗਿਆ। ਜਨਰਲ ਡਾਇਰ ਨੇ ਨਿਹੱਥੇ ਤੇ ਬੇਕਸੂਰ ਲੋਕਾਂ ਉੱਪਰ ਗੋਲ਼ੀਆਂ ਚਲਾ ਕੇ ਉਹਨਾਂ ਦੇ ਖ਼ੂਨ ਨਾਲ਼ ਹੋਲੀ ਖੇਡੀ। ਪੰਜਾਬ ਦੀ ਵਿਸਾਖੀ ਲਹੂ-ਲੁਹਾਨ ਹੋ ਗਈ। ਯਤੀਮਖ਼ਾਨੇ ਨੇ ਊਧਮ ਸਿੰਘ ਦੀ ਅਗਵਾਈ ਵਿੱਚ ਇੱਕ ਜਥਾ ਜ਼ਖ਼ਮੀਆਂ ਦੀ ਦੇਖ-ਭਾਲ਼ ਲਈ ਜੱਲ੍ਹਿਆਂਵਾਲ਼ੇ ਬਾਗ਼ ਭੇਜਿਆ। ਇੱਥੇ ਲਾਸ਼ਾਂ, ਜ਼ਖ਼ਮੀਆਂ ਦੀਆਂ ਚੀਕਾਂ ਅਤੇ ਮਿਰਤਕਾਂ ਦੇ ਵਾਰਸਾਂ ਦੀ ਕੁਰਲਾਹਟ ਨੇ ਗੱਭਰੂ ਊਧਮ ਸਿੰਘ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ। ਜਲ੍ਹਿਆਂਵਾਲ਼ੇ ਬਾਗ਼ ਦੀ ਘਟਨਾ ਦਾ ਸਾਰੇ ਦੇਸ ਵਿੱਚ ਪ੍ਰਤਿਕਰਮ ਹੋਇਆ। ਹੰਟਰ ਕਮੇਟੀ ਦੀ ਰਿਪੋਰਟ ਅਨੁਸਾਰ ਇਸ ਘਟਨਾ ਵਿੱਚ 379 ਵਿਅਕਤੀ ਮਾਰੇ ਗਏ ਅਤੇ ਇਸ ਤੋਂ ਤਿੰਨ ਗੁਣਾ ਜ਼ਿਆਦਾ ਵਿਅਕਤੀ ਫੱਟੜ ਹੋਏ ਪਰ ਅਸਲ ਵਿੱਚ ਇਸ ਖ਼ੂਨੀ ਕਾਂਡ ਵਿੱਚ ਇਸ ਤੋਂ ਕਈ ਗੁਣਾ ਵਧੇਰੇ ਜਾਨਾਂ ਬਲੀ ਚੜ੍ਹ ਗਈਆਂ।

ਊਧਮ ਸਿੰਘ ਨੇ ਜੱਲ੍ਹਿਆਂਵਾਲ਼ੇ ਬਾਗ਼ ਦਾ ਦਿਲ-ਕੰਬਾਊ ਤੇ ਦਰਦਨਾਕ ਦ੍ਰਿਸ਼ ਆਪਣੇ ਅੱਖੀਂ ਵੇਖਿਆ ਸੀ। ਉਸ ਦੇ ਖ਼ੂਨ ਨੇ ਉਬਾਲ਼ਾ ਖਾਧਾ। ਉਸ ਨੇ ਪ੍ਰਣ ਕੀਤਾ ਕਿ ਉਹ ਇਸ ਘਟਨਾ ਦੇ ਜ਼ੁੰਮੇਵਾਰ ਜਨਰਲ ਡਾਇਰ ਤੋਂ ਖ਼ੂਨ ਦਾ ਬਦਲਾ ਲਏ ਬਿਨਾਂ ਸਾਹ ਨਹੀਂ ਲਵੇਗਾ। ਇਸ ਘਟਨਾ ਨੇ ਊਧਮ ਸਿੰਘ ਦੀ ਜੀਵਨ-ਸੋਚ ਹੀ ਬਦਲ ਕੇ ਰੱਖ ਦਿੱਤੀ। ਆਖ਼ਰ ਉਹ 1920 ਵਿੱਚ ਅਫ਼ਰੀਕਾ ਚਲੇ ਗਿਆ ਅਤੇ 1921 ਵਿੱਚ ਅਮਰੀਕਾ ਪਹੁੰਚਿਆ। ਇੱਥੇ ਉਸ ਦਾ ਮੇਲ਼ ਹਿੰਦੁਸਤਾਨ ਦੇ ਇਨਕਲਾਬੀ ਲੀਡਰਾਂ ਨਾਲ਼ ਹੋਇਆ। ਫਿਰ ਉਹ ਦੇਸ ਪਰਤ ਆਇਆ ਅਤੇ ਅੰਮ੍ਰਿਤਸਰ ਇੱਕ ਛੋਟੇ ਜਿਹੇ ਮਕਾਨ 'ਚ ਕਿਰਾਏ 'ਤੇ ਰਹਿਣ ਲੱਗ ਪਿਆ। ਉਸ ਨੇ ਆਪਣਾ ਨਾਂ ਬਦਲ ਕੇ 'ਰਾਮ ਮੁਹੰਮਦ ਸਿੰਘ ਆਜ਼ਾਦ' ਰੱਖ ਲਿਆ। ਉਸ ਦਾ ਮਕਾਨ ਕ੍ਰਾਂਤੀਕਾਰੀਆਂ ਦਾ ਅੱਡਾ ਬਣ ਗਿਆ। 30 ਅਗਸਤ, 1927 ਈ. ਨੂੰ ਸੀ. ਆਈ. ਡੀ. ਨੇ ਉਸ ਨੂੰ ਅੰਮ੍ਰਿਤਸਰ ਤੋਂ ਗਰਿਫ਼ਤਾਰ ਕਰ ਲਿਆ। ਉਸ ਕੋਲ਼ੋਂ ਬਹੁਤ ਸਾਰਾ ਇਨਕਲਾਬੀ ਸਾਹਿਤ ਅਤੇ ਤਿੰਨ ਪਸਤੌਲ ਬਰਾਮਦ ਕੀਤੇ ਗਏ। ਇਸ ਕਾਰਨ ਉਸ ਨੇ ਪਿਸ਼ਾਵਰ ਅਤੇ ਮੁਲਤਾਨ ਦੀ ਜੇਲ੍ਹ ਵਿੱਚ ਪੰਜ ਸਾਲ ਸਖ਼ਤ ਕੈਦ ਦੀ ਸਜ਼ਾ ਭੁਗਤੀ ਅਤੇ ਉਹ 1932 ਈ. ਵਿੱਚ ਰਿਹਾ ਹੋਇਆ। ਹੁਣ ਊਧਮ ਸਿੰਘ ਦਾ ਸਿਰੜ ਹੋਰ ਵੀ ਪੱਕਾ ਹੋ ਗਿਆ ਅਤੇ ਉਸ ਨੂੰ ਦੇਸ ਦੀ ਅਜ਼ਾਦੀ ਦੇ ਸੰਘਰਸ਼ ਨੇ ਹੋਰ ਵੀ ਬਲ ਪ੍ਰਦਾਨ ਕੀਤਾ।

1932 ਈ. ਵਿੱਚ ਹੀ ਉਸ ਦੀ ਮੁਲਾਕਾਤ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ਼ ਹੋਈ। ਦੇਸ-ਭਗਤੀ ਦੀ ਭਾਵਨਾ ਮਨ ਵਿੱਚ ਲੈ ਕੇ ਉਸ ਨੇ ਫ਼੍ਰਾਂਸ, ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਜਾ ਕੇ ਭਾਰਤ ਦੀ ਅਜ਼ਾਦੀ ਲਈ ਪ੍ਰਚਾਰ ਕੀਤਾ। ਆਖ਼ਰ 1937 ਈ. ਵਿੱਚ ਉਹ ਇੰਗਲੈਂਡ ਪਹੁੰਚ ਗਿਆ। ਇੱਥੇ ਰਹਿੰਦਿਆਂ ਊਧਮ ਸਿੰਘ ਨੇ

ਜ਼ਿੰਦਗੀ ਦੀਆਂ ਅਨੇਕਾਂ ਔਕੜਾਂ ਦਾ ਸਾਮ੍ਹਣੇ ਕੀਤਾ। ਉਸ ਨੂੰ ਆਪਣਾ ਟੀਚਾ ਪੂਰਾ ਕਰਨ ਤੋਂ ਬਿਨਾਂ ਹੋਰ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਊਧਮ ਸਿੰਘ ਬਚਪਨ ਤੋਂ ਹੀ ਚੁੱਪ-ਚਾਪ, ਸ਼ਾਂਤ ਸੁਭਾਅ, ਸਿਰੜੀ, ਹਿੰਮਤੀ ਤੇ ਲਗਨ ਨਾਲ਼ ਕੰਮ ਕਰਨ ਦਾ ਆਦੀ ਸੀ।

ਊਧਮ ਸਿੰਘ ਨੇ ਜਦ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦੀ ਖ਼ਬਰ ਸੁਣੀ ਤਾਂ ਉਹ ਬਹੁਤ ਦੁਖੀ ਹੋਇਆ। ਉਹ ਕਈ ਦਿਨ ਚੁੱਪ ਰਿਹਾ ਅਤੇ ਖਾਧਾ-ਪੀਤਾ ਵੀ ਕੁਝ ਨਾ। ਊਧਮ ਸਿੰਘ ਹਰ ਸਮੇਂ ਆਪਣੇ ਦੇਸ ਦੀ ਅਜ਼ਾਦੀ ਬਾਰੇ ਸੋਚਦਾ ਰਹਿੰਦਾ ਸੀ।

ਲੰਡਨ ਪੁੱਜ ਕੇ ਊਧਮ ਸਿੰਘ ਨੇ ਇੰਜੀਨੀਅਰਿੰਗ ਦਾ ਕੋਰਸ ਕਰ ਕੇ ਉੱਥੇ ਹੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ ਪਰੰਤੂ ਉਹ ਕਿਸੇ ਹੋਰ ਤਾਕ ਵਿੱਚ ਸੀ। ਉਹ ਲਗ-ਪਗ ਸੱਤ ਸਾਲ ਇੰਗਲੈਂਡ ਵਿੱਚ ਰਿਹਾ। ਇਸ ਦੌਰਾਨ ਜਨਰਲ ਡਾਇਰ ਤਾਂ ਮਰ ਚੁੱਕਾ ਸੀ ਪਰੰਤੂ ਉਸ ਸਮੇਂ ਦੇ ਪੰਜਾਬ ਦਾ ਗਵਰਨਰ ਸਰ ਮਾਈਕਲ ਉਡਵਾਇਰ ਅਜੇ ਜਿਊਂਦਾ ਸੀ। 13 ਮਾਰਚ, 1940 ਈ: ਨੂੰ ਭਾਰਤ ਵਿੱਚ ਰਹਿ ਚੁੱਕੇ ਅੰਗਰੇਜ਼ ਅਫ਼ਸਰਾਂ ਦੀ ਮੀਟਿੰਗ ਲੰਡਨ ਦੇ ਕੈਕਸਟਨ ਹਾਲ ਵਿੱਚ ਹੋ ਰਹੀ ਸੀ ਜਿਸ ਬਾਰੇ ਊਧਮ ਸਿੰਘ ਨੇ ਜਾਣਕਾਰੀ ਪ੍ਰਾਪਤ ਕਰ ਲਈ ਸੀ। ਇਸ ਮੀਟਿੰਗ ਵਿੱਚ ਸਰ ਮਾਈਕਲ ਉਡਵਾਇਰ ਸਾਬਕਾ ਲੈਫ਼ਟੀਨੈਂਟ ਗਵਰਨਰ ਪੰਜਾਬ, ਲਾਰਡ ਜ਼ੈੱਟਲੈਂਡ, ਲਾਰਡ ਲਮਿੰਗਟਨ ਅਤੇ ਹੋਰ ਅਨੇਕਾਂ ਉੱਚ ਅਧਿਕਾਰੀ ਮੌਜੂਦ ਸਨ। ਊਧਮ ਸਿੰਘ ਵੀ ਇਸ ਹਾਲ ਵਿੱਚ ਅੰਗਰੇਜ਼ੀ ਅੰਦਾਜ਼ ਦੇ ਕੱਪੜੇ, ਓਵਰਕੋਟ ਤੇ ਹੈਟ ਪਹਿਨ ਕੇ ਪਹੁੰਚ ਗਿਆ।

ਹਾਲ ਵਿੱਚ ਸਰ ਮਾਈਕਲ ਉਡਵਾਇਰ ਨੇ ਬੜੇ ਜੋਸ਼ ਨਾਲ਼ ਆਪਣਾ ਭਾਸ਼ਣ ਸ਼ੁਰੂ ਕੀਤਾ। ਅਜੇ ਉਸ ਨੇ ਕੁਝ ਸ਼ਬਦ ਹੀ ਬੋਲੇ ਸਨ ਕਿ ਊਧਮ ਸਿੰਘ ਨੇ ਇੱਕ ਨੁੱਕਰ 'ਚੋਂ ਉੱਠ ਕੇ ਉਡਵਾਇਰ ਨੂੰ ਪਸਤੌਲ ਦੀਆਂ ਗੋਲ਼ੀਆਂ ਨਾਲ਼ ਸਦਾ ਦੀ ਨੀਂਦ ਸੁਆਂ ਦਿੱਤਾ। ਇਸ ਲੜਾਈ ਵਿੱਚ ਲਾਰਡ ਜ਼ੈੱਟਲੈਂਡ ਅਤੇ ਲਾਰਡ ਲਮਿੰਗਟਨ ਵੀ ਜ਼ਖ਼ਮੀ ਹੋ ਗਏ। ਸਾਰੇ ਹਾਲ ਵਿੱਚ ਭਗਦੜ ਮੱਚ ਗਈ ਪਰੰਤੂ ਊਧਮ ਸਿੰਘ ਦਲੇਰੀ ਨਾਲ਼ ਉੱਥੇ ਹੀ ਖੜ੍ਹਾ ਰਿਹਾ, ਜਿਵੇਂ ਕਹਿ ਰਿਹਾ ਹੋਵੇ, "ਮੈਨੂੰ ਫੜ ਲਓ ਲੰਡਨ ਵਾਸੀਓ, ਮੈਂ ਖੜ੍ਹਾ ਪੁਕਾਰਾਂ"। ਇਹ ਖ਼ਬਰ ਦੁਨੀਆਭਰ ਵਿੱਚ ਫੈਲ ਗਈ। ਊਧਮ ਸਿੰਘ ਨੂੰ ਗਰਿਫ਼ਤਾਰ ਕਰ ਲਿਆ ਗਿਆ। ਉਸ ਨੇ ਬੜੇ ਮਾਣ ਨਾਲ਼ ਆਪਣੇ ਕਾਰਨਾਮੇ ਦਾ ਇਕਬਾਲ ਕੀਤਾ।

ਊਧਮ ਸਿੰਘ ਨੂੰ ਬਰਿਕਸਟਨ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਤੇ ਉਸ 'ਤੇ ਮੁਕੱਦਮਾ ਚਲਾਇਆ ਗਿਆ। ਜੇਲ੍ਹ ਵਿੱਚ ਉਹ ਬਹੁਤ ਹੌਸਲੇ ਨਾਲ਼ ਰਿਹਾ। ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਉਸ ਨੇ ਆਖਿਆ, "ਮੈਂ ਮਰਨ ਤੋਂ ਨਹੀਂ ਡਰਦਾ। ਮੈਂ ਉਡਵਾਇਰ ਨੂੰ ਮਾਰ ਕੇ ਹਜ਼ਾਰਾਂ ਬੇਗੁਨਾਹਾਂ ਦੇ ਖ਼ੂਨ ਦਾ ਬਦਲਾ ਲਿਆ ਹੈ।" ਇਸ ਅਨੋਖੇ ਤੇ ਉੱਦਮੀ ਕਾਰਨਾਮੇ ਲਈ ਊਧਮ ਸਿੰਘ ਨੂੰ 20 ਸਾਲ, 11 ਮਹੀਨੇ ਤੱਕ ਉਡੀਕ ਕਰਨੀ ਪਈ ਜੋ ਦੁਨੀਆ ਦੇ ਇਤਿਹਾਸ ਵਿੱਚ ਇੱਕ ਵਿਚਿੱਤਰ ਘਟਨਾ ਹੈ।ਆਖ਼ਰ 31 ਜੁਲਾਈ, 1940 ਈ. ਨੂੰ ਊਧਮ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ।

ਇਸ ਸੂਰਬੀਰ ਦੀਆਂ ਅਸਥੀਆਂ ਇੰਗਲੈਂਡ ਤੋਂ ਭਾਰਤ ਸਰਕਾਰ ਰਾਹੀਂ ਪੰਜਾਬ ਵਿੱਚ ਲਿਆਂਦੀਆਂ ਗਈਆਂ ਤੇ ਉਸ ਦੇ ਜੱਦੀ ਪਿੰਡ ਸੁਨਾਮ ਵਿਖੇ 31 ਜੁਲਾਈ, 1974 ਈ: ਨੂੰ ਪੂਰੇ ਸਨਮਾਨਾਂ ਨਾਲ਼ ਉਹਨਾਂ ਦਾ

ਸਸਕਾਰ ਕੀਤਾ ਗਿਆ। ਪੰਜਾਬ ਸਰਕਾਰ ਨੇ ਸ਼ਹੀਦ ਊਧਮ ਸਿੰਘ ਦਾ ਆਦਮ-ਕੱਦ ਬੁੱਤ, ਇੱਕ ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ਼ ਅੰਮ੍ਰਿਤਸਰ ਵਿੱਚ ਵੀ ਲਾਇਆ। ਇਸ ਅਮਰ ਸ਼ਹੀਦ ਦੀ ਯਾਦ ਵਿੱਚ ਕਈ ਕਾਲਜ, ਸਕੂਲ, ਹਸਪਤਾਲ, ਲਾਇਬ੍ਰੇਰੀਆਂ, ਇੱਕ ਨਗਰ ਅਤੇ ਹੋਰ ਕਈ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ ਹਨ। ਪੰਜਾਬ ਦੇ ਇਸ ਸੂਰਬੀਰ ਨੂੰ ਆਉਣ ਵਾਲ਼ੀਆਂ ਨਸਲਾਂ ਸਦਾ ਚੇਤੇ ਰੱਖਣਗੀਆਂ।

## ਪਾਠ- ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਊਧਮ ਸਿੰਘ ਦਾ ਜਨਮ ਕਿੱਥੇ ਹੋਇਆ ?

(ਅ) ਊਧਮ ਸਿੰਘ ਦਾ ਜਨਮ ਕਦੋਂ ਹੋਇਆ ?

(ੲ) ਕਿਹੜੀ ਘਟਨਾ ਨੇ ਊਧਮ ਸਿੰਘ ਦੇ ਦਿਲ 'ਤੇ ਗਹਿਰਾ ਅਸਰ ਪਾਇਆ ?

(ਸ) ਊਧਮ ਸਿੰਘ ਨੇ ਕਿਸ ਦੇ ਗੋਲ਼ੀ ਮਾਰੀ ?

(ਹ) ਸ਼ਹੀਦ ਊਧਮ ਸਿੰਘ ਨੂੰ ਕਦੋਂ ਫਾਂਸੀ ਦਿੱਤੀ ਗਈ ?

**2. ਸਹੀ ਵਿਕਲਪ ਚੁਣੋ :**

(ੳ) ਊਧਮ ਸਿੰਘ ਦਾ ਜਨਮ ਕਿਸ ਸਥਾਨ 'ਤੇ ਹੋਇਆ ?

(ਕ) ਰੂਪਨਗਰ (ਖ) ਅੰਮ੍ਰਿਤਸਰ

(ਗ) ਸੁਨਾਮ (ਘ) ਬਰਨਾਲ਼ਾ

(ਅ) ਊਧਮ ਸਿੰਘ ਨੇ ਆਪਣਾ ਨਾਂ ਬਦਲ ਕੇ ਕੀ ਰੱਖਿਆ ਸੀ ?

(ਕ) ਊਧਮ ਸਿੰਘ ਸੁਨਾਮ (ਖ) ਰਾਮ ਮੁਹੰਮਦ ਸਿੰਘ ਆਜ਼ਾਦ

(ਗ) ਅਣਖੀਲਾ ਊਧਮ ਸਿੰਘ (ਘ) ਸਾਧੂ ਸਿੰਘ

(ੲ) ਜੱਲ੍ਹਿਆਂਵਾਲ਼ੇ ਬਾਗ ਦਾ ਖ਼ੂਨੀ ਸਾਕਾ ਕਦੋਂ ਹੋਇਆ ?

(ਕ) 23 ਮਾਰਚ (ਖ) 13 ਅਪਰੈਲ

(ਗ) 28 ਸਤੰਬਰ (ਘ) 15 ਅਗਸਤ

(ਸ) ਯਤੀਮਖ਼ਾਨੇ ਰਹਿ ਕੇ ਊਧਮ ਸਿੰਘ ਨੇ ਕਿਹੜੀ ਪੜ੍ਹਾਈ ਪੂਰੀ ਕੀਤੀ ?

(ਕ) ਅੱਠਵੀਂ (ਖ) ਦਸਵੀਂ

(ਗ) ਬੀ. ਏ (ਘ) ਪੰਜਵੀਂ

(ਹ) ਊਧਮ ਸਿੰਘ ਇੰਗਲੈਂਡ ਕਦੋਂ ਪਹੁੰਚਿਆ ?

(ਕ) 1926 (ਖ) 1930

(ਗ) 1937 (ਘ) 1942

3. **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ-ਵਾਕਾਂ ਵਿੱਚ ਲਿਖੋ :**

(ੳ) ਸ਼ਹੀਦ ਊਧਮ ਸਿੰਘ ਨਾਲ਼ ਬਚਪਨ ਵਿੱਚ ਕਿਹੜੀ ਘਟਨਾ ਵਾਪਰੀ ?

(ਅ) ਜੱਲ੍ਹਿਆਂਵਾਲ਼ੇ ਬਾਗ਼ ਵਿੱਚ ਕੀ ਹੋਇਆ ਸੀ ?

(ੲ) ਸ਼ਹੀਦ ਊਧਮ ਸਿੰਘ 'ਤੇ ਜੱਲ੍ਹਿਆਂਵਾਲ਼ੇ ਬਾਗ਼ ਦੀ ਘਟਨਾ ਦਾ ਕੀ ਅਸਰ ਹੋਇਆ ?

(ਸ) ਊਧਮ ਸਿੰਘ ਦਾ ਬਚਪਨ ਤੋਂ ਸੁਭਾਅ ਕਿਹੋ-ਜਿਹਾ ਸੀ ?

(ਹ) ਊਧਮ ਸਿੰਘ ਕੈਕਸਟਨ ਹਾਲ ਵਿੱਚ ਕੀ ਪਹਿਨ ਕੇ ਗਿਆ ?

4. **ਖ਼ਾਲੀ ਥਾਂਵਾਂ ਭਰੋ :**

(ੳ) ਊਧਮ ਸਿੰਘ ਦੇ ਪਿਤਾ ਦਾ ਨਾਂ ________ਸੀ।

(ਅ) ਬਚਪਨ ਵਿੱਚ ਹੀ ਊਧਮ ਸਿੰਘ ________ਹੋ ਗਿਆ।

(ੲ) ਉਸ ਦਾ ਮਕਾਨ ________ ਦਾ ਅੱਡਾ ਬਣ ਗਿਆ।

(ਸ) 1932 ਵਿੱਚ ਹੀ ਉਸ ਦੀ ਮੁਲਾਕਾਤ ਨੇਤਾ ਜੀ ________ਨਾਲ਼ ਹੋਈ।

(ਹ) ________ਨੇ ਨਿਹੱਥੇ ਤੇ ਬੇਕਸੂਰ ਲੋਕਾਂ ਤੇ ਗੋਲ਼ੀਆਂ ਚਲਾਈਆਂ।

5. **ਵਿਆਕਰਨ :**

**ਸਹੀ ਵਿਕਲਪ ਚੁਣੋ :**

(ੳ) ਅਜ਼ਾਦੀ ਦਾ ਵਿਰੋਧੀ ਸ਼ਬਦ ਹੈ :

(ਕ) ਸੁਤੰਤਰਤਾ (ਖ) ਗ਼ੁਲਾਮੀ (ਗ) ਸਤਿਕਾਰ (ਘ) ਪ੍ਰਸਿੱਧ

(ਅ) 'ਵਿਸਾਰਨਾ' ਦਾ ਸਮਾਨਾਰਥਕ ਸ਼ਬਦ ਚੁਣੋ :

(ਕ) ਯਾਦ ਰੱਖਣਾ (ਖ) ਭੁਲਾਉਣਾ (ਗ) ਸਮਝਾਉਣਾ (ਘ) ਸੁਧਾਰਨਾ

(ੲ) ਸ਼ੁੱਧ ਸ਼ਬਦ ਕਿਹੜਾ ਹੈ ?

(ਕ) ਪਰਤੀਕ (ਖ) ਪਰਿਤੀਕ (ਗ) ਪ੍ਰਤੀਕ (ਘ) ਪ੍ਰਤਿਕ

(ਸ) 'ਚੌਕੀਦਾਰ' ਨੂੰ ਲਿੰਗ ਬਦਲ ਕੇ ਲਿਖੋ :

(ਕ) ਚੌਕੀਦਾਰੀ (ਖ) ਚੌਕੀਦਾਰਨੀ (ਗ) ਚੌਕੀਦਾਰਨ (ਘ) ਚੌਕੀਦਰਾਣੀ

(ਹ) ਪੜਨਾਂਵ-ਸ਼ਬਦ ਚੁਣੋ :

(ਕ) ਖੇਡਣਾ (ਖ) ਸੁੰਦਰ (ਗ) ਊਧਮ ਸਿੰਘ (ਘ) ਉਹ

## 6. ਰਚਨਾਤਮਿਕ ਕਾਰਜ :

1. ਸ਼ਹੀਦ ਊਧਮ ਸਿੰਘ ਬਾਰੇ 10 ਸਤਰਾਂ ਲਿਖੋ।
2. ਕਿਸੇ 10 ਦੇਸ-ਭਗਤਾਂ ਦੀਆਂ ਤਸਵੀਰਾਂ ਕਾਪੀ 'ਤੇ ਚਿਪਕਾਓ।

***

ਪਾਠ – 8

# ਹੋਲੀ ਦਾ ਗੀਤ

ਹੋਲੀਏ ਨੀ ਹੋਲੀਏ,
ਆ ਰੰਗ ਵੱਖਰੇ ਘੋਲ਼ੀਏ।
ਕਦੀ ਅਰਸ਼ ਤਾਈਂ ਨਾਪੀਏ,
ਕਦੀ ਧਰਤੀਆਂ ਨੂੰ ਤੋਲੀਏ।
ਹੋਲੀਏ ਨੀ.....।



ਇੱਕ ਰੰਗ ਹੋਵੇ ਪਿਆਰ ਦਾ,
ਸਭਨਾਂ ਤਾਈਂ ਸਤਿਕਾਰ ਦਾ।
ਹਰ ਇੱਕ ਉੱਪਰ ਛਿੜਕੀਏ,
ਹਰ ਇੱਕ ਉੱਪਰ ਡੋਲ੍ਹੀਏ।
ਹੋਲੀਏ ਨੀ......।

ਇੱਕ ਰੰਗ ਹੋਵੇ ਪ੍ਰੀਤ ਦਾ,
ਵਿਸ਼ਵਾਸ ਦਾ, ਪ੍ਰਤੀਤ ਦਾ।
ਹਰ ਕੋਈ ਮਿੱਤਰ ਬਣੇ,
ਅਸੀਂ ਭੇਤ ਸਾਰੇ ਖੋਲ੍ਹੀਏ,
ਹੋਲੀਏ ਨੀ.....।

ਇੱਕ ਰੰਗ ਹੋਵੇ ਅਮਨ ਦਾ,
ਜਿਹੜਾ ਵਿਰੋਧੀ ਦਮਨ ਦਾ।
ਜੰਗਾਂ ਨੂੰ ਬਾਹਰ ਕੱਢੀਏ,
ਅਮਨਾਂ ਦੀ ਬੋਲੀ ਬੋਲੀਏ,
ਹੋਲੀਏ ਨੀ.....।

ਇੱਕ ਦੋਸਤੀ ਦਾ ਰੰਗ ਹੈ,
ਇਸ ਨਾਲ਼ ਆਪਣਾ ਸੰਗ ਹੈ।
ਆ ਖੇੜੇ-ਖ਼ੁਸ਼ੀਆਂ ਵੰਡੀਏ,
ਦਿਲ ਜ਼ਿੰਦਗੀ ਦਾ ਫੋਲੀਏ।
ਹੋਲੀਏ ਨੀ ਹੋਲੀਏ,
ਆ ਰੰਗ ਵੱਖਰੇ ਘੋਲੀਏ।

## ਪਾਠ- ਅਭਿਆਸ

1. **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਹੋਲੀ ਵਾਲ਼ੇ ਦਿਨ ਕੀ ਘੋਲ਼ਿਆ ਜਾਂਦਾ ਹੈ ?
(ਅ) ਹੋਲੀ ਵਾਲ਼ੇ ਦਿਨ ਖੇੜੇ-ਖ਼ੁਸ਼ੀਆਂ ਕਿਵੇਂ ਵੰਡੇ ਜਾਂਦੇ ਹਨ ?
(ੲ) 'ਇੱਕ ਰੰਗ ਹੋਵੇ ਅਮਨ ਦਾ' ਤੋਂ ਕੀ ਭਾਵ ਹੈ ?

2. **ਵਾਕਾਂ ਵਿੱਚ ਵਰਤੋ :**

ਅਰਸ਼, ਭੇਤ, ਪਿਆਰ, ਜ਼ਿੰਦਗੀ, ਖੇੜੇ

3. **ਹੇਠ ਲਿਖੇ ਸ਼ਬਦ ਦੇਵਨਾਗਰੀ ਲਿਪੀ ਵਿੱਚ ਲਿਖੋ :**

| ਪੰਜਾਬੀ | ਦੇਵਨਾਗਰੀ |
|---|---|
| ਹੋਲੀ | ________ |
| ਰੰਗ | ________ |
| ਜ਼ਿੰਦਗੀ | ________ |
| ਛਿੜਕੀਏ | ________ |
| ਖ਼ੁਸ਼ੀਆਂ | ________ |

4. **ਇੱਕੋ-ਜਿਹੇ ਤੁਕਾਂਤ ਵਾਲ਼ੇ ਸ਼ਬਦਾਂ ਦੇ ਜੋੜੇ ਲੱਭੋ :**

| | |
|---|---|
| **ਪਿਆਰ** | **ਸਤਿਕਾਰ** |
| **ਘੋਲ਼ੀਏ** | ________ |
| **ਪ੍ਰੀਤ** | ________ |
| **ਅਮਨ** | ________ |
| **ਰੰਗ** | ________ |

5. **ਹੇਠ ਲਿਖੇ ਕਾਵਿ-ਬੰਦ ਵਿੱਚੋਂ ਨਾਂਵ, ਪੜਨਾਂਵ ਤੇ ਕਿਰਿਆ ਸ਼ਬਦ ਚੁਣੋ ।**

ਇੱਕ ਰੰਗ ਹੋਵੇ ਅਮਨ ਦਾ,
ਜਿਹੜਾ ਵਿਰੋਧੀ ਦਮਨ ਦਾ।
ਜੰਗਾਂ ਨੂੰ ਬਾਹਰ ਕੱਢੀਏ,
ਅਮਨਾਂ ਦੀ ਬੋਲੀ ਬੋਲੀਏ।
ਹੋਲੀਏ ਨੀ ਹੋਲੀਏ,
ਆ ਰੰਗ ਵੱਖਰੇ ਘੋਲ਼ੀਏ।

6. **ਰਚਨਾਤਮਿਕ ਕਾਰਜ :**

1. ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਜਮਾਤ ਵਿੱਚ ਗਾਓ।
2. ਤੁਸੀਂ ਹੋਲੀ ਕਿਵੇਂ ਮਨਾਉਂਦੇ ਹੋ ? 10 ਸਤਰਾਂ ਲਿਖੋ।
3. ਹੋਲੀ ਵਾਲ਼ੇ ਦਿਨ ਤੁਸੀਂ ਬਜ਼ਾਰੋਂ ਕੀ-ਕੀ ਖ਼ਰੀਦਦੇ ਹੋ ?

***

ਪਾਠ-੭

# ਰੁੱਤ-ਰੁੱਤ ਦੇ ਰੰਗ



"ਅੱਜ ਤਾਂ ਮੇਰੀ ਸਾਰੀ ਵਰਦੀ ਭਿੱਜ ਗਈ, ਬੂਟ ਵੀ ਚਿੱਕੜ ਨਾਲ਼ ਗੰਦੇ ਹੋ ਗਏ....।" ਸਕੂਲ ਤੋਂ ਆ ਕੇ ਬਸਤਾ ਰੱਖਦਿਆਂ ਪੁਨੀਤ ਦੁਖੀ ਜਿਹਾ ਹੋ ਕੇ ਬੋਲਿਆ।

"ਕੋਈ ਗੱਲ ਨਹੀਂ ਪੁੱਤਰ, ਬਰਸਾਤ ਦਾ ਮੌਸਮ ਏ.... ਜੇ ਵਰਦੀ ਤੇ ਬੂਟ ਗੰਦੇ ਹੋ ਵੀ ਗਏ ਤਾਂ ਕੀ ਐ ? ਸਾਫ਼ ਹੋ ਜਾਣਗੇ...... ਤੂੰ ਕੱਪੜੇ ਬਦਲ ਲੈ.....।" ਪੁਨੀਤ ਦੀ ਦਾਦੀ ਨੇ ਕਿਹਾ।

".....ਹੂੰ......! ਬਰਸਾਤ ਦਾ ਮੌਸਮ ! ਗੰਦਾ ਮੌਸਮ......!"

ਛੇਤੀ-ਛੇਤੀ ਕੱਪੜੇ ਬਦਲਦਾ ਹੋਇਆ ਪੁਨੀਤ ਬੁੜ-ਬੁੜ ਕਰ ਰਿਹਾ ਸੀ।

"ਦੁਖੀ ਕਿਉਂ ਹੋ ਰਿਹਾ ਹੈਂ, ਵੀਰ.... ਮੈਨੂੰ ਤਾਂ ਬਰਸਾਤ ਦੀ ਰੁੱਤ ਬਹੁਤ ਸੋਹਣੀ ਲੱਗਦੀ ਹੈ....।" ਪੁਨੀਤ ਦੀ ਭੈਣ ਸੁਖਮਨ ਨੇ ਕਿਹਾ।

"ਪਰ ਮੈਨੂੰ ਤਾਂ ਇਹ ਰੁੱਤ ਬਿਲਕੁਲ ਚੰਗੀ ਨਹੀਂ ਲੱਗਦੀ....।"

"ਅੱਜ ਤਾਂ ਤੈਨੂੰ ਵੀ ਬਰਸਾਤ ਚੰਗੀ ਲੱਗੇਗੀ, ਪੁੱਤਰਾ....!" ਪੁਨੀਤ ਦੀ ਮੰਮੀ ਨੇ ਖੀਰ ਤੇ ਪੂੜੇ ਉਸ ਦੇ ਅੱਗੇ ਪਰੋਸਦਿਆਂ ਕਿਹਾ।

"ਰੁੱਤ-ਰੁੱਤ ਦੇ ਰੰਗ, ਰੁੱਤ-ਰੁੱਤ ਦੇ ਮੇਵੇ, ਚੰਗੇ ਹੀ ਲੱਗਦੇ ਨੇ। ਚੰਗੇ ਲੱਗਣੇ ਵੀ ਚਾਹੀਦੇ ਨੇ......।" ਦਾਦੀ ਮਾਂ ਬੋਲੀ।

"ਦਾਦੀ ਮਾਂ! ਮੈਨੂੰ ਖੀਰ-ਪੂੜੇ ਤਾਂ ਚੰਗੇ ਲੱਗਦੇ ਨੇ ਪਰ ਚਿੱਕੜ ਚੰਗਾ ਨਹੀਂ ਲੱਗਦਾ....।"



"ਲੈ, ਫਿਰ ਉਹੋ ਗੱਲ! ਹਰ ਰੁੱਤ ਆਪਣੀ ਥਾਂ 'ਤੇ ਸੋਹਣੀ ਤੇ ਅਨੰਦ ਦੇਣ ਵਾਲ਼ੀ ਹੁੰਦੀ ਐ।" ਫਿਰ ਦਾਦੀ ਮਾਂ ਇਸ ਪ੍ਰਸੰਗ ਵਿੱਚ ਇੱਕ ਬਾਤ ਸੁਣਾਉਣ ਲੱਗੀ :

ਇੱਕ ਵਾਰ ਇੱਕ ਬੁੱਢੀ ਔਰਤ ਆਪਣੇ ਪੇਕਿਆਂ ਤੋਂ ਵਾਪਸ ਆ ਰਹੀ ਸੀ। ਤੁਰਦਿਆਂ-ਤੁਰਦਿਆਂ ਉਹ ਥੱਕ ਗਈ। ਉਸ ਦਾ ਪਿੰਡ ਅਜੇ ਕਾਫ਼ੀ ਦੂਰ ਸੀ।

"ਦਾਦੀ ਮਾਂ! ਉਹ ਤੁਰ ਕੇ ਕਿਉਂ ਆ ਰਹੀ ਸੀ....? ਬੱਸ ਚੜ੍ਹ ਕੇ ਵਾਪਸ ਆ ਜਾਂਦੀ....।" ਸੁਖਮਨ ਨੇ ਪੁੱਛਿਆ।

"ਧੀਏ, ਇਹ ਪੁਰਾਣੇ ਸਮੇਂ ਦੀ ਗੱਲ ਹੈ, ਉਦੋਂ ਹੁਣ ਵਾਂਗ ਬੱਸਾਂ, ਗੱਡੀਆਂ ਅਤੇ ਕਾਰਾਂ ਨਹੀਂ ਸਨ ਹੁੰਦੀਆਂ, ਬਹੁਤੇ ਲੋਕ ਆਪਣੇ ਰਿਸ਼ਤੇਦਾਰਾਂ ਨੂੰ ਮਿਲ਼ਨ ਅਤੇ ਆਪਣੇ ਕੰਮ-ਕਾਰ ਲਈ ਪੈਦਲ ਤੁਰ ਕੇ ਹੀ ਜਾਂਦੇ ਸਨ....ਹਾਂ, ਬਹੁਤੇ ਅਮੀਰ ਲੋਕ ਘੋੜੀਆਂ 'ਤੇ, ਬੈਲ-ਗੱਡੀਆਂ ਜਾਂ ਰੱਥਾਂ 'ਤੇ ਸਵਾਰ ਹੋ ਕੇ ਜਾਂਦੇ-ਆਉਂਦੇ ਸਨ.....।" ਦਾਦੀ ਨੇ ਸਮਝਾਇਆ ਤੇ ਆਪਣੀ ਬਾਤ ਅੱਗੇ ਤੋਰੀ।

ਬੁੱਢੀ ਔਰਤ ਨੇ ਇੱਕ ਖੂਹ ਤੋਂ ਪਾਣੀ ਪੀਤਾ ਅਤੇ ਅਰਾਮ ਕਰਨ ਲਈ ਇੱਕ ਪਿੱਪਲ਼ ਦੇ ਰੁੱਖ ਹੇਠਾਂ ਬੈਠ ਗਈ। ਉਹ ਬੁੱਢੀ ਔਰਤ ਬਹੁਤ ਸੁਘੜ-ਸਿਆਣੀ ਸੀ। ਉਸ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਉਤਰਾਅ-ਚੜ੍ਹਾਅ ਵੇਖੇ ਸਨ। ਉਹ ਹਰ ਹਾਲ ਵਿੱਚ ਖ਼ੁਸ਼ ਰਹਿੰਦੀ ਸੀ। ਪਿੱਪਲ਼ ਦੀ ਛਾਂ ਹੇਠ ਬੈਠੀ ਉਹ ਕੁਦਰਤ ਦੀਆਂ ਦਾਤਾਂ ਬਾਰੇ ਸੋਚ ਰਹੀ ਸੀ। ਅਚਾਨਕ ਉਸ ਨੂੰ ਕਿਸੇ ਦੇ ਲੜਨ ਦੀ ਅਵਾਜ਼ ਸੁਣਾਈ ਦਿੱਤੀ। ਗਰਮੀ, ਬਰਸਾਤ, ਪਤਝੜ, ਸਰਦੀ ਅਤੇ ਬਸੰਤ ਆਪਸ ਵਿੱਚ ਲੜ ਰਹੀਆਂ ਸਨ। ਹਰੇਕ ਆਪਣੇ-ਆਪ ਨੂੰ ਇੱਕ-ਦੂਜੀ ਤੋਂ ਵੱਧ ਸੋਹਣੀ ਆਖ ਰਹੀ ਸੀ।

"ਦੇਖੋ ਬਈ, ਝਗੜਨ ਦਾ ਕੋਈ ਫ਼ਾਇਦਾ ਨਹੀਂ। ਤੁਸੀਂ ਸਾਰੀਆਂ ਹੀ ਬਹੁਤ ਸੋਹਣੀਆਂ ਹੋ।" ਬੁੱਢੀ ਨੇ ਕਿਹਾ।

"ਮੈਂ ਸੋਹਣੀ.... ਮੈਂ ਸੋਹਣੀ....।" ਸਾਰੀਆਂ ਰੁੱਤਾਂ ਨੇ ਕਾਂਵਾਂ-ਰੌਲ਼ੀ ਜਿਹੀ ਪਾ ਦਿੱਤੀ।

"ਤੁਸੀਂ ਫੇਰ ਲੜੀ ਜਾ ਰਹੀਆਂ ਹੋ ? ਇੱਕ-ਇੱਕ ਕਰਕੇ ਮੇਰੇ ਕੋਲ਼ ਆਓ।"

ਸਭ ਤੋਂ ਪਹਿਲਾਂ ਗਰਮੀ ਭੱਜੀ ਆਈ ਤੇ ਆਖਣ ਲੱਗੀ, "ਹਾਂ ਬੇਬੇ! ਦੱਸ, ਮੈਂ ਤੈਨੂੰ ਸੋਹਣੀ ਕਿਉਂ ਲੱਗਦੀ ਹਾਂ ?"

"ਤੂੰ ਹੈਂ ਹੀ ਸੋਹਣੀ, ਸੂਰਜ ਵਾਂਗ ਦਗ਼-ਦਗ਼ ਕਰਦੀ। ਤੇਰੇ ਨਾਲ਼ ਫ਼ਸਲਾਂ ਪੱਕਦੀਆਂ ਨੇ। ਦੇਖਿਆ ਹੈ ਕਦੇ, ਝੂੰਮਦੀਆਂ ਸੁਨਹਿਰੀ ਕਣਕਾਂ ਦਾ ਜੋਬਨ ?.... ਤੇ ਖਾਣ ਲਈ ਤਰਬੂਜ਼, ਖ਼ਰਬੂਜ਼ੇ ਤੇ ਬਈ ਕਿਆ ਕਹਿਣੇ ਸ਼ਰਬਤ ਤੇ ਠੰਢੀ ਮਿੱਠੀ ਕੁਲਫ਼ੀ ਦੇ.....," ਬੁੱਢੀ ਨੇ ਕਿਹਾ। ਇਸ ਤੋਂ ਪਹਿਲਾਂ ਕਿ ਬੁੱਢੀ ਕੁਝ ਹੋਰ ਬੋਲਦੀ, ਗਰਮੀ ਦੁੜੰਗੇ ਲਾਉਂਦੀ ਭੱਜ ਗਈ।



ਫੇਰ ਆਈ ਬਰਸਾਤ, ਕਾਲ਼ੀਆਂ-ਚਿੱਟੀਆਂ ਬੱਦਲ਼ੀਆਂ ਦੀ ਚੁੰਨੀ ਲਹਿਰਾਉਂਦੀ ਹੋਈ। ਬੁੱਢੀ ਉਸ ਨੂੰ ਆਉਂਦਿਆਂ ਦੇਖ ਕੇ ਬੋਲੀ, "ਆ ਭੈਣ, ਬਰਸਾਤ! ਤੂੰ ਤਾਂ ਬੜੀ ਸੋਹਣੀ ਐਂ, ਆਪਣੇ ਜਲ ਦੇ ਨਾਲ਼ ਤੂੰ ਪ੍ਰਕਿਰਤੀ ਦਾ ਬੂਟਾ-ਬੂਟਾ, ਪੱਤਾ-ਪੱਤਾ ਧੋ ਕੇ ਸੁਨੱਖਾ ਬਣਾ ਦਿੰਦੀ ਐਂ, ਚਾਰੇ ਪਾਸੇ ਹਰਿਆਵਲ ਹੀ ਹਰਿਆਵਲ। ਪਸ਼ੂਆਂ ਨੂੰ ਰੱਜਣ ਜੋਗਾ ਹਰਾ ਘਾਹ, ਸਾਡੇ ਲਈ ਖੀਰ-ਪੂੜੇ, ਪੰਜਾਬਣਾਂ ਲਈ ਤੀਆਂ ਦਾ ਤਿਉਹਾਰ। ਝੂਟਣ ਲਈ ਪੀਂਘਾਂ। ਮਹਿੰਦੀ ਦੇ ਰੰਗ.....ਚੂੜੀਆਂ ਦੀ ਛਣਕਾਰ....।" ਬੁੱਢੀ ਅਜੇ ਬੋਲ ਹੀ ਰਹੀ ਸੀ ਕਿ ਬਰਸਾਤ ਛਮ-ਛਮ ਕਰਦੀ ਖ਼ੁਸ਼ੀ ਨਾਲ਼ ਵਾਪਸ ਚਲੀ ਗਈ।

ਫਿਰ ਆਪਣਾ ਰੁੰਡ-ਮੁੰਡ ਤੇ ਉਦਾਸ ਚਿਹਰਾ ਲਈ ਪਤਝੜ ਆ ਪਹੁੰਚੀ। "ਬੇਬੇ, ਸਾਰੇ ਮੈਨੂੰ ਮਨਹੂਸ ਸਮਝਦੇ ਨੇ। ਤੂੰ ਦੱਸ ਫਿਰ , ਕੀ ਮੈਂ ਸੋਹਣੀ ਨਹੀਂ ?" ਪਤਝੜ ਨੇ ਰੋਣਹਾਕਾ ਜਿਹਾ ਮੂੰਹ ਬਣਾ ਕੇ ਪੁੱਛਿਆ।

"ਤੂੰ ਮਨਹੂਸ ਕਿਵੇਂ ਹੋਈ ? ਤੂੰ ਤਾਂ ਬਹੁਤ ਚੰਗੀ ਐਂ, ਪਤਝੜ! ਜੇ ਤੂੰ ਨਾ ਹੋਵੇ ਤਾਂ ਰੁੱਖਾਂ ਦੇ ਪੱਤੇ ਪੁਰਾਣੇ ਹੀ ਰਹਿਣ। ਨਵੀਂਆਂ ਸੋਹਲ ਕਰੂੰਬਲਾਂ ਕਿਵੇਂ ਫੁੱਟਣ ? ਇਹ ਕਹਿੰਦਿਆਂ ਬੁੱਢੀ ਗਾਉਣ ਲੱਗੀ :

"ਪਿੱਪਲ ਦਿਆ ਪੱਤਿਆ, ਵੇ! ਕੇਹੀ ਖੜ-ਖੜ ਲਾਈ ਆ ?

ਪੱਤ ਝੜੇ ਪੁਰਾਣੇ, ਵੇ! ਰੁੱਤ ਨਵਿਆਂ ਦੀ ਆਈ ਆ।"

ਪਤਝੜ ਵੀ ਖ਼ੁਸ਼ ਹੋ ਕੇ ਵਾਪਸ ਚਲੀ ਗਈ। ਫਿਰ ਰਜਾਈ ਸੰਭਾਲ਼ਦੀ ਸਰਦੀ ਆ ਪਹੁੰਚੀ ਤੇ ਆਖਣ ਲੱਗੀ, "ਬੇਬੇ! ਕਹਿੰਦੇ ਨੇ, ਮੈਂ ਗ਼ਰੀਬਾਂ ਦੀ ਦੁਸ਼ਮਣ ਆਂ.... ਤੂੰ ਦੱਸ, ਤੈਨੂੰ ਮੈਂ ਕਿਹੋ-ਜਿਹੀ ਲੱਗਦੀ ਹਾਂ ?"

"ਤੂੰ ਤਾਂ ਬਹੁਤ ਸੋਹਣੀ ਲੱਗਦੀ ਐਂ, ਮੈਨੂੰ। ਜਦ ਤੂੰ ਆਉਂਦੀ ਏਂ, ਨਾ ਮੱਖੀ ਹੁੰਦੀ ਹੈ, ਨਾ ਮੱਛਰ। ਲੰਮੀਆਂ ਰਾਤਾਂ। ਪੜ੍ਹਨ ਵਾਲ਼ੇ ਰੱਜ-ਰੱਜ ਪੜ੍ਹਨ, ਕੱਤਣ-ਬੁਣਨ ਵਾਲ਼ੇ ਕੱਤਣ-ਬੁਣਨ। ਖਾਣ ਨੂੰ ਪੰਜੀਰੀ ਤੇ ਖੋਏ ਦੀਆਂ ਪਿੰਨੀਆਂ, ਸਾਗ ਤੇ ਮੱਕੀ ਦੀ ਰੋਟੀ, ਮੂਲ਼ੀ ਤੇ ਮੇਥੀ ਦੇ ਪਰੌਂਠੇ, ਮੂੰਗਫਲ਼ੀ, ਗੱਚਕ ਤੇ ਰਿਓੜੀਆਂ... ਪਹਿਨਣ ਨੂੰ ਕੋਟ-ਪੈਂਟ... ਕਿਆ ਟੌਹਰ ਬਣਦੇ ਨੇ!"

ਸਰਦੀ ਨੂੰ ਜਾਪਿਆ ਕਿ ਉਸ ਵਿੱਚ ਤਾਂ ਬੜੇ ਗੁਣ ਹਨ। ਉਹ ਵੀ ਖ਼ੁਸ਼ੀ-ਖ਼ੁਸ਼ੀ ਵਾਪਸ ਚਲੀ ਗਈ।

ਫਿਰ ਆਈ ਠੁਮਕ-ਠੁਮਕ ਕਰਦੀ, ਰੰਗ-ਬਰੰਗੀ ਬਸੰਤ।

"ਆ, ਭੈਣ ਬਸੰਤ, ਤੂੰ ਪਿੱਛੇ ਹੀ ਰਹਿ ਗਈ!" ਬੁੱਢੀ ਨੇ ਕਿਹਾ ।

"ਬੇਬੇ, ਤੂੰ ਤਾਂ ਮੈਨੂੰ ਸੋਹਣੀ ਆਖੇਂਗੀ ਹੀ। ਮੈਨੂੰ ਤਾਂ ਸਾਰੀ ਦੁਨੀਆ ਸੋਹਣੀ ਕਹਿੰਦੀ ਹੈ," ਬਸੰਤ ਨੇ ਨਖ਼ਰੇ ਨਾਲ਼ ਕਿਹਾ।

"ਅੱਛਾ! ਬਹੁਤੇ ਸੋਹਣੇ ਹੋਣ ਦਾ ਹੰਕਾਰ ਨਹੀਂ ਕਰਨਾ ਚਾਹੀਦਾ, ਤੈਨੂੰ। ਤੂੰ ਸੋਚ ਕੇ ਦੇਖ ਕਿ ਜੇ ਸਾਲ ਦੇ ਬਾਰਾਂ ਮਹੀਨੇ ਤੂੰ ਹੀ ਛਾਈ ਰਹੇਂ ਚਾਰੇ ਪਾਸੇ ਤੇ ਨਾ ਗਰਮੀ ਹੋਵੇ, ਨਾ ਬਰਸਾਤ, ਨਾ ਸਰਦੀ ਨਾ ਪਤਝੜ। ਫੇਰ ਦੱਸ ਤੇਰੀ ਸੁੰਦਰਤਾ ਨੂੰ ਕੌਣ ਪੁੱਛੇ ?"

"ਹਾਂ ਬੇਬੇ, ਗੱਲ ਤਾਂ ਤੇਰੀ ਠੀਕ ਹੈ। ਤੂੰ ਤਾਂ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ। ਮੈਨੂੰ ਅੱਜ ਪਤਾ ਲੱਗਿਆ ਕਿ ਬਾਕੀ ਸਾਰੀਆਂ ਰੁੱਤਾਂ ਵੀ ਸੋਹਣੀਆਂ ਨੇ......।"

"ਚੱਲੋ, ਪਤਾ ਤਾਂ ਲੱਗਿਆ।" ਸਾਰੀਆਂ ਰੁੱਤਾਂ ਹੱਸਣ ਲੱਗੀਆਂ।

"ਇਉਂ, ਬੱਚਿਓ! ਹਰ ਰੁੱਤ ਸੋਹਣੀ ਅਤੇ ਅਨੰਦ-ਭਰਪੂਰ ਹੈ। ਬੱਸ, ਸਾਡੇ ਅੰਦਰ ਚਾਹ ਹੋਣੀ ਚਾਹੀਦੀ ਹੈ; ਕੁਦਰਤ ਦੇ ਇਹਨਾਂ ਰੰਗਾਂ ਨੂੰ ਜਾਣਨ ਤੇ ਪਛਾਨਣ ਦੀ।" ਦਾਦੀ ਮਾਂ ਨੇ ਬਾਤ ਖ਼ਤਮ ਕੀਤੀ।

"ਵੀਰ ਜੀ, ਮੀਂਹ ਪੈਣਾ ਤਾਂ ਕਦੋਂ ਦਾ ਬੰਦ ਹੋ ਚੁੱਕਿਐ। ਅੱਜ ਤਾਂ ਸਤਰੰਗੀ ਪੀਂਘ ਵੀ ਪਈ ਹੋਈ ਹੈ", ਪੁਨੀਤ ਦੀ ਭੈਣ ਨੇ ਕਿਹਾ। ਦੋਵੇਂ ਭੈਣ-ਭਰਾ ਛੱਤ 'ਤੇ ਜਾ ਕੇ ਸਤਰੰਗੀ ਪੀਂਘ ਦੇਖਣ ਲੱਗੇ।

## ਪਾਠ- ਅਭਿਆਸ

1. **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਪੁਨੀਤ ਕਿਹੜੀ ਗੱਲੋਂ ਦੁਖੀ ਸੀ ?

(ਅ) ਕਹਾਣੀ ਵਿੱਚ ਆਈਆਂ ਰੁੱਤਾਂ ਦੇ ਨਾਂ ਲਿਖੋ।

(ੲ) ਬਰਸਾਤ ਤੋਂ ਬਾਅਦ ਅਸਮਾਨ ਵਿੱਚ ਕਿਹੜੀ ਪੀਂਘ ਦਿਸਦੀ ਹੈ ?

(ਸ) ਕਹਾਣੀ ਵਿੱਚ ਬੁੱਢੀ ਔਰਤ ਕਿੱਥੋਂ ਵਾਪਸ ਆ ਰਹੀ ਸੀ ?

(ਹ) ਸਾਉਣ ਮਹੀਨੇ ਘਰਾਂ ਵਿੱਚ ਕਿਹੜੇ ਪਕਵਾਨ ਬਣਦੇ ਹਨ ?

**(ੳ) ਖ਼ਾਲੀ ਸਥਾਨ ਭਰੋ :**

1. ਹਰ ਰੁੱਤ ਆਪਣੀ ਥਾਂ ਸੋਹਣੀ ਤੇ ________ਦੇਣ ਵਾਲ਼ੀ ਹੁੰਦੀ ਹੈ।
2. ਬੁੱਢੀ ਔਰਤ ਆਪਣੇ ________ ਤੋਂ ਵਾਪਸ ਆ ਰਹੀ ਸੀ।
3. ਪੁਰਾਣੇ ਸਮੇਂ ਵਿੱਚ ਹੁਣ ਵਾਂਗ ________ਤੇ ________ਨਹੀਂ ਸਨ ਹੁੰਦੀਆਂ।
4. ਬੁੱਢੀ ਔਰਤ ਨੇ ________ ਤੋਂ ਪਾਣੀ ਪੀਤਾ।
5. ਬਰਸਾਤ ਕਾਲ਼ੀਆਂ-ਚਿੱਟੀਆਂ ________ ਦੀ ਚੁੰਨੀ ਲਹਿਰਾਉਂਦੀ ਹੋਈ ਆਈ।

**(ਅ) ਸਹੀ ਮਿਲਾਣ ਕਰੋ :**

| | |
|---|---|
| ਗਰਮੀ | ਰੰਗ-ਬਰੰਗੀ |
| ਸਰਦੀ | ਰੁੰਡ-ਮੁੰਡ |
| ਬਰਸਾਤ | ਸ਼ਰਬਤ |
| ਪਤਝੜ | ਖੋਏ ਦੀਆਂ ਪਿੰਨੀਆਂ |
| ਬਸੰਤ | ਖੀਰ-ਪੂੜੇ |

**(ੲ) ਸੰਖੇਪ ਉੱਤਰ ਦਿਓ :**

1. ਕਿਹੜੀ ਰੁੱਤ ਸੂਰਜ ਵਾਂਗ ਦਗ਼-ਦਗ਼ ਕਰਦੀ ਹੈ ?
2. ਬਰਸਾਤ ਦੇ ਮੌਸਮ ਵਿੱਚ ਕਿਹੜਾ ਤਿਉਹਾਰ ਆਉਂਦਾ ਹੈ ?
3. ਕਿਹੜੀ ਰੁੱਤ ਨੂੰ ਆਪਣੇ ਸੋਹਣੇ ਹੋਣ ਦਾ ਬਹੁਤ ਹੰਕਾਰ ਸੀ ?
4. ਸਾਰੀਆਂ ਰੁੱਤਾਂ ਨੇ ਬੁੱਢੀ ਔਰਤ ਨੂੰ ਕੀ ਕਿਹਾ ?
5. ਪੁਨੀਤ ਤੇ ਉਸ ਦੀ ਭੈਣ ਛੱਤ ਉੱਪਰ ਕਿਉਂ ਗਏ ?

(ਸ) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਚਿੱਕੜ, ਦੂਰ, ਦਾਤਾਂ, ਕਰੂੰਬਲ਼ਾਂ, ਸੋਹਲ, ਚਾਹ, ਨਖ਼ਰਾ।

(ਹ) ਹੇਠ ਲਿਖੇ ਪੰਜਾਬੀ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਦੇ ਸ਼ਬਦ ਲਿਖੋ :

ਸੋਹਣੀ

ਰੁੱਤ

ਖੂਹ

ਘਾਹ

ਸਤਰੰਗੀ ਪੀਂਘ

2. ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ ।

ਖੜ-ਖੜ, ਵਰਦੀ, ਖੂਹ, ਖੀਰ-ਪੂੜੇ, ਸੋਹਣੀ।

(ੳ) ਅੱਜ ਤਾਂ ਮੇਰੀ ਸਾਰੀ ________ ਭਿੱਜ ਗਈ।

(ਅ) ਮੈਨੂੰ ਤਾਂ ________ ਚੰਗੇ ਲੱਗਦੇ ਨੇ।

(ੲ) ਬੁੱਢੀ ਔਰਤ ਨੇ ਇੱਕ ________ ਤੋਂ ਪਾਣੀ ਪੀਤਾ।

(ਸ) ਹਰੇਕ ਰੁੱਤ ਆਪਣੇ-ਆਪ ਨੂੰ ਇੱਕ-ਦੂਜੀ ਤੋਂ ਵੱਧ ________ ਆਖ ਰਹੀ ਸੀ।

(ਹ) ਪਿੱਪਲ਼ ਦਿਆ ਪੱਤਿਆ, ਵੇ! ਕੇਹੀ ________ ਲਾਈ ਆ।

3. ਹੇਠਾਂ ਦਿੱਤੇ ਸ਼ਬਦਾਂ ਦੇ ਵਾਕ ਬਣਾਓ :

ਬਰਸਾਤ, ਮੌਸਮ, ਰਿਸ਼ਤੇਦਾਰ, ਕੁਦਰਤ, ਹਰਿਆਵਲ

4. ਸਹੀ ਮਿਲਾਣ ਕਰੋ :

| | |
|---|---|
| ਦੁਸ਼ਮਣ | ਬਰਸਾਤ |
| ਖ਼ੁਸ਼ੀ | ਸੁੰਦਰ |
| ਮੀਂਹ | ਪ੍ਰਸੰਨਤਾ |
| ਸੋਹਣਾ | ਵੈਰੀ |

5. **ਹੇਠ ਲਿਖੇ ਸ਼ਬਦ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਪੱਤੇ | __________ | __________ |
| ਗ਼ਰੀਬ | __________ | __________ |
| ਮੂੰਗਫਲ਼ੀ | __________ | __________ |
| ਬਸੰਤ ਰੁੱਤ | __________ | __________ |
| ਪ੍ਰਕਿਰਤੀ | __________ | __________ |

6. **ਹੇਠ ਲਿਖੇ ਸ਼ਬਦਾਂ ਵਿੱਚੋਂ ਨਾਂਵ, ਪੜਨਾਂਵ, ਵਿਸ਼ੇਸ਼ਣ ਤੇ ਕਿਰਿਆ-ਸ਼ਬਦ ਚੁਣੋ।**

ਉਦਾਸ, ਪੁਨੀਤ, ਸੁਖਮਨ, ਸੋਹਣਾ, ਲਹਿਰਾਉਣਾ, ਉਹ, ਤੁਰਨਾ, ਪਿੱਪਲ਼, ਝੂੰਮਦੀਆਂ, ਠੰਢੀ-ਮਿੱਠੀ।

7. (1) ਵੱਖ-ਵੱਖ ਰੁੱਤਾਂ ਨਾਲ਼ ਸੰਬੰਧਿਤ ਤਸਵੀਰਾਂ ਆਪਣੀ ਕਾਪੀ 'ਤੇ ਚਿਪਕਾਓ।

(2) ਅਧਿਆਪਕ ਦੀ ਸਹਾਇਤਾ ਨਾਲ਼ ਵੱਖ-ਵੱਖ ਰੁੱਤਾਂ ਨਾਲ਼ ਸੰਬੰਧਿਤ ਲੋਕ-ਗੀਤ ਤੇ ਬੋਲੀਆਂ ਇਕੱਤਰ ਕਰੋ।

ਆਪਣੀ ਮਨਪਸੰਦ ਰੁੱਤ ਨਾਲ਼ ਸੰਬੰਧਿਤ ਚਿੱਤਰ ਆਪਣੀ ਕਾਪੀ ਵਿੱਚ ਬਣਾਓ ਜਾਂ ਚਿਪਕਾਓ। ਇਹ ਵੀ ਲਿਖੋ ਕਿ ਇਹ ਰੁੱਤ ਤੁਹਾਨੂੰ ਕਿਉਂ ਪਸੰਦ ਹੈ।

* * *

ਪਾਠ -10

# ਕੀ ਤੁਸੀਂ ਪੜ੍ਹੇ-ਲਿਖੇ ਹੋ ?

ਪੰਜਾਬੀ ਦਾ ਪੀਰੀਅਡ ਸੀ। ਪੰਜਾਬੀ ਵਾਲ਼ੇ ਅਧਿਆਪਕ ਸਕੂਲ ਦੇ ਕਿਸੇ ਕੰਮ ਸ਼ਹਿਰ ਗਏ ਸਨ। ਹਰਸ਼ਿੰਦਰ ਕੌਰ ਮੈਡਮ ਸਾਡੇ ਸਕੂਲ ਦੀ ਮੁੱਖ ਅਧਿਆਪਕਾ ਸਨ। ਉਹ ਘੰਟੀ ਵੱਜਦੇ ਹੀ ਸਾਡੀ ਸ਼੍ਰੇਣੀ ਵਿੱਚ ਆ ਗਏ। ਕਹਿਣ ਲੱਗੇ ਕਿ ਤੁਹਾਡਾ ਇਹ ਪੀਰੀਅਡ ਮੈਂ ਲਵਾਂਗੀ। ਸਾਨੂੰ ਖ਼ੁਸ਼ੀ ਹੋਈ ਕਿ ਸਕੂਲ ਦੇ ਮੁਖੀ ਸਾਨੂੰ ਅੱਜ ਪੜ੍ਹਾਉਣਗੇ। ਉਹਨਾਂ ਨੇ ਸਾਨੂੰ ਇੱਕ ਪ੍ਰਸ਼ਨ ਕੀਤਾ। ਪ੍ਰਸ਼ਨ ਸੀ ਕਿ ਜਦੋਂ ਤੁਸੀਂ ਪੜ੍ਹ-ਲਿਖ ਜਾਓਗੇ ਤਾਂ ਹੋਰ ਲੋਕਾਂ ਨੂੰ ਕਿਵੇਂ ਪਤਾ ਲੱਗੇਗਾ ਕਿ ਤੁਸੀਂ ਪੜ੍ਹੇ-ਲਿਖੇ ਹੋ ?



ਸਾਰੇ ਵਿਦਿਆਰਥੀ ਸੋਚੀਂ ਪੈ ਗਏ। ਤਦ ਉਹ ਬੋਲੇ, "ਘਬਰਾਓ ਨਾ, ਜੋ ਉੱਤਰ ਤੁਹਾਨੂੰ ਸੁੱਝਦਾ ਹੈ, ਉਹ ਦੱਸੋ।"

ਤਦੇ ਮਨੋਹਰ ਬੋਲੀ, "ਜੀ, ਅਸੀਂ ਅਗਲੇ ਨੂੰ ਆਪਣੇ ਸਰਟੀਫ਼ਿਕੇਟ ਵਿਖਾ ਦੇਵਾਂਗੇ।"

ਬਲਬੀਰ ਚੰਦ ਨੇ ਕਿਹਾ, "ਮੈਡਮ ਜੀ, ਅਸੀਂ ਆਪਣੇ ਬੂਹੇ ਦੇ ਬਾਹਰ ਆਪਣੇ ਨਾਂ ਦੀ ਤਖ਼ਤੀ ਲਾ ਲਵਾਂਗੇ। ਉਸ ਉੱਤੇ ਆਪਣਾ ਨਾਂ ਅਤੇ ਜਮਾਤਾਂ ਲਿਖ ਦੇਵਾਂਗੇ।"

ਚੰਚਲ ਨੇ ਆਖਿਆ, "ਆਪਣੀ ਜਾਣ-ਪਛਾਣ ਕਰਾਉਣ ਵੇਲ਼ੇ ਅਸੀਂ ਦੱਸ ਦਿਆ ਕਰਾਂਗੇ ਕਿ ਅਸੀਂ ਕਿੰਨੇ ਪੜ੍ਹੇ ਹਾਂ ਅਤੇ ਕਿੱਥੋਂ ਪੜ੍ਹੇ ਹਾਂ।"

ਗੁਣਵੰਤ ਨੇ ਦੱਸਿਆ, "ਜੀ, ਸਾਡੇ ਘਰ ਦੇ ਬੰਦੇ ਵੀ ਲੋਕਾਂ ਨੂੰ ਦੱਸ ਸਕਦੇ ਹਨ ਕਿ ਅਸੀਂ ਕਿੰਨੀਆਂ

ਜਮਾਤਾਂ ਪਾਸ ਕੀਤੀਆਂ ਹੋਈਆਂ ਹਨ।"

ਮੁੱਖ ਅਧਿਆਪਕਾ ਜੀ ਨੇ ਸਾਰਿਆਂ ਦੇ ਉੱਤਰ ਸੁਣੇ। ਹਰ ਉੱਤਰ ਸੁਣ ਕੇ ਉਹ ਥੋੜ੍ਹਾ ਮੁਸਕਰਾ ਦਿੰਦੇ। ਫਿਰ ਆਖਦੇ, "ਹੋਰ ਦੱਸੋ ਬਈ, ਸ਼ਾਬਾਸ਼!"

ਜਦੋਂ ਕਈ ਵਿਦਿਆਰਥੀ ਦੱਸ ਚੁੱਕੇ ਤਦ ਮੁੱਖ ਅਧਿਆਪਕਾ ਜੀ ਨੇ ਕਿਹਾ, "ਤੁਸੀਂ ਤਾਂ ਬੜੇ ਸਿਆਣੇ ਹੋ। ਮੈਨੂੰ ਖ਼ੁਸ਼ੀ ਹੋਈ ਕਿ ਤੁਸੀਂ ਸਾਰਿਆਂ ਦੇ ਸਾਮ੍ਹਣੇ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਹੋ। ਨਾਲ਼ੇ ਹਰੇਕ ਨੇ ਆਪਣੀ ਗੱਲ ਦੱਸੀ ਹੈ। ਆਪਣੀ ਗੱਲ ਦੂਜਿਆਂ ਨੂੰ ਚੰਗੀ ਤਰ੍ਹਾਂ ਦੱਸ ਸਕਣਾ ਵੀ ਪੜ੍ਹੇ-ਲਿਖੇ ਹੋਣ ਦੀ ਨਿਸ਼ਾਨੀ ਹੈ।"

ਫਿਰ ਉਹਨਾਂ ਨੇ ਦੱਸਿਆ, "ਸਾਡੇ ਗੁਣਾਂ ਦਾ ਅਤੇ ਸਾਡੀ ਪੜ੍ਹਾਈ ਦਾ ਪਤਾ ਸਾਡੇ ਵਿਹਾਰ ਤੋਂ ਲੱਗਦਾ ਹੈ। ਸਰਟੀਫ਼ਿਕੇਟ ਹਰ ਵਕਤ ਆਪਣੇ ਨਾਲ਼ ਨਹੀਂ ਰੱਖੇ ਜਾ ਸਕਦੇ। ਬਿਨਾਂ ਲੋੜ ਤੋਂ ਕਿਸੇ ਨੂੰ ਇਹ ਵਿਖਾਏ ਵੀ ਨਹੀਂ ਜਾ ਸਕਦੇ। ਜਦੋਂ ਤੀਕ ਤੁਹਾਨੂੰ ਕੋਈ ਪੁੱਛੇ ਨਾ, ਆਪਣੀਆਂ ਜਮਾਤਾਂ ਬਾਰੇ ਦੱਸਣਾ ਵੀ ਸੋਭਦਾ ਨਹੀਂ। ਸਾਡੇ ਵਿਹਾਰ ਤੋਂ ਸਭ ਉੱਘੜ ਪੈਂਦਾ ਹੈ ਕਿ ਅਸੀਂ ਕੀ ਸਿੱਖਿਆ ਹੈ।"

"ਸਾਡੇ ਵਿਹਾਰ ਤੋਂ?" ਹਰੀ ਮੋਹਨ ਨੇ ਸਵਾਲ ਪੁੱਛਣ ਵਾਂਗ ਕਿਹਾ। ਹਰੀ ਮੋਹਨ ਸਾਡੀ ਸ਼੍ਰੇਣੀ ਦੇ ਮਨੀਟਰ ਹਨ।

"ਹਾਂ ਜੀ, ਸਾਡੇ ਵਿਹਾਰ ਤੋਂ।" ਮੈਡਮ ਜੀ ਨੇ ਫਿਰ ਕਿਹਾ, "ਮੈਂ ਦੱਸਦੀ ਹਾਂ : ਸਾਡੀ ਮਿੱਠੀ ਬੋਲ-ਬਾਣੀ, ਦੂਜਿਆਂ ਦੀ ਗੱਲ ਧਿਆਨ ਨਾਲ਼ ਸੁਣਨਾ, ਕੋਈ ਮੁਸ਼ਕਲ ਪੈਣ 'ਤੇ ਘਬਰਾਉਣਾ ਨਾ, ਔਖ-ਸੌਖ ਵੇਲ਼ੇ ਦੂਜਿਆਂ ਦੇ ਕੰਮ ਆਉਣਾ। ਇਸ ਪ੍ਰਕਾਰ ਦੇ ਗੁਣ ਸਾਡੇ ਵਿਹਾਰ ਵਿੱਚ ਝਲਕਦੇ ਹਨ।"

ਇਹ ਕਹਿੰਦਿਆਂ ਮੈਡਮ ਜੀ ਨੇ ਇੱਕ ਹੋਰ ਸਵਾਲ ਵੀ ਕਰ ਦਿੱਤਾ। ਇਹ ਸਵਾਲ ਸੀ ਕਿ ਪੜ੍ਹੇ-ਲਿਖੇ ਬੰਦੇ ਵਿੱਚ ਹੋਰ ਕਿਹੜੇ-ਕਿਹੜੇ ਗੁਣ ਹੁੰਦੇ ਹਨ? ਉਹਨਾਂ ਕਿਹਾ, "ਹਰੇਕ ਵਿਦਿਆਰਥੀ ਇੱਕ-ਇੱਕ ਗੁਣ ਬਾਰੇ ਦੱਸੇ।" ਫਿਰ ਉਹਨਾਂ ਨੇ ਇੱਕ ਪਾਸਿਓਂ ਪੁੱਛਣਾ ਸ਼ੁਰੂ ਕਰ ਦਿੱਤਾ। ਮਨੀਟਰ ਨੂੰ ਆਖਿਆ ਕਿ ਉਹ ਕਾਲ਼ੇ ਫੱਟੇ ਉੱਤੇ ਇਹ ਸਭ ਕੁਝ ਲਿਖਦਾ ਜਾਵੇ।

ਪਹਿਲੇ ਵਿਦਿਆਰਥੀ ਨੇ ਆਖਿਆ - "ਉਹ ਸਫ਼ਾਈ ਦਾ ਧਿਆਨ ਰੱਖਦਾ ਹੈ।"

ਦੂਜਾ ਵਿਦਿਆਰਥੀ - "ਉਹ ਮਿਹਨਤੀ ਹੁੰਦਾ ਹੈ।"

ਤੀਜਾ -"ਉਸ ਦਾ ਆਮ ਗਿਆਨ ਵਧੇਰੇ ਹੁੰਦਾ ਹੈ।"

ਚੌਥਾ- "ਉਹ ਨਵੇਂ ਤੋਂ ਨਵਾਂ ਗਿਆਨ ਹਾਸਲ ਕਰਦਾ ਰਹਿੰਦਾ ਹੈ।"

ਪੰਜਵਾਂ-"ਉਹ ਕਿਸੇ ਨਾ ਕਿਸੇ ਕੰਮ ਦਾ ਮਾਹਰ ਹੁੰਦਾ ਹੈ।"

ਛੇਵਾਂ-"ਉਹ ਹਿੰਮਤੀ ਹੁੰਦਾ ਹੈ ਅਤੇ ਸਦਾ ਚੌਕਸ ਰਹਿੰਦਾ ਹੈ।"

ਸੱਤਵਾਂ–"ਉਹ ਆਪਣਾ ਸਿੱਖਿਆ ਦੂਜਿਆਂ ਨੂੰ ਵੀ ਦੱਸਦਾ ਹੈ।"

ਅੱਠਵਾਂ–"ਉਹ ਹਸਮੁਖ ਹੁੰਦਾ ਹੈ।"

ਨੌਂਵਾਂ–"ਉਹ ਆਪਣੀ ਪੜ੍ਹਾਈ ਦਾ ਹੰਕਾਰ ਨਹੀਂ ਕਰਦਾ।"

ਇਸ ਪ੍ਰਕਾਰ ਵਿਦਿਆਰਥੀ ਦੱਸਦੇ ਗਏ। ਮੁੱਖ ਅਧਿਆਪਕਾ ਜੀ 'ਵਾਹ–ਵਾਹ' ਕਹਿੰਦੇ ਗਏ। ਓਧਰ ਕਾਲ਼ਾ ਫੱਟਾ ਗੁਣਾਂ ਦੀ ਸੂਚੀ ਨਾਲ਼ ਭਰ ਗਿਆ। ਚੰਗੀ ਸਿਹਤ ਵੀ ਲਿਖੀ ਗਈ, ਸੰਜਮ ਦਾ ਗੁਣ ਵੀ ਲਿਖਿਆ ਗਿਆ। ਸਮੇਂ ਦੀ ਸਦਵਰਤੋਂ ਵੀ ਸੂਚੀ ਵਿੱਚ ਸੀ। ਸਮੇਂ ਦੀ ਪਾਬੰਦੀ ਵੀ ਲਿਖੀ ਗਈ।

ਫਿਰ ਮੁਸਕਰਾਉਂਦੇ ਹੋਏ ਮੁੱਖ ਅਧਿਆਪਕਾ ਜੀ ਕਹਿਣ ਲੱਗੇ ਕਿ ਇਹਨਾਂ ਗੁਣਾਂ ਵਾਲ਼ਾ ਵਿਅਕਤੀ ਚੰਗਾ ਮਨੁੱਖ ਅਖਵਾਉਂਦਾ ਹੈ। ਕੋਈ ਉਸ ਨੂੰ ਸੋਹਣਾ ਕਹਿੰਦਾ ਹੈ, ਕੋਈ ਸਿਆਣਾ, ਕੋਈ ਸਾਊ ਤੇ ਕੋਈ ਸੱਜਣ। ਉਹ ਪਿਆਰਾ ਇਨਸਾਨ ਵੀ ਹੁੰਦਾ ਹੈ। ਹਾਂ, ਹੋਰ ਦੱਸਾਂ ? ਕਈ ਵਿਅਕਤੀ ਕਿਸੇ ਸਕੂਲ ਵਿੱਚ ਨਹੀਂ ਗਏ ਹੁੰਦੇ, ਉਹ ਅੱਖਰ–ਗਿਆਨ ਤੋਂ ਕੋਰੇ ਹੁੰਦੇ ਹਨ ਤਾਂ ਵੀ ਉਹ ਗੁਣਾਂ ਦੇ ਗੁਥਲੇ ਹੁੰਦੇ ਹਨ। ਇਸ ਪੱਖੋਂ ਸਮਰਾਟ ਅਕਬਰ ਅਤੇ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਗੁਣਾਂ ਦੇ ਨਾਲ਼ ਜੇਕਰ ਅੱਖਰ–ਗਿਆਨ ਵੀ ਹੋਵੇ ਤਦ ਸੋਨੇ 'ਤੇ ਸੁਹਾਗੇ ਵਾਲ਼ੀ ਗੱਲ ਹੁੰਦੀ ਹੈ।"

ਹਰੀ ਮੋਹਨ ਨੇ ਪੁੱਛਿਆ, "ਮੈਡਮ ਜੀ, ਜਿਹੜੇ ਸਕੂਲਾਂ ਵਿੱਚ ਨਹੀਂ ਪੜ੍ਹ ਸਕਦੇ, ਉਹ ਫਿਰ ਸਿੱਖਦੇ ਕਿੱਥੋਂ ਹਨ ?"

ਮੈਡਮ ਜੀ ਬੋਲੇ, "ਬਹੁਤ ਵਧੀਆ ਪ੍ਰਸ਼ਨ ਕੀਤਾ ਹੈ, ਤੁਹਾਡੇ ਮਨੀਟਰ ਨੇ। ਇਹ ਬਹੁਤ ਸਿਆਣਾ ਵਿਦਿਆਰਥੀ ਹੈ। ਵਿਦਿਆਰਥੀਓ, ਸਿੱਖਣ ਲਈ ਸਕੂਲ ਬਹੁਤ ਚੰਗੀ ਥਾਂ ਹੈ। ਪਰ ਸਿੱਖਣ ਵਾਲ਼ੇ ਹੋਰ ਅਨੇਕਾਂ ਥਾਂਵਾਂ ਤੋਂ ਵੀ ਸਿੱਖਦੇ ਰਹਿੰਦੇ ਹਨ। ਅਸੀਂ ਚਾਹੀਏ ਤਾਂ ਸਾਰੀ ਉਮਰ ਸਿੱਖਦੇ ਰਹੀਏ। ਤੁਸੀਂ ਵੀ ਸਿੱਖਦੇ ਰਹਿਣਾ ਹੈ। ਸਿੱਖਣਾ ਛੱਡ ਦਿਓਗੇ ਤਾਂ ਤੁਹਾਡਾ ਗਿਆਨ ਪੁਰਾਣਾ ਤੇ ਬਾਸੀ ਹੋ ਜਾਵੇਗਾ।"

ਮੁੱਖ ਅਧਿਆਪਕਾ ਕੁਝ ਚਿਰ ਲਈ ਚੁੱਪ ਕਰ ਗਏ। ਉਹਨਾਂ ਨੇ ਵੇਖਿਆ ਕਿ ਸਾਰੇ ਵਿਦਿਆਰਥੀ ਖ਼ੁਸ਼ ਸਨ। ਫਿਰ ਮੁੱਖ ਅਧਿਆਪਕਾ ਜੀ ਨੇ ਕਿਹਾ, "ਤੁਸੀਂ ਸਾਰਿਆਂ ਨੇ ਅੱਜ ਸਾਬਤ ਕਰ ਦਿੱਤਾ ਹੈ ਕਿ ਤੁਸੀਂ ਸੱਚ–ਮੁੱਚ ਵਿਦਿਆਰਥੀ ਹੋ। ਵਿੱਦਿਆ ਪ੍ਰਾਪਤ ਕਰਨ ਵਾਲ਼ਾ ਹੀ ਵਿਦਿਆਰਥੀ ਹੁੰਦਾ ਹੈ। ਤੁਸੀਂ ਜਿਵੇਂ ਪ੍ਰਸ਼ਨ ਪੁੱਛੇ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੱਤੇ, ਉਸ ਤੋਂ ਮੈਨੂੰ ਬੜੀ ਪ੍ਰਸੰਨਤਾ ਹੋਈ ਹੈ। ਜੇ ਤੁਸੀਂ ਇਵੇਂ ਹੀ ਪੜ੍ਹਦੇ ਤੇ ਸਿੱਖਦੇ ਰਹੇ ਤਦ ਤੁਹਾਨੂੰ ਹਰ ਕੋਈ ਪੜ੍ਹਿਆ–ਲਿਖਿਆ ਆਖੇਗਾ। ਤੁਹਾਨੂੰ ਆਪਣੇ ਸਰਟੀਫ਼ਿਕੇਟ ਵਿਖਾਉਣ ਦੀ ਲੋੜ ਨਹੀਂ ਪਵੇਗੀ। ਆਪਣੀ ਪੜ੍ਹਾਈ ਬਾਰੇ ਵੀ ਦੱਸਣਾ ਨਹੀਂ ਪਵੇਗਾ। ਆਪਣੇ ਕਾਰ–ਵਿਹਾਰ ਤੋਂ ਹੀ ਤੁਸੀਂ ਪੜ੍ਹੇ–ਲਿਖੇ ਗੁਣਵਾਨ ਇਨਸਾਨ ਲੱਗੋਗੇ।"

## ਪਾਠ- ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਪਹਿਲਾ ਪੀਰੀਅਡ ਕਿਸ ਵਿਸ਼ੇ ਦਾ ਸੀ ?

(ਅ) ਸਕੂਲ ਦੀ ਮੁੱਖ ਅਧਿਆਪਕਾ ਦਾ ਕੀ ਨਾਂ ਸੀ ?

(ੲ) ਇਸ ਪਾਠ ਵਿੱਚ ਕਿਹੜੇ ਦੋ ਰਾਜਿਆਂ ਦਾ ਜ਼ਿਕਰ ਹੈ ?

(ਸ) ਗੁਣਵਾਨ ਇਨਸਾਨ ਦਾ ਕਿੱਥੋਂ ਪਤਾ ਲੱਗਦਾ ਹੈ ?

(ਹ) ਮੁੱਖ ਅਧਿਆਪਕਾ ਜੀ ਨੂੰ ਸਭ ਤੋਂ ਪਹਿਲਾਂ ਕਿਸ ਵਿਦਿਆਰਥੀ ਨੇ ਉੱਤਰ ਦਿੱਤਾ।

**2. ਵਾਕ ਬਣਾਓ :**

ਸਫ਼ਾਈ :

ਮਿਹਨਤੀ :

ਹਿੰਮਤੀ :

ਹਸਮੁਖ :

ਪੜ੍ਹਾਈ :

ਵਿਦਿਆਰਥੀ :

**3. ਸਹੀ ਵਿਕਲਪ ਚੁਣੋ :**

(ੳ) ਸਾਡੇ ਗੁਣਾਂ ਤੇ ਸਾਡੀ ਪੜ੍ਹਾਈ ਦਾ ਪਤਾ ਲੱਗਦਾ ਹੈ :

(ਕ) ਸਰਟੀਫ਼ਿਕੇਟ ਤੋਂ (ਖ) ਸਾਡੇ ਵਿਹਾਰ ਤੋਂ

(ੲ) ਸਾਡੇ ਦੱਸਣ ਤੋਂ (ਸ) ਬੂਹੇ ਲੱਗੀ ਤਖ਼ਤੀ ਤੋਂ

(ਅ) ਕਿਹੜੀ ਗੱਲ ਚੰਗਾ ਵਿਦਿਆਰਥੀ ਨਹੀਂ ਕਰਦਾ ?

(ਕ) ਮਿਹਨਤ (ਖ) ਹਿੰਮਤ

(ਗ) ਹੰਕਾਰ (ਘ) ਸਫ਼ਾਈ

(ੲ) ਮੁੱਖ ਅਧਿਆਪਕਾ ਜੀ ਨੇ ਵਿਦਿਆਰਥੀਆਂ ਨੂੰ ਕੀ ਪੜ੍ਹਾਇਆ ?

(ਕ) ਪੰਜਾਬੀ (ਖ) ਅੰਗਰੇਜ਼ੀ

(ਗ) ਸਾਇੰਸ (ਘ) ਪ੍ਰਸ਼ਨ ਪੁੱਛੋ

4. **ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

ਪ੍ਰਸ਼ਨ, ਥਾਂਵਾਂ, ਸਿਆਣੇ, ਮਨੁੱਖ, ਹੰਕਾਰ

(ਕ) ਤੁਸੀਂ ਤਾਂ ਬੜੇ ________ਹੋ।

(ਖ) ਸਿੱਖਣ ਵਾਲ਼ੇ ਹੋਰ ਅਨੇਕਾਂ ________ਤੋਂ ਵੀ ਸਿੱਖਦੇ ਜਾਂਦੇ ਹਨ।

(ਗ) ਉਹ ਪੜ੍ਹਾਈ ਦਾ ________ਨਹੀਂ ਕਰਦਾ।

(ਘ) ਬਹੁਤ ਵਧੀਆ ________ਕੀਤਾ ਹੈ, ਤੁਹਾਡੇ ਮਨੀਟਰ ਨੇ।

(ਙ) ਇਹਨਾਂ ਗੁਣਾਂ ਵਾਲ਼ਾ ਵਿਅਕਤੀ ਚੰਗਾ ________ਅਖਵਾਉਂਦਾ ਹੈ।

5. **ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਲਿਖੋ :**

(ੳ) ਚੰਗੇ ਵਿਦਿਆਰਥੀ ਦੇ ਕੋਈ ਪੰਜ ਗੁਣ ਲਿਖੋ।

(ਅ) ਵਿਦਿਆਰਥੀਆਂ ਨੇ ਮੁੱਖ ਅਧਿਆਪਕਾ ਜੀ ਨੂੰ ਕਿਸੇ ਦੇ ਪੜ੍ਹੇ-ਲਿਖੇ ਹੋਣ ਸੰਬੰਧੀ ਕੀ ਉੱਤਰ ਦਿੱਤੇ ?

(ੲ) ਹਰੀ ਮੋਹਨ ਦੇ ਪ੍ਰਸ਼ਨ ਦਾ ਮੁੱਖ ਅਧਿਆਪਕਾ ਜੀ ਨੇ ਕੀ ਉੱਤਰ ਦਿੱਤਾ ?

6. **ਸਹੀ ਮਿਲਾਣ ਕਰੋ :**

| | |
|---|---|
| ਨਾਂਵ | ਹੌਲ਼ੀ |
| ਪੜਨਾਂਵ | ਦੌੜਨਾ |
| ਵਿਸ਼ੇਸ਼ਣ | ਮਨੋਹਰ |
| ਕਿਰਿਆ | ਉਹ |
| ਕਿਰਿਆ-ਵਿਸ਼ੇਸ਼ਣ | ਸੋਹਣਾ |

7. **ਰਚਨਾਤਮਿਕ ਕਾਰਜ :**

(ੳ) ਸਕੂਲ ਤੋਂ ਬਿਨਾਂ ਤੁਸੀਂ ਹੋਰ ਕਿੱਥੋਂ-ਕਿੱਥੋਂ ਸਿੱਖਦੇ ਹੋ ?

(ਅ) ਆਪਣੀ ਜਮਾਤ ਦੇ ਪੰਜ ਵਿਦਿਆਰਥੀਆਂ ਦੇ ਦੋ-ਦੋ ਚੰਗੇ ਗੁਣ ਆਪਣੀ ਕਾਪੀ 'ਤੇ ਲਿਖੋ।

(ੲ) ਆਪਣੇ ਚੰਗੇ ਗੁਣ ਕਾਪੀ 'ਤੇ ਲਿਖੋ ਅਤੇ ਹੋਰ ਚੰਗੇ ਗੁਣ ਜੋ ਆਪਣੇ ਵਿੱਚ ਲਿਆਉਣਾ ਚਾਹੁੰਦੇ ਹੋ, ਉਹ ਵੀ ਨੋਟ ਕਰੋ।

***

ਪਾਠ-11

# ਭਾਰਤੀ ਫ਼ੁਟਬਾਲ ਦਾ ਸਿਤਾਰਾ : ਉਲੰਪੀਅਨ ਜਰਨੈਲ ਸਿੰਘ

ਜਰਨੈਲ ਸਿਰਫ਼ ਫ਼ੁੱਟਬਾਲ ਦਾ ਹੀ ਜਰਨੈਲ ਨਹੀਂ ਸੀ। ਉਹ ਤਾਂ ਕਿਸੇ ਲਈ ਪੁਲ਼ ਸੀ, ਕਿਸੇ ਲਈ ਛਾਂ ਸੀ ਅਤੇ ਕਿਸੇ ਰੂਹ ਦੀ ਪਿਆਸ ਲਈ ਨੀਰ ਸੀ। ਉਹ ਜਿੱਥੇ ਫ਼ੁਟਬਾਲ ਦੀ ਦੁਨੀਆ ਦਾ ਰਹਿਨੁਮਾ ਬਣਿਆ, ਉੱਥੇ ਉਸ ਨੇ ਲੱਖਾਂ ਰੂਹਾਂ ਦੀ ਆਸਥਾ ਦੀ ਦਰਗਾਹ ਦਾ ਰੂਪ ਵੀ ਧਾਰਿਆ। ਉਸ ਕੋਲ਼ ਕੋਮਲ ਮਨ ਸੀ, ਜਿਸ ਕਰਕੇ ਉਹ ਹਰ ਕਿਸੇ ਨੂੰ ਆਪਣਾ ਲੱਗਦਾ। ਉਸ ਦੀ ਫ਼ੁਟਬਾਲ-ਕਲਾ ਦੀ ਲੱਜ਼ਤ ਉਸ ਦੇ ਲਫ਼ਜ਼ਾਂ ਵਿੱਚ ਵੀ ਸੀ। ਉਸਦੇ ਫ਼ੁੱਟਬਾਲ ਖੇਡਣ ਦਾ ਅੰਦਾਜ਼ ਉਸ ਦੇ ਬੋਲਾਂ ਦੇ ਲਹਿਜੇ ਵਿੱਚ ਵੀ ਘੁੱਲ-ਮਿਲ ਗਿਆ ਸੀ।

ਦਰਖ਼ਤਾਂ ਵਰਗੀ ਹਲੀਮੀ ਦਾ ਮਾਲਕ ਜਰਨੈਲ ਸਿੰਘ ਭਾਰਤੀ ਫ਼ੁਟਬਾਲ ਦੇ 'ਬੱਬਰ ਸ਼ੇਰ' ਵਜੋਂ ਜਾਣਿਆ ਜਾਂਦਾ ਸੀ। ਅੰਤਰਰਾਸ਼ਟਰੀ ਪ੍ਰਸਿੱਧੀ ਵਾਲ਼ਾ ਜਰਨੈਲ ਫ਼ੁਟਬਾਲ ਦਾ ਸ਼ਾਹਸਵਾਰ ਸੀ। ਫ਼ੁਟਬਾਲ ਖੇਡ ਨੂੰ ਪ੍ਰਣਾਏ ਜਰਨੈਲ ਸਿੰਘ ਦਾ ਜਨਮ 20 ਫ਼ਰਵਰੀ, 1936 ਨੂੰ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਪਿਤਾ ਸ. ਉਜਾਗਰ ਸਿੰਘ ਅਤੇ ਦਾਦਾ ਸ. ਦਸੌਂਧਾ ਸਿੰਘ ਦੇ ਗ੍ਰਹਿ ਚੱਕ ਨੰਬਰ 272, ਤਹਿਸੀਲ ਅਤੇ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ।




ਮੁੱਢ ਤੋਂ ਹੀ ਜਰਨੈਲ ਸਿੰਘ ਵਿੱਚ ਫ਼ੁਟਬਾਲ ਖੇਡਣ ਦਾ ਬੇਹੱਦ ਸ਼ੌਕ ਸੀ। ਚੰਗੀ ਕਿਸਮਤ ਨਾਲ਼ ਜਰਨੈਲ ਸਿੰਘ ਦਾ ਘਰ ਸਕੂਲ ਦੇ ਬਿਲਕੁਲ ਨਾਲ਼ ਹੀ ਸੀ। ਜਰਨੈਲ ਸਿੰਘ ਅਤੇ ਪਿੰਡ ਦੇ ਹੋਰ ਬੱਚੇ ਉਦੋਂ ਖਿੱਦੋ

ਨਾਲ਼ ਖੇਡਿਆ ਕਰਦੇ ਸਨ। ਹੁਣ ਵਾਲ਼ੀਆਂ ਗੇਂਦਾਂ ਤਾਂ ਉਸ ਸਮੇਂ ਮਿਲ਼ਦੀਆਂ ਹੀ ਨਹੀਂ ਸਨ। ਲੀਰਾਂ ਦੀ ਖਿੱਦੋ ਬਣਾਉਣੀ ਵੀ ਜਰਨੈਲ ਸਿੰਘ ਨੇ ਖ਼ੁਦ ਹੀ ਸਿੱਖ ਲਈ ਸੀ। ਉਹ ਕਿਹਾ ਕਰਦਾ ਸੀ, "ਜੇਕਰ ਤੁਸੀਂ ਫ਼ੁਟਬਾਲ ਖੇਡਣਾ ਹੈ ਤਾਂ ਛੋਟੀ ਗੇਂਦ (ਖਿੱਦੋ) ਨਾਲ਼ ਖੇਡਣਾ ਸ਼ੁਰੂ ਕਰੋ। ਜਦੋਂ ਤੁਸੀਂ ਛੋਟੇ ਬਾਲ ਨਾਲ਼ ਖੇਡਣ 'ਚ ਮੁਹਾਰਤ ਹਾਸਲ ਕਰ ਲਈ ਤਾਂ ਵੱਡੇ ਬਾਲ ਨਾਲ਼ ਖੇਡਣਾ ਹੋਰ ਸੌਖਾ ਹੋ ਜਾਵੇਗਾ।"

ਜਰਨੈਲ ਸਿੰਘ ਨੇ ਆਪਣੇ ਪਿੰਡ ਚੱਕ ਨੰਬਰ 272 ਦੇ ਸਕੂਲ ਤੋਂ ਜਦੋਂ ਚੌਥੀ ਜਮਾਤ ਪਾਸ ਕਰ ਲਈ ਤਾਂ ਉਹ ਆਪਣੇ ਪਿੰਡ ਤੋਂ ਤਿੰਨ ਕੁ ਮੀਲ ਦੂਰ ਬਾਰ ਖ਼ਾਲਸਾ ਸਕੂਲ, ਚੱਕ ਨੰਬਰ 48 ਵਿੱਚ ਪੰਜਵੀਂ ਜਮਾਤ ਵਿੱਚ ਦਾਖ਼ਲ ਹੋ ਗਿਆ। ਉਸ ਸਕੂਲ ਦੇ ਵਿਦਿਆਰਥੀਆਂ ਵਿੱਚ ਫ਼ੁਟਬਾਲ ਖੇਡਣ ਦਾ ਬੜਾ ਸ਼ੌਕ ਸੀ। ਜਰਨੈਲ ਸਿੰਘ ਤੇ ਉਸ ਦੇ ਸਾਥੀਆਂ ਨੇ ਜਦੋਂ ਵੀ ਜਮਾਤ ਤੋਂ ਥੋੜ੍ਹਾ ਵਿਹਲੇ ਹੋਣਾ, ਗ੍ਰਾਊਂਡ ਵਿੱਚ ਫ਼ੁਟਬਾਲ ਖੇਡਣਾ ਸ਼ੁਰੂ ਕਰ ਦੇਣਾ। ਜਰਨੈਲ ਸਿੰਘ ਨੂੰ ਕੋਈ ਅਜਿਹਾ ਦਿਨ ਯਾਦ ਨਹੀਂ ਜਿਸ ਦਿਨ ਉਸ ਨੇ ਉੱਥੇ ਖਿੱਦੋ ਖੇਡਣ ਦਾ ਅਭਿਆਸ ਨਾ ਕੀਤਾ ਹੋਵੇ।

ਦੇਸ ਦੀ ਵੰਡ ਸਮੇਂ ਜਦੋਂ ਜਰਨੈਲ ਸਿੰਘ ਪਰਿਵਾਰ ਸਮੇਤ ਭਾਰਤ ਵਿੱਚ ਆਇਆ ਤਾਂ ਉਹ ਸਰਕਾਰੀ ਹਾਈ ਸਕੂਲ, ਗੜ੍ਹਸ਼ੰਕਰ (ਜ਼ਿਲ੍ਹਾ ਹੁਸ਼ਿਆਰਪੁਰ) ਵਿੱਚ ਪੜ੍ਹਨ ਲੱਗਾ। ਸੱਤਵੀਂ ਅਤੇ ਅੱਠਵੀਂ ਜਮਾਤ ਉਸ ਨੇ ਉੱਥੋਂ ਹੀ ਪਾਸ ਕੀਤੀ। 1951-52 ਵਿੱਚ ਸਰਹਾਲ ਮੁੰਡੀ ਤੋਂ ਦਸਵੀਂ ਪਾਸ ਕੀਤੀ ਤੇ ਫਿਰ ਆਰ. ਕੇ. ਆਰੀਆ ਕਾਲਜ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਵਿੱਚ ਦਾਖ਼ਲ ਹੋ ਗਿਆ। ਉਸ ਦੇ ਪਿਤਾ ਨੂੰ ਗੜ੍ਹਸ਼ੰਕਰ ਨੇੜਲੇ ਪਿੰਡ ਪਨਾਮ ਵਿਖੇ ਆਰਜ਼ੀ ਤੌਰ 'ਤੇ ਪੰਜ-ਛੇ ਖੇਤ ਜ਼ਮੀਨ ਅਲਾਟ ਹੋ ਚੁੱਕੀ ਸੀ। ਜਰਨੈਲ ਸਿੰਘ ਨੂੰ ਫ਼ੁੱਟਬਾਲ ਨਾਲ਼ੋਂ ਵੱਧ ਹੋਰ ਕੋਈ ਵੀ ਚੀਜ਼ ਚੰਗੀ ਨਹੀਂ ਸੀ ਲੱਗਦੀ। ਇਸੇ ਸ਼ੌਕ ਕਰਕੇ 1951-52 ਤੱਕ ਉਸ ਨੂੰ ਇੱਕ ਚੰਗੇ ਫ਼ੁਟਬਾਲ-ਖਿਡਾਰੀ ਦੇ ਤੌਰ 'ਤੇ ਮਾਨਤਾ ਮਿਲ਼ ਚੁੱਕੀ ਸੀ। ਫ਼ੁਟਬਾਲ ਦੇ ਇਸ ਹੀਰੇ ਦੀ ਪਰਖ ਸਭ ਤੋਂ ਪਹਿਲਾਂ ਪੀ. ਟੀ. ਆਈ. ਸ. ਹਰਬੰਸ ਸਿੰਘ ਦੀ ਪਾਰਖੂ ਅੱਖ ਨੇ ਕੀਤੀ। ਫਿਰ ਉਹ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਮਾਹਿਲਪੁਰ ਦੇ ਡੀ. ਪੀ. ਈ. ਸ. ਹਰਦਿਆਲ ਸਿੰਘ ਦੇ ਯਤਨਾਂ ਸਦਕਾ ਮਾਹਿਲਪੁਰ ਕਾਲਜ ਵਿੱਚ ਦਾਖ਼ਲ ਹੋ ਗਿਆ। 1954 ਦੇ ਇਹਨਾਂ ਸਮਿਆਂ ਵਿੱਚ ਉਹਨਾਂ ਨੇ ਉਸ ਨੂੰ ਖ਼ੂਬ ਤਰਾਸ਼ਿਆ। ਇਸੇ ਹੀ ਕਾਲਜ ਵਿੱਚ ਜਰਨੈਲ ਦੇ ਪੈਰਾਂ ਵਿਚਲਾ ਫ਼ੁਟਬਾਲ ਦਾ ਜਾਦੂ ਸਿਰ ਚੜ੍ਹ ਬੋਲਿਆ। ਖਿਡਾਰੀਆਂ ਨੂੰ ਪੁੱਤਰਾਂ ਵਾਂਗ ਸਮਝਣ ਵਾਲ਼ੀ ਉਸ ਸਮੇਂ ਦੀ ਪ੍ਰਸਿੱਧ ਸ਼ਖ਼ਸੀਅਤ ਇਸ ਕਾਲਜ ਦੇ ਪ੍ਰਿੰਸੀਪਲ ਹਰਭਜਨ ਸਿੰਘ ਖ਼ੁਦ ਫ਼ੁਟਬਾਲ ਦੀ ਖੇਡ ਦੇ ਬੇਹੱਦ ਸ਼ੁਕੀਨ ਸਨ। ਜੋ ਯਤਨ ਉਹਨਾਂ ਨੇ ਜਰਨੈਲ ਸਿੰਘ ਦੀ ਖੇਡ ਨੂੰ ਉਭਾਰਨ ਲਈ ਕੀਤੇ, ਉਸ ਸਦਕਾ ਜਰਨੈਲ ਸਿੰਘ ਦੀ ਖੇਡ ਨਿੱਤ ਦਿਨ ਹੋਰ ਵੀ ਨਿੱਖਰਦੀ ਗਈ। ਇਹ ਉਹ ਵਕਤ ਸੀ ਜਦੋਂ ਪਿਤਾ ਸ. ਉਜਾਗਰ ਸਿੰਘ ਫ਼ੁਟਬਾਲ ਦੇ ਸ਼ੌਕ ਵਿੱਚ ਭਿੱਜੀਆਂ ਖ਼ੂਬਸੂਰਤ ਗੱਲਾਂ ਕਰਦੇ ਜਰਨੈਲ ਨੂੰ ਅਕਸਰ ਹੀ ਆਖਦੇ ਸਨ, "ਪੁੱਤ, ਨਿਸ਼ਾਨਾ ਠੀਕ ਰੱਖੀਂ।"

ਇੱਕ ਦਿਨ ਉਹ ਵੀ ਆਇਆ ਜਦੋਂ ਜਰਨੈਲ ਸਿੰਘ 1958 ਵਿੱਚ ਹੀ ਪੰਜਾਬ ਦੀ ਨਾਮਵਰ ਕਲੱਬ 'ਖ਼ਾਲਸਾ ਸਪੋਰਟਿੰਗ ਕਲੱਬ' ਦਾ ਸਟਾਪਰ ਬੈਕ ਬਣ ਕੇ ਦਿੱਲੀ ਦਾ ਡੀ. ਸੀ. ਐੱਮ. ਟੂਰਨਾਮੈਂਟ ਖੇਡਿਆ। ਇਹਨਾਂ ਦਿਨਾਂ ਵਿੱਚ ਹੀ ਉਸ ਦੀ ਫ਼ੁਟਬਾਲ-ਮੁਹਾਰਤ ਦੇ ਲੋਹੇ ਨੂੰ ਮੰਨਦਿਆਂ 'ਰਾਜਸਥਾਨ ਕਲੱਬ' ਨੇ ਉਸ ਨਾਲ਼ ਕੁਝ ਸਾਲਾਂ ਲਈ ਇਕਰਾਰਨਾਮਾ ਕਰ ਲਿਆ। ਪਰੰਤੂ ਜਰਨੈਲ ਸਿੰਘ ਦਾ ਅਸਲ ਨਿਸ਼ਾਨਾ ਕਲਕੱਤੇ ਦੀ ਨਾਮਵਰ ਕਲੱਬ 'ਮੋਹਨ ਬਾਗ਼ਾਨ' ਵੱਲੋਂ ਖੇਡਣ ਦਾ ਸੀ। ਇਸ ਨਾਮਵਰ ਕਲੱਬ ਵਿੱਚ ਖੇਡਣ ਸੰਬੰਧੀ ਉਸ ਦਾ ਸੁਪਨਾ 1959 ਵਿੱਚ ਪੂਰਾ ਹੋਇਆ। ਜਰਨੈਲ ਸਿੰਘ 1960 ਵਿੱਚ ਭਾਰਤੀ ਫ਼ੁਟਬਾਲ ਟੀਮ ਵੱਲੋਂ ਰੋਮ ਉਲੰਪਿਕ

ਖੇਡਿਆ ਅਤੇ ਇੱਥੇ ਉਹ ਵਰਲਡ ਇਲੈਵਨ ਲਈ ਵੀ ਚੁਣਿਆ ਗਿਆ। ਇਸੇ ਉਲੰਪਿਕ ਵਿੱਚ ਇਟਲੀ ਦੇ ਲੋਕ ਉਸ ਦੇ ਆਸ਼ਕ ਬਣ ਗਏ। 1964 ਵਿੱਚ ਉਹ ਕਲਕੱਤੇ ਦਾ 'ਬੈੱਸਟ ਪਲੇਅਰ' ਐਲਾਨਿਆ ਗਿਆ। ਇਸੇ ਸਾਲ ਹੀ ਉਸ ਨੂੰ ਭਾਰਤ ਸਰਕਾਰ ਵੱਲੋਂ 'ਅਰਜੁਨ ਐਵਾਰਡ' ਨਾਲ਼ ਸਨਮਾਨਿਤ ਕੀਤਾ ਗਿਆ। 1966 ਅਤੇ 1967 ਵਿੱਚ ਉਹ 'ਮੋਹਨ ਬਾਗ਼ਾਨ' ਦਾ ਕੈਪਟਨ ਰਿਹਾ। ਇਸ ਸਮੇਂ ਦੌਰਾਨ 'ਮੋਹਨ ਬਾਗ਼ਾਨ' ਨੇ ਬਹੁਤ ਸਾਰੇ ਨਾਮੀ ਟੂਰਨਾਮੈਂਟਾਂ ਵਿੱਚ ਜਿੱਤ ਹਾਸਲ ਕੀਤੀ।

1958 ਦੇ ਅਖ਼ੀਰ ਤੋਂ ਲੈ ਕੇ 1967 ਤੱਕ ਜਰਨੈਲ ਸਿੰਘ ਭਾਰਤ ਦੀ ਫ਼ੁਟਬਾਲ-ਟੀਮ ਵਿੱਚ ਖੇਡਿਆ। ਉਸ ਨੇ ਆਪਣੀ ਖੇਡ ਦਾ ਲੋਹਾ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਮਨਵਾਇਆ। 1962 ਦੀਆਂ ਏਸ਼ੀਅਨ ਖੇਡਾਂ ਜੋ ਜਕਾਰਤਾ ਵਿੱਚ ਹੋਈਆਂ, ਵਿੱਚ ਜਰਨੈਲ ਸਿੰਘ ਨੇ ਸੱਟ ਲੱਗਣ ਦੇ ਬਾਵਜੂਦ ਵਿਰੋਧੀ ਟੀਮਾਂ ਸਿਰ ਗੋਲ਼ ਕੀਤੇ ਅਤੇ ਭਾਰਤ ਲਈ ਸੋਨੇ ਦਾ ਤਗਮਾ ਜਿੱਤਿਆ। ਇਸ ਮਹਾਨ ਖਿਡਾਰੀ ਨੇ 1965-66 ਅਤੇ 1967 ਵਿੱਚ ਤਿੰਨ ਸਾਲ ਤੱਕ ਭਾਰਤੀ ਫ਼ੁਟਬਾਲ ਟੀਮ ਦੀ ਕਪਤਾਨੀ ਕੀਤੀ। ਇੱਥੇ ਹੀ ਬੱਸ ਨਹੀਂ ਸਗੋਂ 1966-67 ਵਿੱਚ ਉਸ ਨੂੰ 'ਏਸ਼ੀਅਨ ਆਲ ਸਟਾਰ ਟੀਮ' ਦਾ ਕਪਤਾਨ ਵੀ ਬਣਾਇਆ ਗਿਆ। 1962 ਦੇ ਦਿਨਾਂ ਵਿੱਚ ਪੰਜਾਬ ਦੇ ਖੇਡ-ਮਹਿਕਮੇ ਦੇ ਸੈਕਟਰੀ ਏ. ਐੱਲ. ਫ਼ਲੈਚਰ ਨੇ ਇਸ ਮਹਾਨ ਖਿਡਾਰੀ ਦੀ ਖੇਡ-ਕਲਾ ਨੂੰ ਵੇਖ ਕੇ ਖੇਡ-ਮਹਿਕਮੇ ਵਿੱਚ ਵਕਾਰੀ ਨੌਕਰੀ ਦਿੱਤੀ ਸੀ। ਇਸ ਨੌਕਰੀ ਦਾ ਮੁੱਲ ਜਰਨੈਲ ਸਿੰਘ ਨੇ ਉਸ ਸਮੇਂ ਤਾਰਿਆ ਜਦੋਂ ਪੰਜਾਬ ਨੂੰ 1970 ਦੀ ਸੰਤੋਸ਼ ਟਰਾਫ਼ੀ ਜਿਤਾਈ ਤੇ ਫਿਰ 1974 ਵਿੱਚ ਦੁਬਾਰਾ ਇਸ ਪ੍ਰਾਪਤੀ ਨੂੰ ਦੁਹਰਾਇਆ। ਜਰਨੈਲ ਸਿੰਘ ਦੀ ਖੇਡ ਸਦਕਾ ਪੰਜਾਬ ਨੇ ਲਗ-ਭਗ 30 ਸਾਲਾਂ ਦੇ ਲੰਮੇ ਅਰਸੇ ਬਾਅਦ ਫ਼ੁਟਬਾਲ ਵਿੱਚ ਆਪਣਾ ਵਕਾਰੀ ਰੁਤਬਾ ਹਾਸਲ ਕੀਤਾ ਸੀ। ਜਰਨੈਲ ਸਿੰਘ ਖੇਡ-ਵਿਭਾਗ, ਪੰਜਾਬ ਵਿੱਚ ਸੀਨੀਅਰ ਡਿਪਟੀ ਡਾਇਰੈਕਟਰ ਅਤੇ ਕਾਰਜਕਾਰੀ ਡਾਇਰੈਕਟਰ ਵਰਗੇ ਉੱਚ-ਅਹੁਦਿਆਂ 'ਤੇ ਰਿਹਾ ਅਤੇ 1994 ਵਿੱਚ ਸੇਵਾ-ਮੁਕਤ ਹੋਇਆ।

ਜਰਨੈਲ ਸਿੰਘ ਇੱਕ ਖਿਡਾਰੀ ਦੇ ਨਾਲ਼-ਨਾਲ਼ ਇੱਕ ਚੰਗਾ ਕਿਰਸਾਣ ਵੀ ਸੀ। ਉਹ ਬਲ਼ਦਾਂ ਦੀਆਂ ਗੱਲਾਂ ਵੀ ਕਰਦਾ। ਉਹ ਲਵੇਰੀਆਂ ਨੂੰ ਹੱਥੀਂ ਗੁੜ ਖੁਆਉਣ ਵਾਲ਼ਾ ਕਿਰਤੀ ਵੀ ਸੀ। "ਮੈਂ ਜ਼ਿੰਦਗੀ ਵਿੱਚ ਸਿਰਫ਼ ਸਤਿਕਾਰ ਕਰਨਾ ਸਿੱਖਿਆ ਹੈ", ਇਹ ਬੋਲ ਇੱਕ ਨੇਕ ਇਨਸਾਨ ਵਜੋਂ ਜਾਣੇ ਜਾਂਦੇ ਜਰਨੈਲ ਸਿੰਘ ਦੇ ਸਨ।

ਜਰਨੈਲ ਸਿੰਘ ਸੰਨ 2000 ਦੇ ਤਪਦੇ ਮਹੀਨਿਆਂ ਵਿੱਚ ਤਪਦਾ ਸਰੀਰ ਲੈ ਕੇ ਆਪਣੇ ਨਿੱਕੇ ਪੁੱਤਰ ਹਰਸ਼ਮੋਹਣ ਨੂੰ ਮਿਲ਼ਨ ਕੈਨਡਾ ਗਿਆ। ਉਹ ਆਪਣੇ ਪੋਤਰੇ ਅਤੇ ਪੋਤਰੀ ਦੇ ਤੋਤਲੇ ਬੋਲਾਂ ਦੇ ਅਰਥ ਸਮਝਣਾ ਚਾਹੁੰਦਾ ਸੀ। ਉਸ ਨੂੰ ਦਾਦਾ ਬਣ ਜਾਣ ਦਾ ਬੜਾ ਚਾਅ ਸੀ। 13 ਅਕਤੂਬਰ, ਸੰਨ 2000 ਦੀ ਸ਼ਾਮ ਨੂੰ ਉਸ ਨੇ ਕਨੇਡਾ ਵਿੱਚ ਹੀ ਛਾਤੀ ਵਿੱਚ ਤਕਲੀਫ਼ ਮਹਿਸੂਸ ਕੀਤੀ। ਉਸ ਦੀ ਨੂੰਹ ਨੇ ਆਪਣੇ ਹੱਥੀਂ ਜਰਨੈਲ ਸਿੰਘ ਨੂੰ ਆਖ਼ਰੀ ਵਾਰ ਪਾਣੀ ਪਿਆਇਆ ਪਰ ਫ਼ੁਟਬਾਲ ਦਾ ਇਹ ਸੂਰਜ ਕੁਝ ਮਿੰਟਾਂ ਵਿੱਚ ਹੀ ਸਦਾ ਲਈ ਅਸਤ ਹੋ ਗਿਆ। ਕੈਨਡਾ ਦੀ ਧਰਤੀ ਉੱਤੇ ਸ਼ਾਮ 8.30 ਵਜੇ ਦਾ ਇਹ ਸਮਾਂ ਫ਼ੁਟਬਾਲ ਦੇ ਇੱਕ ਯੁੱਗ ਦੇ ਅੰਤ ਦਾ ਸਮਾਂ ਸੀ।

## ਪਾਠ- ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਭਾਰਤੀ ਫ਼ੁਟਬਾਲ ਦਾ ਸਿਤਾਰਾ ਕੌਣ ਸੀ ?

(ਅ) ਭਾਰਤੀ ਪੰਜਾਬ ਵਿੱਚ ਜਰਨੈਲ ਸਿੰਘ ਦਾ ਪਿੰਡ ਕਿਹੜਾ ਸੀ ?

(ੲ) ਬਚਪਨ ਵਿੱਚ ਜਰਨੈਲ ਸਿੰਘ ਕਿਸ ਚੀਜ਼ ਨਾਲ਼ ਖੇਡਦਾ ਸੀ ?

(ਸ) ਜਰਨੈਲ ਸਿੰਘ ਦਾ ਪਿਤਾ ਅਕਸਰ ਕੀ ਆਖਦਾ ਸੀ ?

(ਹ) ਜਰਨੈਲ ਸਿੰਘ ਮੋਹਨ ਬਾਗ਼ਾਨ ਵੱਲੋਂ ਕਦੋਂ ਖੇਡਿਆ ?

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 3-4 ਸਤਰਾਂ ਵਿੱਚ ਲਿਖੋ :**

(ੳ) ਉਲੰਪੀਅਨ ਜਰਨੈਲ ਸਿੰਘ ਦਾ ਜਨਮ ਕਦੋਂ ਹੋਇਆ ? ਉਹਨਾਂ ਦੇ ਮਾਤਾ, ਪਿਤਾ ਤੇ ਜਨਮ-ਸਥਾਨ ਬਾਰੇ ਵੀ ਦੱਸੋ।

(ਅ) ਉਲੰਪੀਅਨ ਜਰਨੈਲ ਸਿੰਘ ਕਿਹੜੀਆਂ-ਕਿਹੜੀਆਂ ਕਲੱਬਾਂ ਵੱਲੋਂ ਖੇਡਿਆ ?

(ੲ) ਅੰਤਰਰਾਸ਼ਟਰੀ ਪੱਧਰ 'ਤੇ ਉਲੰਪੀਅਨ ਜਰਨੈਲ ਸਿੰਘ ਦੀਆਂ ਪ੍ਰਾਪਤੀਆਂ ਬਾਰੇ ਦੱਸੋ।

**3. ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ਰੋਮ ਉਲੰਪਿਕ, ਅਰਜੁਨ ਐਵਾਰਡ, ਤਿੰਨ, ਫ਼ੁਟਬਾਲ, 1967)

(ੳ) ਉਸ ਨੂੰ ਭਾਰਤ ਸਰਕਾਰ ਵੱਲੋਂ ~~~~~~~~ਨਾਲ਼ ਸਨਮਾਨਿਤ ਕੀਤਾ ਗਿਆ।

(ਅ) ਮੁੱਢ ਤੋਂ ਹੀ ਜਰਨੈਲ ਸਿੰਘ ਵਿੱਚ~~~~~~~~~ਖੇਡਣ ਦਾ ਅਵੱਲਾ ਸ਼ੌਕ ਸੀ।

(ੲ) ਜਰਨੈਲ ਸਿੰਘ 1960 ਵਿੱਚ ਭਾਰਤੀ ਫ਼ੁਟਬਾਲ-ਟੀਮ ਵੱਲੋਂ ~~~~~~~~~ਖੇਡਿਆ।

(ਸ) 1958 ਤੋਂ ~~~~~~~~~ਤੱਕ ਜਰਨੈਲ ਸਿੰਘ ਭਾਰਤ ਦੀ ਫ਼ੁਟਬਾਲ-ਟੀਮ ਵਿੱਚ ਖੇਡਿਆ।

(ਹ) ਜਰਨੈਲ ਸਿੰਘ ਨੇ ~~~~~~~~~ਸਾਲ ਭਾਰਤੀ ਫ਼ੁਟਬਾਲ-ਟੀਮ ਦੀ ਕਪਤਾਨੀ ਕੀਤੀ।

**4. ਦੱਸੇ ਅਨੁਸਾਰ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਖਿਡਾਰੀ | ~~~~~~~~~ | ~~~~~~~~~ |
| ਅਭਿਆਸ | ~~~~~~~~~ | ~~~~~~~~~ |
| ਪਰਿਵਾਰ | ~~~~~~~~~ | ~~~~~~~~~ |
| ਕਪਤਾਨ | ~~~~~~~~~ | ~~~~~~~~~ |
| ਫ਼ੁਟਬਾਲ | ~~~~~~~~~ | ~~~~~~~~~ |

## 5. ਸਹੀ ਵਿਕਲਪ ਚੁਣੋ :

(ੳ) ਸ਼ੁੱਧ ਸ਼ਬਦ ਕਿਹੜਾ ਹੈ ?

(ਕ) ਮੁਹਾਰਿਤ (ਖ) ਮੁਹਰਤ

(ਗ) ਮੁਹਾਰਤ (ਘ) ਮੁਹਿਰਤ

(ਅ) ਹਿੰਮਤ ਦਾ ਸਮਾਨਾਰਥਕ ਸ਼ਬਦ ਹੈ :

(ਕ) ਆਲਸ (ਖ) ਉੱਦਮ

(ਗ) ਕਪਤਾਨ (ਘ) ਜਿੱਤ

(ੲ) ਵਿਸ਼ੇਸ਼ਣ-ਸ਼ਬਦ ਚੁਣੋ :

(ਕ) ਫੁਟਬਾਲ (ਖ) ਗੋਲ਼

(ਗ) ਕਪਤਾਨ (ਘ) ਮਹਾਨ

## 6. ਕਿਰਿਆਤਮਿਕ ਕਾਰਜ :

(ੳ) ਆਪਣੇ ਇਲਾਕੇ ਦੇ ਕਿਸੇ ਪ੍ਰਸਿੱਧ ਖਿਡਾਰੀ ਬਾਰੇ ਦਸ ਸਤਰਾਂ ਲਿਖੋ।

(ਅ) ਆਪਣੀ ਮਨਪਸੰਦ ਖੇਡ ਬਾਰੇ ਦਸ ਸਤਰਾਂ ਲਿਖੋ।

(ੲ) ਪੰਜ ਖਿਡਾਰੀਆਂ ਦੀਆਂ ਤਸਵੀਰਾਂ ਕਾਪੀ 'ਤੇ ਚਿਪਕਾਓ।

***

ਪਾਠ - 12

# ਸਮਾਂ ਨਾ ਗੁਆ ਬੇਲੀਆ

ਹੁਣ ਗੱਲੀਂ-ਬਾਤੀਂ, ਸਮਾਂ ਨਾ ਗੁਆ ਬੇਲੀਆ,
ਮਿਹਨਤਾਂ ਦਾ ਸਮਾਂ ਗਿਆ, ਆ ਬੇਲੀਆ।
ਖੇਡਾਂ ਅਤੇ ਸੌਣ ਵਿੱਚ, ਸਮਾਂ ਤੂੰ ਬਿਤਾ ਲਿਆ,
ਟੀ. ਵੀ. ਅਤੇ ਨਾਟਕਾਂ ਨਾਲ਼, ਜੀਅ ਪਰਚਾ ਲਿਆ।
ਦਿਨ ਪਰੀਖਿਆ ਦੇ ਨੇੜੇ ਗਏ, ਆ ਬੇਲੀਆ,
ਹੁਣ ਗੱਲੀਂ-ਬਾਤੀਂ.......
ਲਾ ਕੇ ਮਨ ਹਰ ਵਿਸ਼ਾ ਕਰ ਲੈ ਤਿਆਰ,
ਘਰ ਤੇ ਸਕੂਲ ਵਿੱਚ, ਮਿਲੂ ਤੈਨੂੰ ਪਿਆਰ।
ਕਿਤਾਬਾਂ ਨਾਲ਼ ਆੜੀ ਲੈ ਤੂੰ, ਪਾ ਬੇਲੀਆ,
ਹੁਣ ਗੱਲੀਂ-ਬਾਤੀਂ.......



ਕਰ ਲੈ ਤੂੰ ਯਾਦ, ਨਾਲ਼ੇ ਕਰ ਅਭਿਆਸ ਵੇ,
ਸੁੰਦਰ ਲਿਖਾਈ ਕਰੇ, ਨੰਬਰਾਂ ਦੀ ਆਸ ਵੇ।

ਸਾਰੇ ਵਿਸ਼ੇ ਤੂੰ ਲੈ ਮਨ 'ਚ, ਵਸਾ ਬੇਲੀਆ,
ਹੁਣ ਗੱਲੀਂ-ਬਾਤੀਂ.......
ਮਾਪੇ, ਅਧਿਆਪਕਾਂ ਦਾ; ਕਹਿਣਾ ਲੈ ਤੂੰ ਮੰਨ ਵੇ,
ਚੰਗੇ ਨੰਬਰਾਂ ਦੇ ਨਾਲ਼, ਹੋ ਜਾਊ ਧੰਨ-ਧੰਨ ਵੇ।
ਨਾਲ਼ ਹਿੰਮਤਾਂ ਨਸੀਬ ਲੈ, ਬਣਾ ਬੇਲੀਆ,
ਹੁਣ ਗੱਲੀਂ-ਬਾਤੀਂ.......
ਮਿਹਨਤੀ ਮਨੁੱਖ ਕਦੇ, ਸਮਾਂ ਨਾ ਗੁਆਉਂਦਾ ਹੈ,
ਸਭਨਾਂ ਨੂੰ ਹਿੰਮਤਾਂ ਦੇ, ਗੁਰ ਸਮਝਾਉਂਦਾ ਹੈ।
ਗੁਣਾਂ ਵਾਲ਼ੀ ਮਾਲ਼ਾ, ਗਲ਼ ਪਾ ਬੇਲੀਆ।
ਹੁਣ ਗੱਲੀਂ-ਬਾਤੀਂ.......

## ਪਾਠ-ਅਭਿਆਸ

### 1. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਬੇਲੀ ਕੌਣ ਹੁੰਦੇ ਹਨ ?

(ਅ) ਕਵੀ ਆਪਣੇ ਦੋਸਤ ਨੂੰ ਕਿਸ ਗੱਲ ਤੋਂ ਵਰਜਦਾ ਹੈ ?

(ੲ) ਕਵੀ ਵਿਦਿਆਰਥੀ ਨੂੰ ਕੀ ਸਲਾਹ ਦਿੰਦਾ ਹੈ ?

(ਸ) ਕਵੀ ਕਿਹੜੇ ਗੁਣਾਂ ਦੀ ਮਾਲ਼ਾ ਪਾਉਣ ਲਈ ਕਹਿੰਦਾ ਹੈ ?

### 2. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਕਵੀ ਆਪਣੇ ਦੋਸਤਾਂ ਨੂੰ ਕੀ ਸਮਝਾਉਂਦਾ ਹੈ ?

(ਅ) ਕਿਹੜੇ ਗੁਣਾਂ ਕਰਕੇ ਚੰਗੇ ਨੰਬਰ ਪ੍ਰਾਪਤ ਕੀਤੇ ਜਾ ਸਕਦੇ ਹਨ ?

(ੲ) ਕਿਹੜੀਆਂ ਚੰਗੀਆਂ ਗੱਲਾਂ ਨੂੰ ਪਿਆਰ ਕਰਨਾ ਚਾਹੀਦਾ ਹੈ ?

(ਸ) ਨੰਬਰ ਵਧਾਉਣ ਲਈ ਕਿਹੜੀ ਚੀਜ਼ ਬਹੁਤ ਜ਼ਰੂਰੀ ਹੈ ?

(ਹ) ਸਰਲ ਅਰਥ ਕਰੋ :

ਮਾਪੇ, ਅਧਿਆਪਕਾਂ ਦਾ; ਕਹਿਣਾ ਲੈ ਤੂੰ ਮੰਨ ਵੇ,
ਚੰਗੇ ਨੰਬਰਾਂ ਦੇ ਨਾਲ਼, ਹੋ ਜਾਊ ਧੰਨ-ਧੰਨ ਵੇ।

ਜਾਂ

ਸਭਨਾਂ ਨੂੰ ਹਿੰਮਤਾਂ ਦੇ, ਗੁਰ ਸਮਝਾਉਂਦਾ ਹੈ,
ਗੁਣਾਂ ਵਾਲ਼ੀ ਮਾਲ਼ਾ, ਗਲ਼ ਪਾ ਬੇਲੀਆ।

3. **ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| ਸਮਾਂ | — | ਸਾਨੂੰ ਗੱਲੀਂ-ਬਾਤੀਂ ਸਮਾਂ ਨਹੀਂ ਗੁਆਉਣਾ ਚਾਹੀਦਾ। |
| ਜੀਅ | — | |
| ਆੜੀ | — | |
| ਹਿੰਮਤ | — | |
| ਨਸੀਬ | — | |
| ਗੁਰ | — | |

4. **ਇੱਕੋ-ਜਿਹੀਆਂ ਅਵਾਜ਼ਾਂ ਨੂੰ ਪ੍ਰਗਟ ਕਰਦੇ ਹੋਏ ਕੁਝ ਸ਼ਬਦ ਲਿਖੋ :**

| | | |
|---|---|---|
| ਅਭਿਆਸ | — | ਆਸ |
| ਨਾਮ | — | |
| ਗੁਆਉਂਦਾ | — | |
| ਪਿਆਰ | — | |
| ਬੱਚੇ | — | |
| ਮੰਨ | — | |

5. **ਖ਼ਾਲੀ ਥਾਂਵਾਂ ਭਰੋ :**

ਕਹਿਣਾ, ਗਲ਼, ਪਰੀਖਿਆ, ਜੀਅ, ਨਸੀਬ

1. ਦਿਨ __________ ਦੇ ਨੇੜੇ ਗਏ ਆ ਬੇਲੀਆ।
2. ਟੀ. ਵੀ. ਅਤੇ ਨਾਟਕਾਂ ਨਾਲ __________ਪਰਚਾ ਲਿਆ।
3. ਮਾਪੇ, ਅਧਿਆਪਕਾਂ ਦਾ __________ਲੈ ਤੂੰ ਮੰਨ ਵੇ।
4. ਨਾਲ਼ ਹਿੰਮਤਾਂ________ ਲੈ, ਬਣਾ ਬੇਲੀਆ।
5. ਗੁਣਾਂ ਵਾਲ਼ੀ ਮਾਲ਼ਾ, __________ ਪਾ ਬੇਲੀਆ।

6. ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ:

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਸਮਾਂ | समय | Time |
| ਖੇਡ | __________ | __________ |
| ਵਿਸ਼ਾ | __________ | __________ |
| ਮਾਪੇ | __________ | __________ |
| ਅਧਿਆਪਕ | __________ | __________ |
| ਮਿੱਤਰ | __________ | __________ |

7. ਅਧਿਆਪਕ ਲਈ:

ਅਧਿਆਪਕ ਵਿਦਿਆਰਥੀਆਂ ਨੂੰ ਇਹ ਕਵਿਤਾ ਜ਼ਬਾਨੀ ਯਾਦ ਕਰਨ ਲਈ ਕਹੇਗਾ।

***

ਪਾਠ- 13

# ਦਲੇਰੀ ਦੀ ਮਿਸਾਲ : ਮਾਈ ਭਾਗੋ

ਇਤਿਹਾਸ ਵਿੱਚ ਮਾਈ ਭਾਗੋ ਦਾ ਨਾਂ ਬੜੇ ਮਾਣ-ਸਤਿਕਾਰ ਨਾਲ਼ ਲਿਆ ਜਾਂਦਾ ਹੈ। ਆਪ ਦਾ ਜਨਮ ਤਰਨਤਾਰਨ ਜ਼ਿਲ੍ਹੇ ਦੇ ਝਬਾਲ਼ ਪਿੰਡ ਵਿਖੇ ਪਿਤਾ ਸ੍ਰੀ ਮਾਲੋ ਸ਼ਾਹ ਜੀ ਦੇ ਘਰ ਹੋਇਆ। ਇਕਲੌਤੀ ਧੀ ਹੋਣ ਕਰਕੇ ਉਹਨਾਂ ਦਾ ਨਾਂ ਭਾਗਭਰੀ ਰੱਖਿਆ ਗਿਆ ਜੋ ਬਾਅਦ ਵਿੱਚ 'ਮਾਈ ਭਾਗੋ' ਦੇ ਨਾਂ ਨਾਲ਼ ਪ੍ਰਸਿੱਧ ਹੋਏ। ਉਹਨਾਂ ਦਾ ਸੁਭਾਅ ਬਚਪਨ ਤੋਂ ਹੀ ਬੜਾ ਦਲੇਰੀ ਭਰਿਆ ਸੀ। ਆਪ ਜੀ ਦੇ ਪਿਤਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਵਿੱਚ ਸ਼ਾਮਲ ਹੋ ਕੇ ਮੁਗ਼ਲਾਂ ਵਿਰੁੱਧ ਜੰਗ ਲੜੇ। ਬਹਾਦਰੀ, ਹੌਸਲਾ ਅਤੇ ਸਿੱਖੀ ਪਿਆਰ ਉਹਨਾਂ ਨੂੰ ਵਿਰਸੇ ਵਿੱਚੋਂ ਮਿਲ਼ਿਆ। ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖਾਂ ਨੂੰ ਦਿੱਤੀ ਜਾਂਦੀ ਸ਼ਸਤਰ-ਵਿੱਦਿਆ ਬਾਰੇ ਸੁਣਿਆ ਹੋਇਆ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਮਾਈ ਭਾਗੋ ਨੇ ਘਰ ਵਿੱਚ ਹੀ ਨੇਜ਼ੇਬਾਜ਼ੀ ਦੀ ਸਿਖਲਾਈ ਅਰੰਭ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਅਤੇ ਸਿੱਖਾਂ ਨਾਲ਼ ਹੋ ਰਹੀ ਬੇਇਨਸਾਫ਼ੀ ਦਾ ਉਹਨਾਂ ਦੇ ਮਨ 'ਤੇ ਡੂੰਘਾ ਅਸਰ ਹੋਇਆ। ਉਹਨਾਂ ਨੇ ਅਜਿਹੇ ਅਨਿਆਂ ਵਿਰੁੱਧ ਲੜਨ ਦਾ ਫ਼ੈਸਲਾ ਕੀਤਾ।



ਮਾਈ ਭਾਗੋ

ਜਦੋਂ ਸ੍ਰੀ ਅਨੰਦਪੁਰ ਸਾਹਿਬ ਦਾ ਯੁੱਧ ਚੱਲ ਰਿਹਾ ਸੀ। ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀ ਫ਼ੌਜ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਹੋਇਆ ਸੀ। ਕਿਲ੍ਹੇ ਅੰਦਰ ਰਸਦ-ਪਾਣੀ ਦੀ ਘਾਟ ਕਾਰਨ ਔਖਾ ਵੇਲ਼ਾ ਬਣਿਆ ਹੋਇਆ ਸੀ। ਅਜਿਹੇ ਮੌਕੇ ਕੁਝ ਸਿੱਖ ਗੁਰੂ ਜੀ ਨੂੰ ਬੇਦਾਵਾ ਦੇ ਕੇ ਘਰਾਂ ਨੂੰ ਵਾਪਸ ਆ ਗਏ। ਜਦੋਂ ਇਹ

ਸਿੱਖ ਆਪਣੇ ਘਰੀਂ ਪਹੁੰਚੇ ਤਾਂ ਉਹਨਾਂ ਦੀਆਂ ਮਾਵਾਂ, ਭੈਣਾਂ ਅਤੇ ਪਤਨੀਆਂ ਉਹਨਾਂ ਨੂੰ ਲਾਹਨਤਾਂ ਪਾਉਣ ਲੱਗੀਆਂ। ਜਦੋਂ ਇਹਨਾਂ ਸਿੱਖਾਂ ਦਾ ਮੇਲ਼ ਮਾਈ ਭਾਗੋ ਜੀ ਨਾਲ਼ ਹੋਇਆ ਤਾਂ ਉਹਨਾਂ ਵੰਗਾਰ ਕੇ ਕਿਹਾ, "ਅਸੀਂ ਮੈਦਾਨ 'ਚ ਜਾ ਕੇ ਲੜਾਂਗੀਆਂ, ਤੁਸੀਂ ਘਰ ਬੈਠੋ।" ਮਾਈ ਭਾਗੋ ਦੇ ਅਜਿਹੇ ਬੋਲਾਂ ਨੇ ਬੇਦਾਵਾ ਲਿਖਣ ਵਾਲ਼ੇ ਸਿੰਘਾਂ ਦੀ ਆਤਮਾ ਨੂੰ ਝੰਜੋੜਿਆ।

ਬੇਦਾਵੀਏ ਸਿੰਘ ਮਾਈ ਭਾਗੋ ਜੀ ਦੀ ਪ੍ਰੇਰਨਾ ਸਦਕਾ ਗੁਰੂ ਜੀ ਦੀ ਭਾਲ਼ ਵਿੱਚ ਖਿਦਰਾਣੇ ਦੀ ਢਾਬ ਵਿਖੇ ਪਹੁੰਚੇ। ਸੂਬਾ ਸਰਹਿੰਦ ਵਜ਼ੀਰ ਖ਼ਾਂ ਦੀਆਂ ਫ਼ੌਜਾਂ ਪਿੱਛਾ ਕਰਦੀਆਂ ਆ ਰਹੀਆਂ ਸਨ। ਢਾਬ ਦੇ ਨੇੜੇ ਸਿੱਖਾਂ ਨੇ ਮੋਰਚੇ ਸੰਭਾਲ਼ ਲਏ। ਦੋਂਹਾਂ ਧਿਰਾਂ ਦਰਮਿਆਨ ਗਹਿਗੱਚ ਲੜਾਈ ਹੋਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗ਼ਲ ਸਾਮਰਾਜ ਖ਼ਿਲਾਫ਼ ਲੜੀ ਜਾਣ ਵਾਲ਼ੀ ਇਸ ਲੜਾਈ ਵਿੱਚ ਇਹਨਾਂ ਬੇਦਾਵੀਆਂ ਨੇ ਬੜੀ ਵਿਓਂਤਬੰਦੀ ਅਤੇ ਬਹਾਦਰੀ ਨਾਲ਼ ਹਿੱਸਾ ਲਿਆ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਨੇੜੇ ਦੀ ਇੱਕ ਟਿੱਬੀ ਤੋਂ ਤੀਰਾਂ ਦੀ ਅਜਿਹੀ ਵਰਖਾ ਕੀਤੀ ਕਿ ਦੁਸ਼ਮਣ ਫ਼ੌਜ ਨੂੰ ਭਾਜੜਾਂ ਪੈ ਗਈਆਂ।

ਮਾਈ ਭਾਗੋ ਜੀ ਇਸ ਲੜਾਈ ਵਿੱਚ ਬੜੀ ਦਲੇਰੀ ਨਾਲ਼ ਲੜੇ ਅਤੇ ਗੰਭੀਰ ਜ਼ਖ਼ਮੀ ਹੋ ਗਏ। ਗੁਰੂ ਜੀ ਨੇ ਟਿੱਬੀ ਤੋਂ ਹੇਠਾਂ ਉੱਤਰ ਕੇ ਇਕੱਲੇ-ਇਕੱਲੇ ਸ਼ਹੀਦ ਸਿੱਖ ਨੂੰ ਛਾਤੀ ਨਾਲ਼ ਲਾਇਆ। ਜਦੋਂ ਗੁਰੂ ਜੀ ਅੱਗੇ ਵਧੇ ਤਾਂ ਇਹਨਾਂ ਵਿੱਚੋਂ ਭਾਈ ਮਹਾਂ ਸਿੰਘ ਸਹਿਕ ਰਹੇ ਸਨ। ਮੂੰਹ ਵਿੱਚ ਜਲ ਪਾਇਆ ਅਤੇ ਗੁਰੂ ਜੀ ਨੇ ਮਹਾਂ ਸਿੰਘ ਨੂੰ ਆਪਣੀ ਇੱਛਾ ਦੱਸਣ ਲਈ ਕਿਹਾ। ਮਹਾਂ ਸਿੰਘ ਨੇ ਕਿਹਾ, "ਪਿਤਾ ਜੀ, ਜੇ ਖ਼ੁਸ਼ ਹੋ ਤਾਂ ਬੇਦਾਵੇ ਵਾਲ਼ਾ ਕਾਗ਼ਜ਼ ਪਾੜ ਦਿਓ।" ਗੁਰੂ ਜੀ ਨੇ ਬੇਦਾਵਾ ਪਾੜ ਕੇ ਟੁੱਟੀ ਗੰਢ ਦਿੱਤੀ ਅਤੇ ਸਿੰਘਾਂ ਨੂੰ ਮੁਕਤੀ ਦਾ ਵਰ ਦਿੱਤਾ। ਉਹਨਾਂ ਨੇ ਖਿਦਰਾਣੇ ਦੀ ਢਾਬ ਨੂੰ ਮੁਕਤਸਰ ਦਾ ਨਾਂ ਬਖ਼ਸ਼ਿਆ। ਇੱਥੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸੁਸ਼ੋਭਿਤ ਹੈ ਜਿੱਥੇ ਸ੍ਰੀ ਦਸਮੇਸ਼ ਜੀ ਨੇ ਚਾਲ਼ੀ ਮੁਕਤਿਆਂ ਦਾ ਅੰਤਿਮ ਸਸਕਾਰ ਆਪਣੇ ਹੱਥੀਂ ਕੀਤਾ, ਉੱਥੇ ਸਰੋਵਰ ਦੇ ਕਿਨਾਰੇ ਗੁਰਦਵਾਰਾ ਸ਼ਹੀਦ ਗੰਜ ਸਾਹਿਬ ਸਥਿਤ ਹੈ। ਹਰ ਸਾਲ ਦੇਸ-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਇਸ ਪਾਵਨ ਅਸਥਾਨ 'ਤੇ ਹਾਜ਼ਰੀਆਂ ਭਰਦੀਆਂ ਹਨ। ਮਾਈ ਭਾਗੋ ਜੀ ਦੀ ਪ੍ਰੇਰਨਾ ਨਾਲ਼ ਮਾਝੇ ਦੇ ਸਿੱਖਾਂ ਦਾ ਗੁਰੂ ਜੀ ਨਾਲ਼ ਦੁਬਾਰਾ ਮੇਲ਼ ਹੋਇਆ। ਇਹਨਾਂ ਚਾਲ਼ੀ ਮੁਕਤਿਆਂ ਨੂੰ ਰੋਜ਼ਾਨਾ ਦੀ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ। ਸ੍ਰੀ ਮੁਕਤਸਰ ਸਾਹਿਬ ਵਿਖੇ ਉਸ ਅਸਥਾਨ 'ਤੇ ਮਾਈ ਭਾਗੋ ਜੀ ਦਾ ਗੁਰਦਵਾਰਾ ਸੁਸ਼ੋਭਿਤ ਹੈ ਜਿੱਥੇ ਉਹਨਾਂ ਨੇ ਜ਼ਾਲਮਾਂ ਦਾ ਡਟ ਕੇ ਮੁਕਾਬਲਾ ਕੀਤਾ ਸੀ।

ਮਾਈ ਭਾਗੋ ਜੀ ਗੁਰੂ ਗੋਬਿੰਦ ਸਿੰਘ ਜੀ ਨਾਲ਼ ਦਮਦਮਾ ਸਾਹਿਬ ਤੋਂ ਬਾਅਦ ਦੱਖਣ ਵੱਲ ਨੂੰ ਚੱਲ ਪਏ ਅਤੇ ਨਾਂਦੇੜ ਪਹੁੰਚੇ। ਨਾਂਦੇੜ ਵਿਖੇ ਆ ਕੇ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਭੇਜਿਆ। ਮਾਈ ਭਾਗੋ ਜੀ ਨਾਂਦੇੜ ਵਿਖੇ ਭਜਨ-ਬੰਦਗੀ ਕਰਦੇ ਰਹੇ। ਇੱਥੇ ਮਾਤਾ ਜੀ ਦੀ ਯਾਦ ਵਿੱਚ ਤਪ-ਅਸਥਾਨ ਹੈ। ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ ਬਿਦਰ ਦੇ ਇਲਾਕੇ ਵਿੱਚ ਧਰਮ-ਪ੍ਰਚਾਰ ਕਰਦੇ ਰਹੇ ਅਤੇ ਨਾਮ-ਬੰਦਗੀ ਕਰਦੇ ਪਿੰਡ ਜਿੰਦਵਾੜਾ ਵਿਖੇ ਗੁਰੂ-ਚਰਨਾਂ ਵਿੱਚ ਜਾ ਬਿਰਾਜੇ। ਇਸ ਸਥਾਨ 'ਤੇ ਮਾਈ ਭਾਗੋ ਜੀ ਦੀ ਯਾਦ ਵਿੱਚ ਇੱਕ ਗੁਰਦਵਾਰਾ ਸਾਹਿਬ ਸੁਸ਼ੋਭਿਤ ਹੈ। ਅੱਜ-ਕੱਲ੍ਹ ਮਾਈ ਭਾਗੋ ਜੀ ਦੇ ਨਾਂ ਤੇ ਬਹੁਤ ਸਾਰੇ ਵਿੱਦਿਅਕ ਅਤੇ ਹੋਰ ਅਦਾਰੇ ਚੱਲ ਰਹੇ ਹਨ। ਮਾਈ ਭਾਗੋ ਜੀ ਦਾ ਜੀਵਨ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਹਮੇਸ਼ਾਂ ਪ੍ਰੇਰਨਾਦਾਇਕ ਬਣਿਆ ਰਹੇਗਾ।

## ਪਾਠ- ਅਭਿਆਸ

1. **ਹੇਠ ਲਿਖੇ ਪ੍ਰਸ਼ਨਾਂ ਦੇ ਇੱਕ ਸ਼ਬਦ ਵਿੱਚ ਉੱਤਰ ਦਿਓ :**
   1. ਮਾਈ ਭਾਗੋ ਜੀ ਦਾ ਜਨਮ ਕਿਹੜੇ ਪਿੰਡ ਵਿੱਚ ਹੋਇਆ ?
   2. ਮਾਈ ਭਾਗੋ ਜੀ ਨੇ ਘਰ ਵਿੱਚ ਕਿਹੜੇ ਸ਼ਸ਼ਤਰ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ ?
   3. ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਣੇ ਦੀ ਢਾਬ ਨੂੰ ਕਿਹੜਾ ਨਾਂ ਬਖ਼ਸ਼ਿਆ ?
   4. ਗੁਰੂ ਗੋਬਿੰਦ ਸਿੰਘ ਜੀ ਨੇ ਕਿੰਨੇ ਮੁਕਤਿਆਂ ਦਾ ਸਸਕਾਰ ਆਪਣੇ ਹੱਥੀਂ ਕੀਤਾ ?
   5. ਕਿਹੜੇ ਪਿੰਡ ਵਿੱਚ ਮਾਈ ਭਾਗੋ ਜੀ ਗੁਰੂ-ਚਰਨਾਂ ਵਿੱਚ ਜਾ ਬਿਰਾਜੇ ?

2. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**
   1. ਮਾਈ ਭਾਗੋ ਜੀ ਦਾ ਜਨਮ ਕਿੱਥੇ ਹੋਇਆ ? ਉਹਨਾਂ ਦੇ ਪਿਤਾ ਜੀ ਦਾ ਕੀ ਨਾਂ ਸੀ ?
   2. ਮਾਈ ਭਾਗੋ ਜੀ ਦਾ ਸੁਭਾਅ ਕਿਹੋ-ਜਿਹਾ ਸੀ ?
   3. ਕਿਲ੍ਹੇ ਅੰਦਰ ਰਸਦ-ਪਾਣੀ ਦੀ ਘਾਟ ਕਿਉਂ ਹੋ ਰਹੀ ਸੀ ?
   4. ਮਹਾਂ ਸਿੰਘ ਨੇ ਗੁਰੂ ਜੀ ਨੂੰ ਕਿਹੜੀ ਇੱਛਾ ਦੱਸੀ ?
   5. ਕਿਸ ਦੀ ਪ੍ਰੇਰਨਾ ਨਾਲ਼ ਮਾਝੇ ਦੇ ਸਿੱਖਾਂ ਦਾ ਗੁਰੂ ਜੀ ਨਾਲ਼ ਦੁਬਾਰਾ ਮੇਲ਼ ਹੋਇਆ ?

3. **ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :**
   1. ਮਾਈ ਭਾਗੋ ਜੀ ਨੇ ਅਨਿਆਂ ਵਿਰੁੱਧ ਲੜਨ ਦਾ ਫ਼ੈਸਲਾ ਕਿਉਂ ਕੀਤਾ ?
   2. ਅਨੰਦਪੁਰ ਸਾਹਿਬ ਵਿਖੇ ਔਖਾ ਵੇਲ਼ਾ ਕਿਉਂ ਬਣਿਆ ਹੋਇਆ ਸੀ ?
   3. ਬੇਦਾਵਾ ਦੇਣ ਵਾਲ਼ੇ ਸਿੱਖ ਜਦੋਂ ਘਰ ਪਹੁੰਚੇ ਤਾਂ ਉਹਨਾਂ ਨਾਲ਼ ਕੀ ਸਲੂਕ ਹੋਇਆ ?
   4. ਗੁਰੂ ਜੀ ਨੇ ਬੇਦਾਵੇ ਵਾਲ਼ਾ ਕਾਗ਼ਜ਼ ਪਾੜ ਕੇ ਕੀ ਕੀਤਾ ?
   5. ਅੱਜ-ਕੱਲ੍ਹ ਮਾਈ ਭਾਗੋ ਜੀ ਦੇ ਨਾਂ ਨੂੰ ਕਿਵੇਂ ਯਾਦ ਰੱਖਿਆ ਜਾ ਰਿਹਾ ਹੈ ?

4. **ਵਾਕਾਂ ਵਿੱਚ ਵਰਤੋ :**

   ਪ੍ਰਸਿੱਧ, ਨੇਜ਼ੇਬਾਜ਼ੀ, ਰਸਦ-ਪਾਣੀ, ਸਸਕਾਰ, ਪ੍ਰੇਰਨਾਦਾਇਕ

5. **ਖ਼ਾਲੀ ਥਾਂਵਾਂ ਭਰੋ :**
   1. ਇਕਲੌਤੀ ਧੀ ਹੋਣ ਕਰਕੇ ਉਹਨਾਂ ਦਾ ਨਾਂ ________ ਰੱਖਿਆ ਗਿਆ।
   2. ਗੁਰੂ ਜੀ ਨੇ ਟਿੱਬੀ ਤੋਂ ਹੇਠਾਂ ਉੱਤਰ ਕੇ ________ ਸ਼ਹੀਦ ਸਿੱਖਾਂ ਨੂੰ ਛਾਤੀ ਨਾਲ਼ ਲਾਇਆ।
   3. ਹਰ ਸਾਲ ਦੇਸ-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਇਸ ________ 'ਤੇ ਹਾਜ਼ਰੀਆਂ ਭਰਦੀਆਂ ਹਨ।

4. ਚਾਲ਼ੀ ਮੁਕਤਿਆਂ ਨੂੰ ਰੋਜ਼ਾਨਾ ਦੀ _________ ਵਿੱਚ ਯਾਦ ਕੀਤਾ ਜਾਂਦਾ ਹੈ।

5. ਮਾਈ ਭਾਗੋ ਜੀ ਦਾ ਜੀਵਨ ਆਉਣ ਵਾਲ਼ੀਆਂ ਪੀੜ੍ਹੀਆਂ ਲਈ _________ ਬਣਿਆ ਰਹੇਗਾ।

**6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ:**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਜਨਮ | जन्म | Birth |
| ਯੁੱਧ | _________ | _________ |
| ਜਲ | _________ | _________ |
| ਸਸਕਾਰ | _________ | _________ |
| ਪ੍ਰੇਰਨਾ | _________ | _________ |

**7. ਅਧਿਆਪਕ ਲਈ :**

ਅਧਿਆਪਕ ਵਿਦਿਆਰਥੀਆਂ ਨੂੰ ਸਿੱਖ-ਧਰਮ ਨਾਲ਼ ਸੰਬੰਧਿਤ ਪੰਜ ਹੋਰ ਪ੍ਰਸਿੱਧ ਇਸਤਰੀਆਂ ਬਾਰੇ ਸੰਖੇਪ ਜਾਣਕਾਰੀ ਇਕੱਤਰ ਕਰਨ ਲਈ ਕਹੇਗਾ।

***

ਪਾਠ-14

# ਮਹਾਨ ਧੀਆਂ



ਧੀਆਂ ਸਾਡੇ ਘਰ ਦੀ ਸ਼ਾਨ,
ਵਿੱਦਿਆ ਪੜ੍ਹ ਕੇ ਬਣਨ ਮਹਾਨ।
ਮਨ ਦੇ ਵਿੱਚ ਜੋ ਖ਼ਾਬ ਸਜਾਵਣ,
ਪੂਰੇ ਕਰਕੇ ਇਹ ਦਿਖਲਾਵਣ।
ਵਿੱਦਿਆ ਪੜ੍ਹ ਕੇ ਬਣੀ 'ਕਲਪਨਾ',
ਤਾਂਹੀਓਂ ਛੂਹਿਆ ਹੈ ਅਸਮਾਨ।
ਧੀਆਂ ਸਾਡੇ .....

ਵਿੱਚ ਵਿਹੜੇ ਦੇ ਰੌਣਕ ਲਾਵਣ,
ਮਾਪਿਆਂ ਦੇ ਇਹ ਦੁੱਖ ਵੰਡਾਵਣ।
ਜੱਗ-ਜਣਨੀ ਅਖਵਾਉਂਦੀ ਹੈ ਇਹ,
ਬਾਬੇ ਨਾਨਕ ਦਾ ਫ਼ਰਮਾਨ।
ਧੀਆਂ ਸਾਡੇ .....

ਧੀਆਂ ਨੂੰ ਤੁਸੀਂ ਨਾ ਦੁਰਕਾਰੋ,
ਕੋਮਲ ਸੁਫਨਿਆਂ ਨੂੰ ਨਾ ਮਾਰੋ।
ਹੁਨਰ ਕਈ ਨੇ ਛਿਪੇ ਇਹਨਾਂ ਵਿੱਚ,
ਪਾਲਣਾ ਕਰੀਏ ਨਾਲ਼ ਧਿਆਨ।
ਧੀਆਂ ਸਾਡੇ .....

'ਕੱਠੇ ਹੋ ਕੇ ਮਾਣ ਵਧਾਈਏ,
ਇਹਨਾਂ ਦੇ ਰਲ਼-ਮਿਲ਼ ਦੁੱਖ ਵੰਡਾਈਏ।
ਪ੍ਰਤਿਭਾ ਪਾਟਿਲ, ਅੰਮ੍ਰਿਤਾ ਵਾਂਗੂੰ,
ਇਹਨਾਂ ਦੇ ਲੱਖਾਂ ਹਨ ਅਰਮਾਨ।
ਧੀਆਂ ਸਾਡੇ ਘਰ ਦੀ ਸ਼ਾਨ,
ਵਿੱਦਿਆ ਪੜ੍ਹ ਕੇ ਬਣਨ ਮਹਾਨ।

## ਪਾਠ- ਅਭਿਆਸ

**1. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਧੀਆਂ ਆਪਣੇ ਸੁਫਨੇ ਕਿਵੇਂ ਪੂਰੇ ਕਰਦੀਆਂ ਹਨ ?
(ਅ) ਕੁੜੀਆਂ ਕਲਪਨਾ ਚਾਵਲਾ ਵਰਗੀਆਂ ਕਿਵੇਂ ਬਣ ਸਕਦੀਆਂ ਹਨ ?
(ੲ) ਮਾਪਿਆਂ ਦੇ ਦੁੱਖ ਵਿੱਚ ਧੀਆਂ ਕਿਵੇਂ ਸਹਾਈ ਹੁੰਦੀਆਂ ਹਨ ?
(ਸ) ਕੀ ਧੀਆਂ ਨੂੰ ਦੁਰਕਾਰਨਾ ਠੀਕ ਹੈ ?
(ਹ) ਧੀਆਂ ਦਾ ਮਾਣ ਕਿਵੇਂ ਵਧਾਉਣਾ ਚਾਹੀਦਾ ਹੈ ?

## 2. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਅਸਮਾਨ ਨੂੰ ਛੂਹਣ ਲਈ ਕਿਹੜੇ ਕੰਮ ਕਰਨੇ ਚਾਹੀਦੇ ਹਨ ?

(ਅ) ਧੀਆਂ ਦੇ ਦਿਲਾਂ ਵਿੱਚ ਕੀ ਸਮਾਇਆ ਹੋਇਆ ਹੈ ?

(ੲ) ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਕਿਹੜੇ ਸ਼ਬਦਾਂ ਨਾਲ਼ ਸਨਮਾਨਿਤ ਕੀਤਾ ਹੈ ?

(ਸ) ਸਤਰਾਂ ਪੜ੍ਹ ਕੇ ਪ੍ਰਸ਼ਨ ਦਾ ਉੱਤਰ ਦਿਓ :

ਜੱਗ-ਜਣਨੀ ਅਖਵਾਉਂਦੀ ਹੈ ਇਹ,
ਬਾਬੇ ਨਾਨਕ ਦਾ ਫ਼ਰਮਾਨ।

ਪ੍ਰਸ਼ਨ : ਧੀਆਂ ਨੂੰ ਇਸ ਕਾਵਿ-ਟੋਟੇ ਦੇ ਆਧਾਰ 'ਤੇ ਕੀ ਕਿਹਾ ਗਿਆ ਹੈ ?

(ਹ) **ਸਰਲ-ਅਰਥ ਕਰੋ :**

ਵਿੱਚ ਵਿਹੜੇ ਦੇ ਰੌਣਕ ਲਾਵਣ,
ਮਾਪਿਆਂ ਦੇ ਇਹ ਦੁੱਖ ਵੰਡਾਵਣ।

ਜਾਂ

'ਕੱਠੇ ਹੋ ਕੇ ਮਾਣ ਵਧਾਈਏ,
ਇਹਨਾਂ ਦੇ ਅਸੀਂ ਦੁੱਖ ਵੰਡਾਈਏ।

## 3. ਵਾਕਾਂ ਵਿੱਚ ਵਰਤੋ :

ਮਹਾਨ, ਖ਼ਾਬ, ਛੂਹਣਾ, ਦੁੱਖ ਵੰਡਾਉਣਾ, ਅਰਮਾਨ, ਫ਼ਰਮਾਨ।

## 4. ਹੇਠ ਲਿਖੇ ਸ਼ਬਦਾਂ ਦੀਆਂ ਅਵਾਜ਼ਾਂ ਨੂੰ ਪ੍ਰਗਟ ਕਰਦੇ ਹੋਏ ਇੱਕੋ-ਜਿਹੇ ਤੁਕਾਂਤ ਵਾਲ਼ੇ ਸ਼ਬਦ ਲਿਖੋ:

**ਸ਼ਬਦ**

ਮਹਾਨ : ਸ਼ਾਨ

ਅਸਮਾਨ : __________

ਧਿਆਨ : __________

ਦੁਰਕਾਰੋ : __________

ਲਾਵਣ : __________

ਵਧਾਈਏ : __________

5. **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :**

| | | |
|---|---|---|
| ਧੀ | : | ਧੀਆਂ |
| ਸੁਫਨਾ | : | |
| ਰੌਣਕ | : | |
| ਲੱਖ | : | |
| ਹੁਨਰ | : | |
| ਘਰ | : | |

6. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ:**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਅਸਮਾਨ | आकाश | Sky |
| ਸ਼ਾਨ | __________ | __________ |
| ਮਹਾਨ | __________ | __________ |
| ਅਰਮਾਨ | __________ | __________ |
| ਧਿਆਨ | __________ | __________ |
| ਫ਼ਰਮਾਨ | __________ | __________ |

7. **ਅਧਿਆਪਕ ਲਈ :**

ਅਧਿਆਪਕ ਵਿਦਿਆਰਥੀਆਂ ਨੂੰ ਇਸ ਕਵਿਤਾ ਨੂੰ ਯਾਦ ਕਰਕੇ ਸੁਣਾਉਣ ਲਈ ਕਹੇਗਾ।

* * *

ਪਾਠ - 15

# ਫ਼ੈਸਲਾ

ਸ਼ੈਰੀ 'ਤੇ ਜੁਗਨੂੰ ਦੋਵੇਂ ਦੋਸਤ ਸਨ। ਦੋਵੇਂ ਕਈ ਦਿਨਾਂ ਤੋਂ ਦਿਵਾਲ਼ੀ ਵਾਲ਼ੇ ਦਿਨ ਵੱਖ-ਵੱਖ ਤਰ੍ਹਾਂ ਦੇ ਪਟਾਕੇ ਖ਼ਰੀਦਣ ਦੀਆਂ ਵਿਓਂਤਾਂ ਘੜ ਰਹੇ ਸਨ।

ਦਿਵਾਲ਼ੀ ਦਾ ਦਿਨ ਵੀ ਆ ਗਿਆ। ਸਵੇਰ ਤੋਂ ਹੀ ਬਜ਼ਾਰ ਵਿੱਚ ਖ਼ੂਬ ਚਹਿਲ-ਪਹਿਲ ਸੀ। ਦੁਪਹਿਰ ਵੇਲ਼ੇ ਸ਼ੈਰੀ ਨੇ ਜੁਗਨੂੰ ਦੇ ਘਰ ਦੀ ਕਾਲ-ਬੈੱਲ ਦਬਾਈ। ਜੁਗਨੂੰ ਬਾਹਰ ਆਇਆ ਤਾਂ ਸ਼ੈਰੀ ਬੋਲਿਆ, 'ਚਾਰ ਵੱਜਣ ਵਾਲੇ ਨੇ; ਕਦੋਂ ਖ਼ਰੀਦਣ ਜਾਵਾਂਗੇ, ਪਟਾਕੇ ?'

ਜੁਗਨੂੰ ਨੇ ਕਿਹਾ, 'ਹੁਣੇ-ਹੁਣੇ ਗਗਨ ਦਾ ਵੀ ਫ਼ੋਨ ਆਇਐ। ਉਹ ਵੀ ਆਪਣੇ ਨਾਲ਼ ਬਜ਼ਾਰ ਜਾਏਗਾ। ਬੱਸ, ਪੰਜ-ਸੱਤ ਮਿੰਟਾਂ ਵਿੱਚ ਈ ਆ ਜਾਵੇਗਾ।'

ਸ਼ੈਰੀ ਇਕਦਮ ਬੋਲ ਪਿਆ, 'ਮੈਂ ਜਾਣਦਾ ਆਂ, ਗਗਨ ਦੇ ਪੰਜ-ਸੱਤ ਮਿੰਟ ਕਿੰਨੇ ਵੱਡੇ ਹੁੰਦੇ ਨੇ। ਮੈਂ ਖ਼ੁਦ ਲੈਣ ਜਾ ਰਿਹਾਂ, ਉਸ ਵੱਡੇ ਸਾਹਿਬ ਨੂੰ। ਤੂੰ ਆਪਣੀ ਤਿਆਰੀ ਰੱਖ, ਬੱਸ। ਇਹ ਆਖ ਕੇ ਸ਼ੈਰੀ ਇਕਦਮ ਬਾਹਰ ਨਿਕਲ਼ਿਆ ਤੇ ਸਾਈਕਲ 'ਤੇ ਉਸ ਦੇ ਘਰ ਵੱਲ ਰਵਾਨਾ ਹੋ ਗਿਆ।

ਅਜੇ ਸ਼ੈਰੀ ਨੂੰ ਗਿਆਂ ਕੁਝ ਈ ਦੇਰ ਹੋਈ ਹੋਵੇਗੀ ਕਿ ਜੁਗਨੂੰ ਦੇ ਘਰ ਉਸ ਦੇ ਪੰਜਾਬੀ ਵਾਲ਼ੇ ਮੈਡਮ ਸ੍ਰੀਮਤੀ ਜਤਿੰਦਰ ਕੌਰ ਆ ਗਏ। ਉਹਨਾਂ ਦੇ ਹੱਥ ਵਿੱਚ ਉਸ ਦਿਨ ਦਾ ਅਖ਼ਬਾਰ ਸੀ। ਜੁਗਨੂੰ ਨੇ ਉਹਨਾਂ ਨੂੰ ਡ੍ਰਾਇੰਗ- ਰੂਮ ਵਿੱਚ ਬਿਠਾਇਆ ਤੇ ਪਾਣੀ ਦਾ ਗਲਾਸ ਲੈਣ ਚਲਾ ਗਿਆ।

ਜਤਿੰਦਰ ਕੌਰ ਮੈਡਮ ਜੁਗਨੂੰ ਨੂੰ ਆਖਣ ਲੱਗੇ, 'ਜੁਗਨੂੰ, ਮੈਂ ਤੁਹਾਡੇ ਭਲੇ ਦੀ ਇੱਕ ਗੱਲ ਆਖਣ ਆਈ ਆਂ। ਇਹ ਨਾ ਸੋਚੀਂ ਕਿ ਮੈਡਮ ਦਿਵਾਲ਼ੀ ਵਾਲ਼ੇ ਦਿਨ ਮੂਡ ਖ਼ਰਾਬ ਕਰਨ ਆ ਗਏ ਨੇ।'

ਜੁਗਨੂੰ ਨੇ ਉਤਸੁਕਤਾ ਨਾਲ਼ ਪੁੱਛਿਆ, 'ਨਹੀਂ, ਮੈਡਮ ਜੀ, ਦੱਸੋ ਕੀ ਗੱਲ ਹੈ ?'

ਮੈਡਮ ਨੇ ਜੁਗਨੂੰ ਨੂੰ ਸਵਾਲ ਕੀਤਾ, 'ਪਹਿਲਾਂ ਇਹ ਦੱਸ ਕਿ ਤੂੰ ਪਟਾਕੇ ਖ਼ਰੀਦ ਲਿਆਇਆ ਏਂ ਜਾਂ ਨਹੀਂ ?'

ਜੁਗਨੂੰ ਨੇ ਕਿਹਾ, 'ਨਹੀਂ, ਮੈਡਮ ਜੀ, ਅਜੇ ਤਾਂ ਨਹੀਂ ਖ਼ਰੀਦੇ; ਬੱਸ, ਹੁਣੇ ਬਜ਼ਾਰ ਚੱਲੇ ਆਂ। ਮੇਰੇ ਨਾਲ਼ ਸ਼ੈਰੀ ਤੇ ਗਗਨ ਵੀ ਜਾਣਗੇ।'

ਮੈਡਮ ਨੇ ਪਾਣੀ ਦਾ ਗਲਾਸ ਪੀ ਕੇ ਮੇਜ਼ 'ਤੇ ਰੱਖਦਿਆਂ ਆਖਿਆ, 'ਦੇਖ ਬੇਟਾ, ਕੁਦਰਤ ਨੇ ਸਾਡੇ ਸਾਰਿਆਂ ਦੇ ਬਚਾਅ ਲਈ ਸਪੇਸ ਵਿੱਚ ਕੁਦਰਤੀ ਛਤਰੀ ਤਾਣੀ ਹੋਈ ਹੈ, ਤੁਹਾਨੂੰ ਸਾਇੰਸ ਵਾਲ਼ੇ ਅਧਿਆਪਕ ਨੇ ਪੜ੍ਹਾਇਆ ਈ ਹੋਣੈ ?'

'ਕੀ ?' ਦੋਵੇਂ ਇਕੱਠੀ ਅਵਾਜ਼ ਵਿੱਚ ਚੌਂਕ ਜਿਹਾ ਪਏ। ਜੁਗਨੂੰ ਬੋਲਿਆ, 'ਪਹਿਲਾਂ ਇਹ ਲੇਖ ਪੜ੍ਹੋ,

ਅਖ਼ਬਾਰ ਵਾਲਾ....।' ਆਖ ਕੇ ਜੁਗਨੂੰ ਤੇ ਸ਼ੈਰੀ ਵੱਲ ਅਖ਼ਬਾਰ ਕਰ ਦਿੱਤੀ। ਜਿਉਂ-ਜਿਉਂ ਦੋਵੇਂ ਦੋਸਤ ਲੇਖ ਪੜ੍ਹ ਰਹੇ ਸਨ, ਤਿਉਂ-ਤਿਉਂ ਉਹਨਾਂ ਦੇ ਚਿਹਰੇ ਕੁਝ ਹੋਰ ਦੇ ਹੋਰ ਹੁੰਦੇ ਜਾ ਰਹੇ ਸਨ।

'ਕੀ ਹੋਵੇਗਾ, ਇਹਦੇ ਬਾਰੇ ? ਇਸ ਨੂੰ ਓਜ਼ੋਨ ਦੀ ਪਰਤ ਕਹਿੰਦੇ ਨੇ ਜਿਹੜੀ ਕਿ ਸਾਨੂੰ ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਤੋਂ ਬਚਾਉਂਦੀ ਹੈ। ਫ਼ੈਕਟਰੀਆਂ, ਗੱਡੀਆਂ ਅਤੇ ਖੇਤਾਂ ਵਿੱਚ ਫ਼ਸਲਾਂ ਕੱਟਣ ਤੋਂ ਬਾਅਦ ਜਿਹੜੀ ਪਰਾਲ਼ੀ ਵਗ਼ੈਰਾ ਨੂੰ ਅੱਗ ਲਾਈ ਜਾਂਦੀ ਏ, ਉਸ ਦਾ ਧੂੰਆਂ ਇਸ ਕੁਦਰਤੀ ਛਤਰੀ ਨੂੰ ਬੇਹੱਦ ਨੁਕਸਾਨ ਪੁਚਾ ਰਿਹੈ। ਇਹੀ ਕਾਰਨ ਹੈ ਕਿ ਜ਼ਹਿਰੀਲੇ ਧੂੰਏਂ ਨੇ ਇਸ ਬਚਾਅ-ਛਤਰੀ ਵਿੱਚ ਵੱਡੇ-ਵੱਡੇ ਸੁਰਾਖ਼ ਕਰ ਦਿੱਤੇ ਨੇ।'

ਜੁਗਨੂੰ ਨੇ ਡਰ ਪ੍ਰਗਟ ਕਰਦਿਆਂ ਕਿਹਾ, 'ਫਿਰ ਤਾਂ ਮੈਡਮ, ਅੱਜ ਦਿਵਾਲ਼ੀ ਨੂੰ ਜਿਹੜੇ ਲੱਖਾਂ-ਕਰੋੜਾਂ ਪਟਾਕੇ ਚੱਲਣੇ ਨੇ, ਉਹਨਾਂ ਨੇ ਇਸ ਪਰਤ ਨੂੰ ਹੋਰ ਵੀ ਨੁਕਸਾਨ ਪੁਚਾ ਦੇਣੈਂ...।'

ਜੁਗਨੂੰ ਦੀ ਇਹ ਗੱਲ ਸੁਣ ਕੇ ਮੈਡਮ ਜਤਿੰਦਰ ਕੌਰ ਇਕਦਮ ਬੋਲੇ, 'ਹਾਂ ਜੁਗਨੂੰ, ਇਹੋ ਗੱਲ ਤੇ ਮੈਂ ਤੈਨੂੰ ਸਮਝਾਉਣ ਆਈ ਆਂ ਤੇ ਨਾਲ਼ ਹੀ ਫਿਰ ਉਹਨਾਂ ਨੇ ਜੁਗਨੂੰ ਨੂੰ ਇੱਕ ਹੋਰ ਸਵਾਲ ਕਰ ਦਿੱਤਾ, 'ਨਾਲ਼ੇ ਪਤੈ, ਜੇ ਅਸੀਂ ਇਸ ਜ਼ਹਿਰੀਲੇ ਧੂੰਏਂ ਪ੍ਰਤਿ ਇਸੇ ਤਰ੍ਹਾਂ ਬੇਖ਼ਬਰ ਰਹੇ ਤਾਂ, ਕੀ ਹੋਵੇਗਾ ?'

ਜੁਗਨੂੰ ਨੇ 'ਨਾਂਹ' ਵਿੱਚ ਸਿਰ ਹਿਲਾ ਦਿੱਤਾ।



ਮੈਡਮ ਬੜੇ ਸਹਿਜ ਨਾਲ਼ ਬੋਲੇ, 'ਓਜ਼ੋਨ ਦੀ ਪਰਤ ਵਿੱਚ ਪੈ ਰਹੇ ਮੋਘੇ ਹੋਰ ਵੱਡੇ ਹੋ ਜਾਣਗੇ। ਨਤੀਜਾ ਇਹ ਹੋਵੇਗਾ ਕਿ ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਕੇਵਲ ਫ਼ਸਲਾਂ, ਪ੍ਰਕਿਰਤੀ, ਪਸ਼ੂ-ਪੰਛੀਆਂ ਨੂੰ ਹੀ ਨਹੀਂ

ਸਗੋਂ ਸਮੁੱਚੀ ਮਨੁੱਖ-ਜਾਤੀ ਨੂੰ ਆਪਣਾ ਸ਼ਿਕਾਰ ਬਣਾ ਲੈਣਗੀਆਂ। ਜੇ ਇਹਨਾਂ ਪਰਾਬੈਂਗਣੀ ਕਿਰਨਾਂ ਦਾ ਮਾਰੂ ਅਸਰ ਦਿਨੋ-ਦਿਨ ਵਧਦਾ ਗਿਆ ਤਾਂ ਮਨੁੱਖ ਦੀ ਆਉਣ ਵਾਲ਼ੀ ਸੰਤਾਨ ਅਤੇ ਫ਼ਸਲਾਂ ਵਿਕਸਿਤ ਨਹੀਂ ਹੋ ਸਕਣਗੀਆਂ ਤੇ ਇਸ ਤਰ੍ਹਾਂ ਮਨੁੱਖਤਾ ਹੌਲ਼ੀ-ਹੌਲ਼ੀ....। ਜੇ ਅਸੀਂ ਇਸ ਖ਼ਤਰੇ ਨੂੰ ਬਿਲਕੁਲ ਖ਼ਤਮ ਨਹੀਂ ਕਰ ਸਕਦੇ ਤਾਂ ਮਿਲ਼-ਜੁਲ਼ ਕੇ ਜਿੰਨਾ ਹੋ ਸਕਦਾ ਏ, ਰੋਕਣ ਦਾ ਤਾਂ ਯਤਨ ਕਰਨਾ ਈ ਚਾਹੀਦੈ ਕਿ ਨਹੀਂ ? ਫ਼ੈਸਲਾ ਹੁਣ ਤੁਹਾਡੇ ਸਾਰਿਆਂ ਦੇ ਹੱਥ ਵਿੱਚ ਹੈ। ਮੈਂ ਇਹ ਅਖ਼ਬਾਰ ਲੈ ਕੇ ਆਈ ਸਾਂ। ਇਸ ਵਿੱਚ ਪਟਾਕਿਆਂ ਦੇ ਨੁਕਸਾਨ ਤੇ ਜ਼ਹਿਰੀਲੇ ਧੂੰਏਂ ਬਾਰੇ ਲਿਖਿਆ ਹੋਇਐ। ਆਪ ਵੀ ਪੜ੍ਹੀਂ ਤੇ ਆਪਣੇ ਦੋਸਤਾਂ ਨੂੰ ਵੀ ਪੜ੍ਹਾ ਦੇਵੀਂ...।'

ਇਹ ਆਖ ਕੇ ਜਤਿੰਦਰ ਮੈਡਮ ਉਸ ਨੂੰ ਅਖ਼ਬਾਰ ਦੇ ਕੇ ਚਲੇ ਗਏ।

ਅਜੇ ਉਹਦੇ ਦੋਵੇਂ ਦੋਸਤ ਆਏ ਨਹੀਂ ਸਨ। ਜਿਉਂ-ਜਿਉਂ ਜੁਗਨੂੰ ਅਖ਼ਬਾਰ ਪੜ੍ਹ ਰਿਹਾ ਸੀ, ਉਸ ਦੀਆਂ ਅੱਖਾਂ ਖੁੱਲ੍ਹਦੀਆਂ ਜਾ ਰਹੀਆਂ ਸਨ।

ਚਾਣਚੱਕ ਬੂਹੇ ਦੀ ਘੰਟੀ ਵੱਜੀ। ਜੁਗਨੂੰ ਦੀ ਮੰਮੀ ਨੇ ਦਰਵਾਜ਼ਾ ਖੋਲ੍ਹਿਆ। ਸ਼ੈਰੀ ਤੇ ਗਗਨ ਅੰਦਰ ਆ ਗਏ। ਜੁਗਨੂੰ ਅਖ਼ਬਾਰ ਪੜ੍ਹਨ ਵਿੱਚ ਮਸਤ ਸੀ।

'ਕੀ ਪੜ੍ਹਨ ਵਿੱਚ ਮਸਤ ਹੋ, ਜਨਾਬ...? ਛੱਡ ਪਰ੍ਹਾਂ, ਅਖ਼ਬਾਰ। ਬਜ਼ਾਰ ਚੱਲੀਏ, ਪਹਿਲਾਂ ਈ ਬੜੀ ਦੇਰ ਹੋ ਗਈ ਆ,' ਸ਼ੈਰੀ ਨੇ ਜੁਗਨੂੰ ਨੂੰ ਆਖਿਆ।

ਜੁਗਨੂੰ ਬੋਲਿਆ, 'ਸੌਰੀ ਸ਼ੈਰੀ, ਮੈਂ ਪਟਾਕੇ ਨਹੀਂ ਖ਼ਰੀਦਾਂਗਾ।' ਉਹ ਗਰਮ ਲੋਹੇ 'ਤੇ ਸੱਟ ਮਾਰਦਾ ਬੋਲਿਆ। 'ਜੇ ਪੂਰੀ ਦੀ ਪੂਰੀ ਪਰਤ ਜ਼ਹਿਰੀਲੇ ਧੂੰਏਂ ਨੇ ਹੀ ਗਾਲ਼ ਛੱਡੀ ਤਾਂ ਸਾਡੇ ਕੋਲ਼ ਕੀ ਬਚੇਗਾ ? ਅਸੀਂ ਵੀ ਤੇ ਖ਼ਤਮ ਹੋ ਜਾਵਾਂਗੇ।'

ਸ਼ੈਰੀ ਨੇ ਆਖਿਆ, 'ਦਿਵਾਲ਼ੀ ਦੇ ਪਟਾਕਿਆਂ ਦਾ ਧੂੰਆਂ ਏਨਾ ਖ਼ਤਰਨਾਕ ਹੋ ਸਕਦੈ, ਇਹ ਤਾਂ ਆਪਾਂ ਕਦੇ ਸੋਚਿਆ ਵੀ ਨਹੀਂ ਸੀ।'

ਅਜੇ ਤਿੰਨੇ ਮਿੱਤਰ ਆਪਸ ਵਿੱਚ ਗੱਲਾਂ ਕਰ ਹੀ ਰਹੇ ਸਨ ਕਿ ਗੁਆਂਢ ਵਿੱਚ ਚੀਕਾਂ ਦੀ ਅਵਾਜ਼ ਸੁਣਾਈ ਦਿੱਤੀ। ਪਤਾ ਲੱਗਿਆ ਕਿ ਕਿਸੇ ਦੇ ਘਰ ਸਫ਼ਾਈ ਕਰਨ ਤੋਂ ਬਾਅਦ ਜਦੋਂ ਸਰਘੀ ਜਿਹੜੀ ਜੁਗਨੂੰ ਹੋਰਾਂ ਨਾਲ਼ ਹੀ ਪੜ੍ਹਦੀ ਸੀ, ਦੇ ਮੰਮੀ ਆਪਣੇ ਘਰ ਆ ਰਹੇ ਸਨ ਤਾਂ ਇੱਕ ਸ਼ਰਾਰਤੀ ਲੜਕੇ ਨੇ ਵੱਡੇ ਪਟਾਕੇ ਨੂੰ ਅੱਗ ਲਾ ਕੇ ਸੜਕ 'ਤੇ ਸੁੱਟ ਦਿੱਤਾ ਸੀ। ਜਦੋਂ ਸਰਘੀ ਦੇ ਮੰਮੀ ਅਚਾਨਕ ਉਸ ਕੋਲ਼ੋਂ ਲੰਘਣ ਲੱਗੇ ਤਾਂ ਪਟਾਕੇ ਦੀਆਂ ਕੁਝ ਚੰਗਿਆੜੀਆਂ ਸਰਘੀ ਦੇ ਮੰਮੀ ਦੀਆਂ ਅੱਖਾਂ ਵਿੱਚ ਪੈ ਗਈਆਂ ਸਨ ਤੇ ਉਹ ਜ਼ਖ਼ਮੀ ਹਾਲਤ ਵਿੱਚ ਰੋ-ਕੁਰਲਾ ਰਹੇ ਸਨ। ਉਹਨਾਂ ਨੂੰ ਫ਼ੌਰਨ ਹਸਪਤਾਲ ਲਿਜਾਇਆ ਗਿਆ।

ਤਿੰਨਾਂ ਦੋਸਤਾਂ ਨੇ ਆਪਸ ਵਿੱਚ ਫ਼ੈਸਲਾ ਕੀਤਾ ਕਿ ਜਿਨ੍ਹਾਂ ਰੁਪਇਆਂ ਦੇ ਉਹ ਪਟਾਕੇ ਖ਼ਰੀਦਣ ਲਈ ਬਜ਼ਾਰ ਜਾਣ ਦੀਆਂ ਵਿਉਂਤਾਂ ਬਣਾ ਰਹੇ ਸਨ, ਉਹੀ ਪੈਸੇ ਸਰਘੀ ਦੇ ਘਰ ਵਾਲ਼ਿਆਂ ਨੂੰ ਦੇ ਦਿੱਤੇ ਜਾਣ। ਇਹ ਸਲਾਹ ਕਰਕੇ ਉਹ ਤਿੰਨੇ ਮਿੱਤਰ ਹਸਪਤਾਲ ਵੱਲ ਰਵਾਨਾ ਹੋ ਗਏ।

## ਪਾਠ- ਅਭਿਆਸ

1. **ਬਹੁਵਿਕਲਪੀ ਪ੍ਰਸ਼ਨ :**

(ੳ) ਤਿੰਨੇ ਦੋਸਤ ਕਿਹੜਾ ਤਿਉਹਾਰ ਮਨਾਉਣ ਦੀਆਂ ਵਿਓਂਤਾਂ ਬਣਾ ਰਹੇ ਸਨ ?

(ਕ) ਦਸਹਿਰੇ ਦੀਆਂ (ਖ) ਦਿਵਾਲ਼ੀ ਦੀਆਂ

(ਗ) ਕ੍ਰਿਸਮਿਸ ਦੀਆਂ।

(ਅ) ਮੈਡਮ ਦਿਵਾਲ਼ੀ ਵਾਲ਼ੇ ਦਿਨ ਕੀ ਕਰਨ ਆਏ ਸਨ ?

(ਕ) ਸਲਾਹ ਦੇਣ (ਖ) ਮੂਡ ਖ਼ਰਾਬ ਕਰਨ

(ਗ) ਸਮਝਾਉਣ ਲਈ।

(ੲ) ਸਰਘੀ ਦੀ ਮੰਮੀ ਦੇ ਕਿਹੜੇ ਅੰਗ 'ਤੇ ਪਟਾਕੇ ਦਾ ਅਸਰ ਹੋਇਆ ?

(ਕ) ਸਰੀਰ 'ਤੇ (ਖ) ਲੱਤਾਂ 'ਤੇ

(ਗ) ਅੱਖਾਂ 'ਤੇ

(ਸ) ਤਿੰਨਾਂ ਦੋਸਤਾਂ ਨੇ ਪਟਾਕੇ ਖ਼ਰੀਦਣ ਲਈ ਲਿਆਂਦੇ ਪੈਸਿਆਂ ਦਾ ਕੀ ਕੀਤਾ ?

(ਕ) ਜੁਗਨੂੰ ਦੀ ਮੰਮੀ ਨੂੰ ਦੇ ਦਿੱਤੇ (ਖ) ਖ਼ਰਚ ਲਏ

(ਗ) ਸਰਘੀ ਦੀ ਮੰਮੀ ਨੂੰ ਦਿੱਤੇ।

2. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਦੋਵੇਂ ਦੋਸਤ ਦਿਵਾਲ਼ੀ ਵਾਲ਼ੇ ਦਿਨ ਕੀ ਵਿਓਂਤਾਂ ਬਣਾ ਰਹੇ ਸਨ ?

(ਅ) ਪੰਜਾਬੀ ਵਾਲ਼ੇ ਮੈਡਮ ਜੁਗਨੂੰ ਨੂੰ ਕੀ ਦੱਸਣ ਲਈ ਆਏ ਸਨ ?

(ੲ) ਜੁਗਨੂੰ ਨੇ ਕਿਸ ਗੱਲ ਦਾ ਡਰ ਪ੍ਰਗਟ ਕੀਤਾ ?

(ਸ) ਅਖ਼ਬਾਰ ਵਿੱਚ ਕੀ ਲਿਖਿਆ ਹੋਇਆ ਸੀ ?

(ਹ) ਜੁਗਨੂੰ ਨੇ ਸ਼ੈਰੀ ਨੂੰ ਕੀ ਕਿਹਾ ?

3. **ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਓਜ਼ੋਨ ਪਰਤ ਵਿੱਚ ਛੇਕ ਹੋਣ ਨਾਲ਼ ਕੀ ਹੋਵੇਗਾ ?

(ਅ) ਪਰਾਬੈਂਗਣੀ ਕਿਰਨਾਂ ਦਾ ਮਨੁੱਖੀ ਜੀਵਨ 'ਤੇ ਕੀ ਅਸਰ ਪਵੇਗਾ ?

(ੲ) ਤਿੰਨਾਂ ਦੋਸਤਾਂ ਨੇ ਕੀ ਕਰਨ ਦਾ ਫ਼ੈਸਲਾ ਕੀਤਾ ?

(ਸ) ਗੁਆਂਢ ਵਿੱਚੋਂ ਚੀਕਾਂ ਦੀ ਅਵਾਜ਼ ਕਿਉਂ ਆ ਰਹੀ ਸੀ ?

(ਹ) ਤਿੰਨਾਂ ਦੋਸਤਾਂ ਨੇ ਕੀ ਫ਼ੈਸਲਾ ਕੀਤਾ ਤੇ ਉਹ ਕਿੱਥੇ ਗਏ ?

## 4. ਵਾਕਾਂ ਵਿੱਚ ਵਰਤੋ :

| ਸ਼ਬਦ | | ਵਾਕ |
|---|---|---|
| ਚਹਿਲ-ਪਹਿਲ | : | ਦਿਵਾਲ਼ੀ ਵਾਲ਼ੇ ਦਿਨ ਬਜ਼ਾਰਾਂ ਵਿੱਚ ਬੜੀ ਚਹਿਲ-ਪਹਿਲ ਸੀ। |
| ਵਿਉਂਤ | : | |
| ਸਵਾਲ | : | |
| ਕੁਦਰਤ | : | |
| ਸਪੇਸ | : | |
| ਫ਼ੈਸਲਾ | : | |

## 5. ਖ਼ਾਲੀ ਥਾਂਵਾਂ ਭਰੋ :

( ਫ਼ੈਸਲਾ, ਓਜ਼ੋਨ, ਪਰਾਬੈਂਗਣੀ, ਨੁਕਸਾਨ, ਵਿਉਂਤਾਂ, ਸਪੇਸ)

1. ਤਿੰਨੇ ਦੋਸਤ ਦਿਵਾਲ਼ੀ ਲਈ ਪਟਾਕੇ ਖ਼ਰੀਦਣ ਦੀਆਂ ________ ਬਣਾ ਰਹੇ ਸਨ।
2. ਕੁਦਰਤ ਨੇ ਸਾਡੇ ਬਚਾਅ ਲਈ _________ ਵਿੱਚ ਕੁਦਰਤੀ ਛਤਰੀ ਤਾਣੀ ਹੋਈ ਹੈ।
3. ________ਦੀ ਪਰਤ ਵਿੱਚ ਪੈ ਰਹੇ ਮੋਘੇ ਹੋਰ ਵੱਡੇ ਹੋ ਜਾਣਗੇ।
4. ਇਹਨਾਂ _________ ਕਿਰਨਾਂ ਦਾ ਅਸਰ ਬਹੁਤ ਮਾਰੂ ਹੋਵੇਗਾ।
5. ਅਖ਼ਬਾਰ ਵਿੱਚ ਪਟਾਕਿਆਂ ਦੇ _________ ਬਾਰੇ ਚਿਤਾਵਨੀ ਦਿੱਤੀ ਗਈ ਸੀ।
6. ਉਹਨਾਂ ਨੇ ਪਟਾਕਿਆਂ ਦੇ ਪੈਸੇ ਸਰਘੀ ਦੇ ਘਰ ਵਾਲ਼ਿਆਂ ਨੂੰ ਦੇਣ ਦਾ __________ਕੀਤਾ।

## 6. ਵਿਰੋਧੀ ਸ਼ਬਦ ਲਿਖੋ :

| ਸ਼ਬਦ | ਵਿਰੋਧੀ ਸ਼ਬਦ |
|---|---|
| ਖ਼ਰੀਦਣਾ | ਵੇਚਣਾ |
| ਨੁਕਸਾਨ | |
| ਬਾਹਰ | |

ਆਉਣਾ

ਸਵਾਲ

ਖ਼ਤਰਨਾਕ

**7. ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਦੋਸਤ | मित्र | Friend |
| ਦੁਪਹਿਰ | ________ | ________ |
| ਕਾਲ-ਬੈੱਲ | ________ | ________ |
| ਮੈਡਮ | ________ | ________ |
| ਜ਼ਹਿਰੀਲਾ | ________ | ________ |
| ਗਰਮ | ________ | ________ |

**8. ਸਮਾਨਾਰਥਕ ਸ਼ਬਦ ਲਿਖੋ :**

| ਸ਼ਬਦ | ਸਮਾਨਾਰਥਕ ਸ਼ਬਦ |
|---|---|
| ਅਧਿਆਪਕ | ਗੁਰੂ, ਉਸਤਾਦ |
| ਵਿਦਿਆਰਥੀ | ________ |
| ਬਹਾਦਰ | ________ |
| ਪੁੱਤਰ | ________ |
| ਦੋਸਤ | ________ |
| ਰਵਾਨਾ | ________ |

**9. ਅਧਿਆਪਕ ਲਈ :**

ਅਧਿਆਪਕ ਵਿਦਿਆਰਥੀਆਂ ਨੂੰ ਦਿਵਾਲ਼ੀ ਬਾਰੇ ਹੋਰ ਜਾਣਕਾਰੀ ਦੇਵੇਗਾ।

***

ਪਾਠ - 16

# ਦੁਨੀਆ ਦੁੱਖਾਂ ਦੀ ਨਗਰੀ ਨਹੀਂ

ਧੋਖਾ, ਘਿਰਨਾ, ਬੇਇਨਸਾਫ਼ੀ, ਜਬਰ, ਧੱਕਾ, ਖੋਹਾ-ਖੋਹੀ ਸਭ ਕੁਝ ਇਸ ਦੁਨੀਆ ਵਿੱਚ ਹੈ ਪਰ ਇਹਨਾਂ ਦੇ ਬਾਵਜੂਦ ਦੁਨੀਆ ਦੁੱਖ ਦੀ ਨਗਰੀ ਨਹੀਂ ਕਿਉਂਕਿ ਸਾਫ਼-ਦਿਲੀ, ਪ੍ਰੀਤ, ਇਨਸਾਫ਼, ਦਇਆ, ਤਿਆਗ ਤੇ ਕੁਰਬਾਨੀ ਦਾ ਵੀ ਅੰਤ ਨਹੀਂ। ਜੇ ਧੋਖਾ, ਘਿਰਨਾ ਤੇ ਖੋਹਾ-ਖਾਹੀ ਆਦਿ ਸੱਚ-ਮੁੱਚ ਵਧੇਰੇ ਹੋਣ ਤਾਂ ਦੁਨੀਆ ਦੋ ਦਿਹਾੜੇ ਨਹੀਂ ਚੱਲ ਸਕਦੀ। ਦੁਨੀਆ ਦੀ ਸਮੁੱਚੀ ਆਤਮਾ ਵਿੱਚ ਬਹੁਤੀ ਪ੍ਰੀਤ ਹੈ। ਪ੍ਰੀਤ ਨਾਲ਼ ਹੀ ਦੁਨੀਆ ਪਲ਼ ਰਹੀ ਹੈ। ਕੋਈ ਦਿਆਨਤਦਾਰ ਆਦਮੀ ਹਿੱਕ ਉੱਤੇ ਹੱਥ ਧਰ ਕੇ ਇਹ ਨਹੀਂ ਆਖ ਸਕਦਾ ਕਿ ਉਸ ਨੂੰ ਦੁਨੀਆ ਨੇ ਏਨਾ ਕੁਝ ਨਹੀਂ ਦਿੱਤਾ ਜਿੰਨਾ ਉਸ ਨੇ ਦੁਨੀਆ ਨੂੰ ਦਿੱਤਾ ਹੈ। ਇਹ ਐਵੇਂ ਆਖਣ ਦੀਆਂ ਗੱਲਾਂ ਹਨ ਕਿ ਦੁਨੀਆ ਮਤਲਬ ਦੀ ਹੈ; ਸਭ ਲੈਣ ਵਾਲ਼ੇ ਹਨ, ਦੇਣ ਵਾਲ਼ਾ ਕੋਈ ਨਹੀਂ। ਹਕੀਕਤ ਇਹ ਨਹੀਂ, ਤੁਸੀਂ ਆਪਣਾ ਦਿਲ ਫਰੋਲ਼ ਕੇ ਪਰਖ ਸਕਦੇ ਹੋ।

ਅਸਾਂ ਏਨੇ ਰਾਹ ਲੋਕਾਂ ਨੂੰ ਦੱਸੇ ਨਹੀਂ ਜਿੰਨੇ ਪੁੱਛੇ ਹਨ; ਅਸਾਂ ਏਨੀਆਂ ਮਿਹਰਬਾਨੀਆਂ, ਦਾਤਾਂ ਮੋੜੀਆਂ ਨਹੀਂ ਜਿੰਨੀਆਂ ਲਈਆਂ ਹਨ; ਨਾ ਪਿਆਰ ਹੀ ਏਨਾ ਦਿੱਤਾ ਹੈ ਜਿੰਨਾ ਸਾਨੂੰ ਮਿਲ਼ਿਆ ਹੈ। ਕਿਸੇ ਸੱਚੇ ਆਦਮੀ ਨੂੰ ਆਪਣੀ ਕੁਰਬਾਨੀ ਦਾ ਵਿਸ਼ਵਾਸ ਨਹੀਂ ਹੁੰਦਾ, ਉਹਦਾ ਦਿਲ ਜਾਣਦਾ ਹੁੰਦਾ ਹੈ ਕਿ ਜਿਸ ਗੱਲ ਨੂੰ ਲੋਕ ਕੁਰਬਾਨੀ ਆਖਦੇ ਹਨ, ਉਹ ਅਸਲ ਵਿੱਚ ਵਸੂਲੀ ਹੀ ਹੁੰਦੀ ਹੈ। ਦਿੱਤੀ ਚੀਜ਼ ਦੀ ਕੀਮਤ ਨਾਲ਼ੋਂ ਕਈ ਗੁਣਾ ਬਹੁਤੀ ਲਈ ਜਾ ਚੁੱਕੀ ਹੁੰਦੀ ਹੈ।

ਕੁਝ ਲੋਕ ਦੂਜਿਆਂ ਨੂੰ ਟਪਲ਼ੇ ਵਿੱਚ ਪਾਉਣ ਲਈ ਦੁਨੀਆ ਨੂੰ ਦੁੱਖ-ਨਗਰੀ ਆਖਦੇ ਰਹੇ ਹਨ। ਇਹ ਦੁੱਖ-ਨਗਰੀ ਬਿਲਕੁਲ ਨਹੀਂ, ਨਾ ਸੁੱਖ-ਨਗਰੀ ਹੀ ਹੈ। ਦੁੱਖ-ਸੁੱਖ ਦੋਵੇਂ ਵਿਕਾਸ ਦੇ ਪ੍ਰੇਰਕ ਹਨ, ਹਥਿਆਰ ਹਨ।

ਜਿਹੜਾ ਕੋਈ ਦੁਨੀਆ ਨੂੰ ਏਸ ਅੱਖ ਨਾਲ਼ ਵੇਖ ਸਕਦਾ ਹੈ, ਉਹਦੇ ਲਈ ਦੁੱਖਾਂ ਦਾ ਕੰਡਾ ਉਸੇ ਘੜੀ ਨਿਕਲ਼ ਜਾਂਦਾ ਹੈ ਤੇ ਸੁੱਖਾਂ ਦੀ ਲਲਚਾਵੀਂ ਖਿੱਚ ਵੀ ਮੁੱਕ ਜਾਂਦੀ ਹੈ। ਦੁਨੀਆ ਓਹੀ ਕੁਝ ਹੈ, ਜਿਵੇਂ ਤੁਸੀਂ ਇਹਨੂੰ ਵੇਖਦੇ ਹੋ। ਮਤਲਬੀ ਦੀ ਦੁਨੀਆ ਮਤਲਬੀ, ਝੂਠੇ ਦੀ ਝੂਠੀ। ਜਿਹੋ-ਜਿਹਾ ਸਾਡਾ ਦਿਲ ਤੇ ਦਿਲ ਦੀਆਂ ਰੀਝਾਂ ਹਨ, ਉਹੋ-ਜਿਹੀ ਦੁਨੀਆ ਸਾਨੂੰ ਦਿਸਣ ਲੱਗ ਪੈਂਦੀ ਹੈ।

ਇਹ ਇੱਕ ਸਰਲ ਜਿਹੀ ਸਚਾਈ ਹੈ, ਹਰ ਕੋਈ ਅਜ਼ਮਾ ਸਕਦਾ ਹੈ। ਹੱਸਦੇ ਦੀ ਦੁਨੀਆ ਹੱਸਦੀ ਤੇ ਰੋਂਦੇ ਦੀ ਦੁਨੀਆ ਰੋਂਦੀ ਅਰਥਾਤ ਅੱਥਰੂ-ਭਿੱਜੀ ਹੁੰਦੀ ਹੈ। ਨਿਰੀ ਏਨੀ ਸਚਾਈ ਪੱਲੇ ਬੰਨ੍ਹ ਲਵੋ, ਦੁਨੀਆ ਦੇ ਸਭ ਦੁੱਖ-ਸੁੱਖ ਇਕਸਾਰ ਸੁਆਦਲੇ ਹੋ ਜਾਣਗੇ। ਚੰਗੀ ਜ਼ਿੰਦਗੀ ਜਿਊਂਣ ਲਈ ਕਿਸੇ ਮੁਕਤੀ, ਪਰਲੋਕ, ਨਰਕ, ਸੁਰਗ, ਯਮ ਤੇ ਧਰਮਰਾਜ ਦੇ ਗਿਆਨ ਦੀ ਲੋੜ ਨਹੀਂ।

ਸਿਰਫ਼ ਇਹ ਗਿਆਨ ਕਾਫ਼ੀ ਹੈ ਕਿ ਦੁਨੀਆ ਓਹੀ ਕੁਝ ਹੈ ਜੋ ਅਸੀਂ ਇਹਨੂੰ ਵੇਖਣਾ ਚਾਹੁੰਦੇ ਹਾਂ। ਇਸ ਲਈ ਮੱਥੇ ਤੋਂ ਤਿਊੜੀ ਹਟਾ ਦਿਓ। ਕੋਈ ਆਦਮੀ ਖ਼ੁਸ਼ ਨਹੀਂ ਰਹਿ ਸਕਦਾ, ਜਿੰਨਾ ਚਿਰ ਉਹ ਆਪਣੇ-ਆਪ ਨੂੰ ਧਰਮੀ ਸਮਝਦਾ ਹੈ। ਇਹ ਉਹਦਾ ਵਹਿਮ ਹੈ। ਉਹਦੀ ਪੂਜਾ, ਉਹਦੇ ਹਵਨ ਉਹਦੇ ਇਸ਼ਨਾਨ ਤੇ ਉਹਦੇ ਭਜਨ, ਦੁਨੀਆ ਦਾ ਕੁਝ ਨਹੀਂ ਸੁਆਰਦੇ, ਦੁਨੀਆ ਨੂੰ ਇਹਨਾਂ 'ਚੋਂ ਕਿਸੇ ਦੀ ਮੁਥਾਜੀ ਨਹੀਂ। ਦੁਨੀਆ ਮੰਗਦੀ ਹੈ ਕਿ ਹਰ ਕੋਈ ਖਿੜੇ-ਮੱਥੇ ਰਹੇ। ਇੱਕ ਮੁਸਕਰਾਹਟ ਕਈਆਂ ਕਾਮਿਆਂ ਦੀ ਮੁਸ਼ੱਕਤ ਹੌਲ਼ੀ ਕਰਦੀ ਹੈ, ਇੱਕ ਹੱਸਦੀ

ਅੱਖ ਕਈਆਂ ਦੇ ਅੱਥਰੂ ਠੱਲ੍ਹਦੀ ਹੈ, ਇੱਕ ਨਿੱਘੀ ਹੱਥ-ਘੁਟਣੀ ਕਈ ਨਿਰਾਸਿਆਂ ਦੀ ਆਸ ਜਗਾਉਂਦੀ ਹੈ। ਖ਼ੁਸ਼ ਰਹਿਣ ਤੇ ਖ਼ੁਸ਼ ਰੱਖਣ ਜੇਡਾ ਉੱਚਾ ਕੋਈ ਹੋਰ ਗਿਆਨ ਨਹੀਂ। ਜਿਹੜਾ ਕੋਈ ਖ਼ੁਸ਼ ਰਹਿਣ ਤੇ ਖ਼ੁਸ਼ ਰੱਖਣ ਨੂੰ ਆਪਣਾ ਧਰਮ ਬਣਾਉਂਦਾ ਹੈ, ਉਹਦੇ ਵਿੱਚ ਈਰਖਾ, ਸੁਆਰਥ, ਮੰਦੇ ਬੋਲ, ਘੁੱਟਿਆ ਮਸਤਕ, ਨਿੰਦਿਆ ਆ ਹੀ ਨਹੀਂ ਸਕਦੇ।

ਸਿਰਫ਼ ਥੋੜ੍ਹੀ ਜਿਹੀ ਦਲੇਰੀ ਦੀ ਲੋੜ ਹੈ; ਤੁਸੀਂ ਹੱਥੋਂ ਕੁਝ ਦੇ ਸਕਣ ਦਾ ਸਿਰਫ਼ ਹੀਆ ਹੀ ਪੈਦਾ ਕਰ ਲਵੋ; ਦੇਣਾ ਤੁਹਾਨੂੰ ਏਨਾ ਨਹੀਂ ਪਵੇਗਾ, ਜਿੰਨਾ ਹਰ ਪਾਸਿਓਂ ਤੁਹਾਡੇ ਵੱਲ ਆਉਣਾ ਸ਼ੁਰੂ ਹੋ ਜਾਏਗਾ। ਦੁਨੀਆ ਸੱਚ-ਮੁੱਚ ਬੜੀ ਸੁਆਦਲੀ ਹੈ, ਇਹਦੇ ਲੋਕ ਸੱਚ-ਮੁੱਚ ਬੜੇ ਭੋਲ਼ੇ ਹਨ। ਇੱਕ ਮੁਸਕਰਾਹਟ ਨਾਲ਼ ਮੋਮ ਹੋ ਜਾਂਦੇ ਹਨ, ਇੱਕ ਜ਼ਰਾ ਜਿੰਨੀ ਦਿਲੀ ਹਮਦਰਦੀ ਦੇ ਬਦਲੇ ਸਾਰਾ ਦਿਲ ਪੇਸ਼ ਕਰ ਦੇਂਦੇ ਹਨ।

ਦੁਨੀਆ ਸਾਡੇ ਕੋਲ਼ੋਂ ਬਹੁਤਾ ਕੁਝ ਨਹੀਂ ਮੰਗਦੀ। ਇਹ ਏਨੇ ਨਾਲ਼ ਹੀ ਸੰਤੁਸ਼ਟ ਹੋ ਸਕਦੀ ਹੈ ਕਿ ਤੁਸੀਂ ਹੱਸ ਕੇ ਮਿਲ਼ੋ; ਤੁਸੀਂ ਇਹਦੇ 'ਤੋਂ ਕੰਨੀ ਨਾ ਕਤਰਾਓ; 'ਚੁਅ-ਚੁਅ' ਨਾ ਕਰੋ, ਇਹਨੂੰ ਪਾਪੀ ਸਮਝ ਕੇ ਆਪ ਪਵਿੱਤਰਤਾ ਦੇ ਟਿੱਬਿਆਂ ਉੱਤੇ ਨਾ ਜਾ ਚੜ੍ਹੋ ਤੇ ਇਹਦੇ ਕੋਲ਼ੋਂ ਨੱਕ-ਮੂੰਹ ਨਾ ਚਾੜ੍ਹੋ ਤੇ ਨਾ ਹਰ ਵੇਲ਼ੇ ਇਹਨੂੰ ਨੀਚ ਆਖ ਕੇ ਉਚ ਕਰਨ ਦੀ ਹਿਮਾਕਤ ਕਰਦੇ ਰਹੋ। ਸਿਰਫ਼ ਹੱਸ ਕੇ ਮਿਲ਼ਨਾ ਸਿੱਖ ਲਵੋ, ਦੁਨੀਆ ਤੁਹਾਡਾ ਮੂੰਹ ਵੇਖ ਕੇ ਠੰਢੀ ਰਹੇਗੀ; ਤੁਹਾਨੂੰ ਮਿਲ਼ਨ ਦੀ ਤਾਂਘ ਕਰੇਗੀ। ਹੋਰ ਕੁਝ ਨਾ ਦੇਣਾ, ਦੇਵੇਗੀ ਸਗੋਂ ਇਹ। ਤੁਸੀਂ ਸਿਰਫ਼ ਏਨਾ ਕਰੋ ਕਿ ਟੱਕਰ ਇਹਨਾਂ ਆਪਣੀਆਂ ਦੋਹਾਂ ਅੱਖਾਂ ਵਿੱਚੋਂ ਘਿਰਣਾ ਕੱਢ ਛੱਡੋ ਤੇ ਇਹਨਾਂ ਨੂੰ ਸੱਚੀ ਮੁਸਕਾਹਟ ਨਾਲ਼ ਖਿੜਾ ਲਵੋ।

ਖ਼ੁਦਗ਼ਰਜ਼ ਦਿਲ ਕਦੇ ਖ਼ੁਸ਼ ਨਹੀਂ ਹੋ ਸਕਦਾ। ਜਿਹੜੀ ਆਤਮਾ ਸਦਾ ਆਪਣੇ ਨਫ਼ੇ ਦਾ ਹੀ ਖ਼ਿਆਲ ਕਰਦੀ ਹੈ, ਉਹ ਸੱਚੀ ਖ਼ੁਸ਼ੀ ਦਾ ਸੁਆਦ ਨਹੀਂ ਲੈ ਸਕਦੀ। ਜਿਹੜੇ ਇਹ ਖ਼ਿਆਲ ਕਰਦੇ ਹਨ ਕਿ ਦੁਨੀਆ ਨੇ ਉਹਨਾਂ ਦੀ ਲਿਆਕਤ ਦਾ ਮੁੱਲ ਨਹੀਂ ਪਾਇਆ ਜਾਂ ਦੁਨੀਆ ਨੇ ਉਹਨਾਂ ਨੂੰ ਪਿਆਰ ਨਹੀਂ ਕੀਤਾ, ਉਹ ਭੁਲੇਖੇ ਵਿੱਚ ਹਨ। ਭੁਲੇਖੇ ਦਾ ਕਾਰਨ ਇਹ ਹੈ ਕਿ ਇਹਨਾਂ ਲੋਕਾਂ ਨੂੰ ਕਦੇ ਦੁਨੀਆ ਵੇਖਣ ਦੀ ਵਿਹਲ ਹੀ ਨਹੀਂ ਮਿਲ਼ਦੀ। ਇਹ ਸਦਾ ਆਪਣੇ-ਆਪ ਨੂੰ ਹੀ ਵੇਖਦੇ ਰਹੇ ਹਨ। ਏਸ ਲਈ ਜੇ ਮੰਦਾ ਸ਼ਬਦ ਕਿਤੇ ਬੋਲਿਆ ਜਾਂਦਾ ਹੈ, ਇਸ ਨੂੰ ਆਪਣੇ ਵੱਲ ਹੀ ਖਿੱਚਦੇ ਹਨ। ਵੇਖ ਕੇ ਤੁਰਦੇ ਨਹੀਂ ਪਰ ਜਦੋਂ ਕਿਸੇ ਰਾਹੀ ਨਾਲ਼ ਟੱਕਰ ਲੱਗ ਜਾਂਦੀ ਹੈ ਤਾਂ ਸਮਝਦੇ ਹਨ ਕਿ ਟੱਕਰ ਉਸ ਜਾਣ ਕੇ ਮਾਰੀ ਹੈ। ਮਜ਼ਾਕ, ਮਸ਼ਕਰੀ ਆਪਣੇ ਨਾਲ਼ ਕੀਤੀ ਸਮਝ ਕੇ ਸਦਾ ਠਿੱਠ ਹੀ ਹੋਏ ਰਹਿੰਦੇ ਹਨ।

ਹਰ ਵੇਲ਼ੇ ਆਪਣੀ ਬਾਬਤ ਸੋਚਣਾ ਛੱਡ ਦੇਵੋ, ਕਦੇ ਦੂਜਿਆਂ ਦਾ ਖ਼ਿਆਲ ਵੀ ਕਰੋ। ਉਹਨਾਂ ਦੀਆਂ ਲੋੜਾਂ, ਮਜਬੂਰੀਆਂ, ਕਮਜ਼ੋਰੀਆਂ ਤੇ ਲੋਚਨਾਵਾਂ ਨੂੰ ਵੀ ਸਖ਼ਾਵਤ ਨਾਲ਼ ਖ਼ਿਆਲ ਵਿੱਚ ਲਿਆਵੋ। ਦੁਨੀਆ ਬੜੀ ਦਿਲਚਸਪ ਹੋ ਜਾਏਗੀ, ਬੜਾ ਥੋੜ੍ਹਾ ਕ੍ਰੋਧ ਆਵੇਗਾ, ਨਿਰਾਸਤਾ ਘਟ ਜਾਏਗੀ, ਛਿੱਥਿਆਂ ਪੈਣ ਦੀ ਲੋੜ ਬਿਲਕੁਲ ਨਹੀਂ ਰਹੇਗੀ ਕਿਉਂਕਿ ਖ਼ੁਸ਼ਦਿਲ ਦੇ ਕੋਲ਼ ਚੰਗੀਆਂ ਚੀਜ਼ਾਂ, ਚੰਗੇ ਆਦਮੀ, ਚੰਗੀਆਂ ਅਵਸਥਾਵਾਂ ਏਸ ਤਰ੍ਹਾਂ ਖਿੱਚੀਆਂ ਆਉਂਦੀਆਂ ਹਨ, ਜਿਵੇਂ ਹਰੇ-ਭਰੇ ਬਿਰਖ ਉੱਤੇ ਪੰਛੀ ਤੇ ਉਹਦੀ ਛਾਂ ਹੇਠਾਂ ਰਾਹੀ। ਉਹ ਘਰ ਕੇਡਾ ਸੋਹਣਾ ਜਾਪੇਗਾ ਜਿੱਥੇ ਹਰੇਕ ਮੁੱਖ ਚਾਨਣੀ ਕਿਰਨ ਦੀ ਨਿਆਈਂ ਹੋਵੇ ਅਤੇ ਹਰੇਕ ਬੋਲ ਵਿੱਚ ਸੰਗੀਤ ਦੀ ਲੈਅ ਹੋਵੇ। ਗ਼ਰੀਬੀ-ਅਮੀਰੀ ਦੀ ਗੱਲ ਕੋਈ ਨਹੀਂ। ਜੇ ਉਸ ਘਰ ਵਿੱਚ ਹਰੇਕ ਦੂਜੇ ਦਾ ਸਹਾਇਕ ਹੈ, ਪ੍ਰੇਰਕ ਹੈ, ਪਿਆਰਾ ਹੈ, ਤਾਂ ਉਹ ਘਰ ਬੜਾ ਉੱਚਾ ਹੋਣ ਦੀ ਸੰਭਾਵਨਾ ਰੱਖਦਾ ਹੈ। ਇਹ ਕੋਈ ਕਠਨ ਗੱਲ ਨਹੀਂ। ਖ਼ੁਸ਼ ਰਹਿ ਸਕਣਾ, ਵਢੂੰ-ਵਢੂੰ ਕਰਦਿਆਂ ਰਹਿਣ ਨਾਲ਼ੋਂ ਸੁਖਾਲ਼ਾ ਹੈ।

ਸ਼ੁੱਭ ਇੱਛਾ ਨਾਲ਼ ਲਿਸ਼ਕਦੇ ਚਿਹਰੇ ਵਿੱਚ ਇੱਕ ਜਾਦੂ-ਬਲ ਹੈ, ਉਹਦੀ ਆਤਮਾ ਇੱਕ ਸੂਰਜ ਹੈ। ਜਿੱਥੇ ਉਹਦੀਆਂ ਕਿਰਨਾਂ ਪੈਂਦੀਆਂ ਹਨ, ਮੁਸ਼ਕਲਾਂ ਦਾ ਹਨੇਰਾ ਦੂਰ ਹੋ ਜਾਂਦਾ ਹੈ। ਏਸ ਲਈ ਜਿਹੜਾ ਕੋਈ ਪ੍ਰਚਲਿਤ ਸੁਾਰਥੀ ਫ਼ਲਸਫ਼ੇ, ਸ੍ਵੈ-ਮੁਕਤੀ ਦੇ ਫ਼ਲਸਫ਼ੇ ਨੂੰ ਤਿਆਗ ਕੇ ਖ਼ੁਸ਼ ਰਹਿਣ, ਖ਼ੁਸ਼ ਵੇਖਣ, ਖ਼ੁਸ਼ ਕਰਨ ਦੀ ਜਾਚ ਸਿੱਖ ਲੈਂਦਾ ਹੈ, ਉਹ ਦੁਨੀਆ ਦਾ ਸੁੱਖ ਵਧਾਉਂਦਾ ਹੈ, ਦੁਨੀਆ ਨੂੰ ਚੰਗੀ ਬਣਾਉਂਦਾ ਹੈ।

ਕੁਝ ਦੁੱਖ ਤਾਂ ਦੁਨੀਆ ਲਈ ਹੈ ਈ ਜ਼ਰੂਰੀ ਕਿਉਂਕਿ ਦੁੱਖਾਂ-ਸੁੱਖਾਂ ਦੇ ਮੋਹਰਿਆਂ ਨਾਲ਼ ਹੀ ਜੀਵਨ-ਸ਼ਤਰੰਜ ਦਿਲਚਸਪੀ ਨਾਲ਼ ਖੇਡੀ ਜਾ ਸਕਦੀ ਹੈ ਪਰ ਬਹੁਤਾ ਦੁੱਖ ਸਾਡਾ ਆਪਣਾ ਸਹੇੜਿਆ ਹੋਇਆ ਤੇ ਬੇਲੋੜਾ ਹੁੰਦਾ ਹੈ। ਜਿਦ੍ਹਾ ਡਰ ਮੁੱਕ ਗਿਆ ਹੈ, ਉਹਦਾ ਜੀਵਨ ਇੱਕ ਸਰਲ ਰਵਾਨੀ ਬਣ ਜਾਂਦਾ ਹੈ। ਜੀਵਨ ਜਿਊਣ ਵਰਗੀ ਕੋਈ ਸੁਖੱਲੀ ਗੱਲ ਨਹੀਂ—ਇਹ ਆਪੇ ਪਿਆ ਜੀਵਿਆ ਜਾਂਦਾ ਹੈ। ਲੋੜ ਹੈ ਤਾਂ ਇਹ ਕਿ ਏਸ ਦੇ ਤੁਰਦੇ ਕਲ-ਪੁਰਜ਼ਿਆਂ ਵਿੱਚ ਢੁੱਚਰਾਂ ਨਾ ਡਾਹੀਆਂ ਜਾਣ, ਇਹਦੇ ਪਹੀਆਂ ਉੱਤੇ ਹਰ ਵੇਲ਼ੇ ਬ੍ਰੇਕਾਂ ਹੀ ਨਾ ਕੱਸੀਆਂ ਜਾਣ, ਨਾ ਇਹਦੇ ਚਾਲਕ ਨੂੰ ਸਦਾ ਘੁਰਕੀਆਂ ਦਿੱਤੀਆਂ ਜਾਣ।

ਆਪਣੇ ਵਿੱਚੋਂ ਡੰਗ ਕੱਢ ਛੱਡੋ। ਜਿੰਨਾ ਕਸ਼ਟ ਸਾਨੂੰ ਮਿਲ਼ਦਾ ਹੈ, ਇਹ ਆਪਣੇ ਹੀ ਡੰਗ ਦਾ ਹੁੰਦਾ ਹੈ। ਆਪਣੀਆਂ ਅੱਖਾਂ ਸਾਫ਼ ਕਰ ਲਵੋ। ਦੁਨੀਆ ਮੈਲ਼ੀ ਥਾਂ ਨਹੀਂ, ਸਿਰਫ਼ ਸਾਡੀਆਂ ਅੱਖਾਂ ਹੀ ਸਦਾ ਸਾਫ਼ ਨਹੀਂ ਹੁੰਦੀਆਂ। ਹਨੇਰੀਆਂ ਵਗ ਜਾਂਦੀਆਂ ਹਨ, ਬਥੇਰਾ ਘੱਟਾ ਉੱਡਦਾ ਹੈ, ਘੜੀ-ਦੋ ਘੜੀ ਲਈ ਜੱਗ ਹਨੇਰਾ ਵੀ ਹੋ ਜਾਂਦਾ ਹੈ ਪਰ ਜੇ ਅਸੀਂ ਆਪਣੀਆਂ ਅੱਖਾਂ 'ਚੋਂ ਇਸ ਹਨੇਰੀ ਦਾ ਘੱਟਾ ਧੋ ਛੱਡੀਏ ਤਾਂ ਦੁਨੀਆ ਫੇਰ ਟਹਿਕਦੀ ਦਿਸ ਪਵੇਗੀ।

ਗਿਲੇ ਦੀ ਗੁੰਜਾਇਸ਼ ਨਹੀਂ, ਨਿਹੋਰੇ ਦੀ ਥਾਂ ਨਹੀਂ, ਮੂੰਹ ਮੋਟਾ ਕਰਨ ਦਾ ਕੋਈ ਲਾਭ ਨਹੀਂ, ਕੋਸਿਆਂ-ਨਿੰਦਿਆਂ ਜ਼ਿੰਦਗੀ ਦਾ ਕੋਈ ਕੰਡਾ ਨਹੀਂ ਝੜਦਾ। ਚੰਗੀ ਗੱਲ ਇਹੀ ਹੈ ਕਿ ਜਿਹੋ-ਜਿਹੀ ਦੁਨੀਆ ਤੁਸੀਂ ਚਾਹੁੰਦੇ ਹੋ, ਉਹਦਾ ਪੂਰਨ ਚਿੱਤਰ ਆਪਣੀਆਂ ਅੱਖਾਂ ਵਿੱਚ ਵਸਾਓ ਤੇ ਆਪਣੀ ਦੁਨੀਆ ਲੱਭਣ ਵਿੱਚ ਜੁਟ ਜਾਓ। ਏਸ ਬ੍ਰਹਿਮੰਡ ਵਿੱਚ ਹਰੇਕ ਦੀ ਦੁਨੀਆ ਮੌਜੂਦ ਹੈ; ਜੋ ਢੂੰਡੋਗੇ, ਉਹੀ ਪਾਓਗੇ।

## ਪਾਠ- ਅਭਿਆਸ

1. **ਬਹੁਵਿਕਲਪੀ ਪ੍ਰਸ਼ਨ :**

(ੳ) ਦੁਨੀਆ ਵਿੱਚ ਕੀ ਹੈ ?

(ਕ) ਸੁੱਖ (ਖ) ਦੁੱਖ

(ਗ) ਦੁੱਖ ਤੇ ਸੁੱਖ ਦੋਵੇਂ ਹਨ।

(ਅ) ਸਾਨੂੰ ਦੁਨੀਆ ਤੋਂ ਕੀ ਕੁਝ ਮਿਲ਼ਿਆ ਹੈ ?

(ਕ) ਪਿਆਰ (ਖ) ਨਫ਼ਰਤ

(ਗ) ਦੁੱਖ

(ੲ) ਦੁਨੀਆ ਵਿੱਚ ਵਿਚਰਨ ਲਈ ਚੰਗਾ ਗੁਣ ਕਿਹੜਾ ਹੈ ?

(ਕ) ਪਾਠ-ਪੂਜਾ (ਖ) ਹਵਨ

(ਗ) ਮੁਸਕਰਾਹਟ

(ਸ) ਤੁਸੀਂ ਕਿਸੇ ਦਾ ਦਿਲ ਕਿਵੇਂ ਖਿੱਚ ਸਕਦੇ ਹੋ ?

(ਕ) ਕੰਨੀ ਕਤਰਾ ਕੇ (ਖ) ਕੌੜਾ ਬੋਲ-ਬੋਲ ਕੇ

(ਗ) ਹਮਦਰਦੀ ਨਾਲ਼।

(ਹ) ਲੇਖਕ ਆਪਣੇ ਵਿੱਚੋਂ ਕਿਹੜੀ ਚੀਜ਼ ਕੱਢਣ ਲਈ ਕਹਿੰਦਾ ਹੈ ?

(ਕ) ਆਪਣੀਆਂ ਮਜਬੂਰੀਆਂ (ਖ) ਕਮਜ਼ੋਰੀਆਂ

(ਗ) ਆਪਣੇ ਵਿੱਚੋਂ ਕ੍ਰੋਧ ਦਾ ਡੰਗ।

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਕੀ ਜ਼ਿੰਦਗੀ ਵਿੱਚ ਮਿਹਰਬਾਨੀਆਂ ਅਤੇ ਕੁਰਬਾਨੀਆਂ ਦਾ ਕੋਈ ਮੁੱਲ ਪੈਂਦਾ ਹੈ ?

(ਅ) ਕੀ ਦੁਨੀਆ ਦੁੱਖ ਦੀ ਨਗਰੀ ਹੈ ਜਾਂ ਸੁੱਖ-ਨਗਰੀ ?

(ੲ) ਚੰਗੇ ਦਿਲ ਵਾਲ਼ੇ ਨੂੰ ਦੁਨੀਆ ਕਿਹੋ-ਜਿਹੀ ਦਿਸਦੀ ਹੈ ?

(ਸ) ਜਿਹੜਾ ਇਨਸਾਨ ਚੰਗਾ ਹੈ, ਉਸ ਵਿੱਚ ਕਿਹੜੇ ਮਾੜੇ ਗੁਣ ਨਹੀਂ ਆਉਂਦੇ ?

(ਹ) ਖ਼ੁਸ਼ ਰਹਿਣ ਅਤੇ ਖ਼ੁਸ਼ ਰੱਖਣ ਵਾਲ਼ੇ ਮਨੁੱਖ ਵਿੱਚ ਕਿਹੜੇ ਗੁਣ ਹੁੰਦੇ ਹਨ ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਦੁਨੀਆ ਨੂੰ ਆਪਣਾ ਬਣਾਉਣ ਲਈ ਕਿਹੜੇ ਗੁਣ ਪੈਦਾ ਕਰਨੇ ਚਾਹੀਦੇ ਹਨ ?

(ਅ) ਜਿਹੋ-ਜਿਹਾ ਇਨਸਾਨ ਆਪ ਹੁੰਦਾ ਹੈ, ਉਸ ਨੂੰ ਦੂਜੇ ਵੀ ਉਸੇ ਤਰ੍ਹਾਂ ਦੇ ਹੀ ਨਜ਼ਰ ਆਉਂਦੇ ਹਨ। ਕੀ ਇਹ ਕਥਨ ਪਾਠ ਦੇ ਆਧਾਰ 'ਤੇ ਢੁਕਵਾਂ ਹੈ ?

(ੲ) ਖ਼ੁਦਗਰਜ਼ ਵਿਅਕਤੀ ਕਿਉਂ ਨਹੀਂ ਖ਼ੁਸ਼ ਰਹਿ ਸਕਦੇ ?

(ਸ) ਦੁਨੀਆ ਸਾਫ਼-ਸੁਥਰੀ ਕਿਵੇਂ ਨਜ਼ਰ ਆ ਸਕਦੀ ਹੈ ?

(ਹ) ਸੁਖੱਲਾ ਜੀਵਨ ਕਿਵੇਂ ਜੀਵਿਆ ਜਾ ਸਕਦਾ ਹੈ ?

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

| ਸ਼ਬਦ | ਵਾਕ |
|---|---|
| ਦਇਆ | ਦੁਨੀਆ ਵਿੱਚ ਦਇਆ, ਤਿਆਗ ਤੇ ਕੁਰਬਾਨੀ ਦਾ ਕੋਈ ਅੰਤ ਨਹੀਂ। |
| ਪ੍ਰੇਰਕ | |
| ਖ਼ੁਦਗਰਜ਼ | |
| ਲਿਆਕਤ | |
| ਵਢੂੰ-ਵਢੂੰ ਕਰਨਾ | |
| ਘੁਰਕੀਆਂ ਦੇਣਾ | |

5. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

| ਸ਼ਬਦ | ਵਿਰੋਧੀ ਸ਼ਬਦ |
|---|---|
| ਦੁੱਖ | ਸੁੱਖ |
| ਧੋਖਾ | __________ |
| ਝੂਠ | __________ |
| ਧਰਮ | __________ |
| ਇਨਸਾਨ | __________ |
| ਹੱਸਣਾ | __________ |

6. ਹੇਠਾਂ ਲਿਖੇ ਸ਼ਬਦਾਂ ਦੇ ਹਿੰਦੀ ਅਤੇ ਅੰਗਰੇਜ਼ੀ ਸ਼ਬਦ ਲਿਖੋ:

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਮਾਤਾ | माता | Mother |
| ਪਤਨੀ | __________ | __________ |
| ਧਰਮ | __________ | __________ |
| ਹਨੇਰਾ | __________ | __________ |
| ਦਇਆ | __________ | __________ |
| ਪੜ੍ਹਨਾ | __________ | __________ |

8. ਇੱਕੋ-ਜਿਹੀ ਅਵਾਜ਼ ਨੂੰ ਪ੍ਰਗਟ ਕਰਦੇ ਸ਼ਬਦ ਲਿਖੋ :

| | |
|---|---|
| ਧੱਕਾ | __________ |
| ਪਾਠਸ਼ਾਲਾ | __________ |
| ਆਪ | __________ |
| ਚੁਣ | __________ |
| ਸ਼ਰਮ | __________ |

9. ਅਧਿਆਪਕ ਲਈ :

ਅਧਿਆਪਕ ਵਿਦਿਆਰਥੀਆਂ ਨੂੰ ਨੈਤਿਕਤਾ ਅਤੇ ਦੁਨੀਆਦਾਰੀ ਦੀਆਂ ਹੋਰ ਚੰਗੀਆਂ ਗੱਲਾਂ ਦੱਸੇਗਾ।

* * *

ਪਾਠ - 17

# ਰੁੱਖ



ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ,
ਕੁਝ ਰੁੱਖ ਲੱਗਦੇ ਮਾਂਵਾਂ।
ਕੁਝ ਰੁੱਖ ਨੂੰਹਾਂ, ਧੀਆਂ ਲੱਗਦੇ,
ਕੁਝ ਰੁੱਖ ਵਾਂਗ ਭਰਾਵਾਂ।
ਕੁਝ ਰੁੱਖ ਮੇਰੇ ਬਾਬੇ ਵਾਕਣ,
ਪੱਤਰ ਟਾਂਵਾਂ-ਟਾਂਵਾਂ।
ਕੁਝ ਰੁੱਖ ਮੇਰੀ ਦਾਦੀ ਵਾਂਗਰ,
ਚੂਰੀ ਪਾਵਣ ਕਾਂਵਾਂ।

ਕੁਝ ਰੁੱਖ ਜਦ ਵੀ ਰਲ਼ ਕੇ ਝੂੰਮਣ,
ਤੇਜ਼ ਵਗਣ ਜਦ 'ਵਾਵਾਂ,
ਸਾਵੀ ਬੋਲੀ ਸਭ ਰੁੱਖਾਂ ਦੀ,
ਦਿਲ ਕਰਦਾ ਲਿਖ ਜਾਵਾਂ।
ਮੇਰਾ ਵੀ ਇਹ ਦਿਲ ਕਰਦਾ ਏ,
ਰੁੱਖ ਦੀ ਜੂਨੇ ਆਵਾਂ।
ਜੇ ਤੁਸੀਂ ਮੇਰਾ ਗੀਤ ਹੈ ਸੁਣਨਾ,
ਮੈਂ ਰੁੱਖਾਂ ਵਿੱਚ ਗਾਵਾਂ।
ਰੁੱਖ ਤਾਂ ਮੇਰੀ ਮਾਂ ਵਰਗੇ ਨੇ,
ਜਿਊਂਣ ਰੁੱਖਾਂ ਦੀਆਂ ਛਾਂਵਾਂ।

## ਪਾਠ- ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ :**

(1) 'ਰੁੱਖ' ਕਵਿਤਾ ਦਾ ਕਵੀ ਕੌਣ ਹੈ ?

(2) ਪਹਿਲੀਆਂ ਦੋ ਸਤਰਾਂ ਵਿੱਚ ਕਿਸ-ਕਿਸ ਰਿਸ਼ਤੇ ਦਾ ਜ਼ਿਕਰ ਆਇਆ ਹੈ ?

(3) ਕਵਿਤਾ ਅਨੁਸਾਰ ਚੂਰੀ ਕਿਸ ਪੰਛੀ ਨੂੰ ਪਾਈ ਜਾਂਦੀ ਹੈ ?

(4) ਕਵੀ ਕਿਸ ਜੂਨ ਵਿੱਚ ਆਉਣਾ ਚਾਹੁੰਦਾ ਹੈ ?

(5) ਕਵੀ ਕਿਨ੍ਹਾਂ ਵਿੱਚ ਗਾਉਣਾ ਚਾਹੁੰਦਾ ਹੈ ?

**2. ਖ਼ਾਲੀ ਸਥਾਨ ਭਰੋ :**

ੳ. ਕੁਝ ਰੁੱਖ ਮੇਰੀ ________ ਵਾਂਗਰ,
ਚੂਰੀ ਪਾਵਣ ਕਾਂਵਾਂ।

ਅ. ਸਾਵੀ ਬੋਲੀ ਸਭ________।
ਦਿਲ ਕਰਦਾ ਲਿਖ ਜਾਵਾਂ।

ੲ. ਰੁੱਖ ਤਾਂ ਮੇਰੀ ਮਾਂ ਵਰਗੇ ਨੇ,
ਜਿਊਂਣ ਰੁੱਖਾਂ ਦੀਆਂ________।

**3. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :-**

1. ਪੁੱਤ
2. ਨੂੰਹਾਂ
3. ਦਾਦੀ
4. ਮਾਂ
5. ਕਾਂ

**4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :-**

ਰੁੱਖ
ਚੂਰੀ
ਤੇਜ਼
ਜੂਨ
ਛਾਂਵਾਂ

**5. ਹੇਠਾਂ ਦਿੱਤੀ ਉਦਾਹਰਨ ਨੂੰ ਵੇਖ ਕੇ ਇੱਕੋ - ਜਿਹੀ ਲੈਅ ਵਾਲ਼ੇ ਹੋਰ ਸ਼ਬਦ ਲਿਖੋ :-**

| | | | | | |
|---|---|---|---|---|---|
| ਟਾਂਵਾਂ | : | ਕਾਂਵਾਂ | ਮਾਂ | : | ਛਾਂ |
| ਬਾਬੇ | : | ________ | ਦਾਦੀ | : | ________ |
| ਯਾਰਾਂ | : | ________ | ਗਾਵਾਂ | : | ________ |
| ਬੋਲੀ | : | ________ | ਰੁੱਖ | : | ________ |

**6. ਹੇਠ ਲਿਖੀਆਂ ਸਤਰਾਂ ਵਿੱਚੋਂ ਕਿਰਿਆ- ਸ਼ਬਦ ਚੁਣੋ :-**

ੳ. ਜੇ ਤੁਸੀਂ ਮੇਰਾ ਗੀਤ ਹੈ ਸੁਣਨਾ
ਅ. ਤੇਜ਼ ਵਗਣ ਜਦ 'ਵਾਵਾਂ
ੲ. ਚੁੰਮਾਂ ਤੇ ਮਰ ਜਾਵਾਂ
ਸ. ਕੁਝ ਰੁੱਖ ਜਦ ਵੀ ਰਲ਼ ਕੇ ਝੂੰਮਣ
ਹ. ਰੁੱਖ ਦੀ ਜੂਨੇ ਆਵਾਂ

* * *

ਪਾਠ - 18

# ਜਦੋਂ ਦੰਦ ਬੋਲ ਪਿਆ

ਇੱਕ ਦਿਨ ਸਵੇਰੇ ਉੱਠੇ ਤਾਂ ਸਾਰਿਆਂ ਨੇ ਦੇਖਿਆ ਕਿ ਜੀਵ ਦੰਦ ਫੜੀ ਬੈਠਾ ਸੀ। ਮੇਜਰ ਮਾਸੜ ਜੀ ਨੇ ਹੱਸ ਕੇ ਪੁੱਛਿਆ, "ਕਿਉਂ ਬਈ, ਹਰਸ਼ ਮਾਸੀ ਜੀ ਦੀ ਦਵਾਈ ਨੇ ਅਸਰ ਨਹੀਂ ਕੀਤਾ ?" ਹਰਸ਼ ਮਾਸੀ ਇਕਦਮ ਬੋਲੀ, "ਦਵਾਈ ਇਕੱਲੀ ਕੀ ਕਰੇ ? ਇਸ ਨੂੰ ਕਿਹਾ ਸੀ ਕਿ ਸੌਣ ਤੋਂ ਪਹਿਲਾਂ ਦੰਦਾਂ 'ਤੇ ਬੁਰਸ਼ ਜ਼ਰੂਰ ਕਰੀਂ। ਇਸ ਨੇ ਕੀਤਾ ਈ ਨਹੀਂ ਤੇ ਦੰਦਾਂ ਵਿੱਚ ਖਾਣਾ ਫਸਿਆ ਰਹਿ ਗਿਆ। ਕੀਟਾਣੂਆਂ ਨੇ ਹਮਲਾ ਬੋਲ ਦਿੱਤਾ। ਮੇਰਾ ਨਾਂ ਐਵੇਂ ਬਦਨਾਮ ਕਰੀ ਜਾਂਦੈ।"

ਏਨੇ ਨੂੰ ਹਿੱਤੀ ਆ ਪਹੁੰਚਿਆ, "ਮਾਸੀ ਜੀ, ਮੈਨੂੰ ਮੰਮੀ ਨੇ ਦੱਸਿਆ ਸੀ ਕਿ ਨਾਨਾ ਜੀ ਦੇ ਹਾਲੇ ਨੱਬੇ ਸਾਲ ਦੀ ਉਮਰ ਤੱਕ ਇੱਕ ਵੀ ਦੰਦ ਨਹੀਂ ਟੁੱਟਿਆ। ਜੀਵ ਦੇ ਹੁਣੇ ਤੋਂ ਹੀ ਟੁੱਟਣ ਲੱਗੇ ਨੇ। ਇਹ ਕੀ ਗੱਲ ਹੋਈ ?"

ਮਾਸੀ ਕਹਿਣ ਲੱਗੀ, "ਕਾਕਾ, ਤੁਹਾਡੇ ਨਾਨਾ ਜੀ ਦੇ ਦੰਦਾਂ ਦਾ ਕੀ ਕਹਿਣਾ! ਉਹ ਤਾਂ ਹੁਣ ਵੀ ਗੰਨੇ ਚੂਪ ਲੈਂਦੇ ਨੇ ਤੇ ਦੰਦਾਂ ਨਾਲ਼ ਅਖਰੋਟ ਤੋੜ ਲੈਂਦੇ ਨੇ। ਤੁਹਾਨੂੰ ਪਤਾ ਏ, ਉਹਨਾਂ ਦੇ ਦੰਦਾਂ ਵਿੱਚ ਕੀ ਜਾਦੂ ਲੁਕਿਆ ਏ ? ਸੰਤੁਲਿਤ ਖ਼ੁਰਾਕ, ਤਾਜ਼ੇ ਫਲ਼ ਤੇ ਹਰੀਆਂ, ਕੱਚੀਆਂ ਸਬਜ਼ੀਆਂ ਖਾਣੀਆਂ, ਹਰ ਖਾਣੇ ਤੋਂ ਬਾਅਦ ਚੰਗੀ ਤਰ੍ਹਾਂ ਕੁਰਲੀ ਕਰਨੀ, ਸਵੇਰੇ ਰੋਜ਼ ਨਿੰਮ ਦੀ ਦਾਤਣ ਕਰਨੀ ਤੇ ਹਰ ਰੋਜ਼ ਸਵੇਰੇ, ਦੁਪਹਿਰੇ ਤੇ ਰਾਤ ਰੋਟੀ ਖਾਣ ਤੋਂ ਬਾਅਦ, ਚੰਗੀ ਤਰ੍ਹਾਂ ਬੁਰਸ਼ ਕਰਨ ਦਾ ਈ ਕਮਾਲ ਐ, ਇਹ। ਮਸੂੜਿਆਂ ਦੀ ਮਾਲ਼ਸ਼ ਵੀ ਤਾਂ ਚੰਗੀ ਤਰ੍ਹਾਂ ਦਬਾ ਕੇ ਰੋਜ਼ ਦੋ ਵਾਰ ਕਰਦੇ ਨੇ।"

ਨਾਨੂ ਆਪਣਾ ਛੋਟਾ ਜਿਹਾ ਬੁਰਸ਼ ਚੁੱਕ ਕੇ ਲੈ ਆਇਆ ਤੇ ਕਹਿਣ ਲੱਗਾ, "ਮੈਂ ਵੀ ਰੋਜ਼ ਦੋ ਵਾਰ ਬੁਰਸ਼ ਕਰਦਾਂ। ਮੇਰੇ ਦੰਦ ਵੀ ਨਾਨਾ ਜੀ ਵਾਂਗ ਚਮਕਦੇ ਨੇ।" ਹੈਰੀ ਬੋਲਿਆ, "ਵੇਖੋ ਤਾਂ ਸਹੀ, ਤਿੰਨ ਫ਼ੁੱਟ ਦਾ ਅਜੇ ਹੋਇਆ ਨਹੀਂ ਤੇ ਬਰਾਬਰੀ ਕਰਨ ਲੱਗੈ, ਨਾਨਾ ਜੀ ਦੀ, ਪਿੱਦਾ ਜਿਹਾ।"

ਹਰਸ਼ ਮਾਸੀ ਨੇ ਦੱਸਿਆ, "ਤੁਸੀਂ ਸਾਰੇ ਬੁਰਸ਼ ਵੀ ਠੀਕ ਤਰ੍ਹਾਂ ਨਹੀਂ ਕਰ ਰਹੇ। ਆਓ, ਮੈਂ ਤੁਹਾਨੂੰ ਸਭ ਨੂੰ ਅੱਜ ਬੁਰਸ਼ ਕਰਨਾ ਸਿਖਾਵਾਂ।"

ਹੈਰੀ ਨੇ ਪੁੱਛਿਆ, "ਐਨੇ ਸਾਲਾਂ ਤੋਂ ਬੁਰਸ਼ ਕਰ ਰਹੇ ਆਂ, ਹੁਣ ਤੁਸੀਂ ਬੁਰਸ਼ ਕਰਨ ਦਾ ਕਿਹੜਾ ਨਵਾਂ ਤਰੀਕਾ ਦੱਸਣ ਲੱਗੇ ਓ ? ਕੋਈ ਨਵੀਂ ਕਿਸਮ ਦਾ ਬੁਰਸ਼ ਬਣ ਗਿਐ, ਕੀ ?"

ਮਾਸੀ ਕਹਿਣ ਲੱਗੀ, "ਬਈ ਹੈਰੀ, ਕੋਈ ਨਵਾਂ ਬੁਰਸ਼ ਨਹੀਂ, ਸਿਰਫ਼ ਬੁਰਸ਼ ਨੂੰ ਸਹੀ ਤਰੀਕੇ ਨਾਲ਼ ਵਰਤਣਾ ਹੀ ਸਿਖਾਉਣ ਲੱਗੀ ਆਂ। ਤੁਸੀਂ ਰੋਜ਼ 10 ਸਕਿੰਟਾਂ ਵਿੱਚ ਬੁਰਸ਼ ਨੂੰ ਦੰਦਾਂ ਉੱਤੇ ਏਧਰ-ਓਧਰ ਰਗੜ ਕੇ ਕੁਰਲੀ ਕਰ ਲੈਂਦੇ ਓ ਪਰ ਇਸ ਤਰ੍ਹਾਂ ਮਸੂੜੇ ਵੀ ਰਗੜੇ ਜਾਂਦੇ ਨੇ ਤੇ ਹੌਲ਼ੀ-ਹੌਲ਼ੀ ਦੰਦਾਂ ਦੀ ਜੜ੍ਹ ਵੀ ਨੰਗੀ ਹੋਣੀ ਸ਼ੁਰੂ ਹੋ ਜਾਂਦੀ ਐ ਤੇ ਫੇਰ ਦੰਦ ਕਮਜ਼ੋਰ ਪੈ ਸਕਦੇ ਨੇ।"

ਮਾਸੀ ਨੇ ਅੱਗੇ ਗੱਲ ਤੋਰੀ, "ਉੱਪਰਲੇ ਦੰਦਾਂ ਨੂੰ ਉੱਪਰੋਂ ਹੇਠਾਂ ਵੱਲ ਤੇ ਹੇਠਲੇ ਦੰਦਾਂ ਨੂੰ ਹੇਠੋਂ ਉੱਪਰ ਵੱਲ ਬੁਰਸ਼ ਕਰੀਏ। ਏਸੇ ਹੀ ਤਰ੍ਹਾਂ ਦੰਦਾਂ ਦੇ ਅੰਦਰਲੇ ਪਾਸੇ ਵੀ ਕਰਨਾ ਹੁੰਦੈ ਤਾਂਕਿ ਦੰਦਾਂ ਵਿਚਕਾਰ ਫਸਿਆ ਖਾਣਾ ਬਾਹਰ ਨਿਕਲ਼ ਜਾਏ। ਛੋਟੇ ਬੱਚੇ ਦੇ ਪਹਿਲੀ ਦੰਦੀ ਨਿਕਲ਼ਦੇ ਸਾਰ ਮਲਮਲ ਦੇ ਕੱਪੜੇ ਨਾਲ਼ ਰੋਜ਼ ਸਾਫ਼ ਕਰਨੀ ਸ਼ੁਰੂ ਕਰ ਦੇਣੀ ਚਾਹੀਦੀ ਐ ਤੇ ਸਾਲ-ਸਵਾ ਸਾਲ ਦੀ ਉਮਰ 'ਤੇ ਨਰਮ ਜਿਹਾ ਬੁਰਸ਼ ਕਰਨਾ ਸ਼ੁਰੂ ਕਰ ਦੇਣਾ ਚਾਹੀਦੈ ਪਰ ਬਿਨਾਂ ਪੇਸਟ ਦੇ।"



ਮਾਸੀ ਨੇ ਨਾਨੂ ਨੂੰ ਚੁੱਕ ਕੇ ਗੋਦੀ ਵਿੱਚ ਲਿਆ ਤੇ ਕਹਿਣ ਲੱਗੀ, "ਬੇਟੇ, ਕਿਸੇ ਹੋਰ ਦਾ ਬੁਰਸ਼ ਤਾਂ ਬਿਲਕੁਲ ਈ ਨਹੀਂ ਵਰਤਣਾ ਕਿਉਂਕਿ ਜਿਹੜੇ ਕੀਟਾਣੂ ਦੰਦਾਂ ਵਿੱਚ ਮੋਰੀਆਂ ਕਰਦੇ ਨੇ, ਉਹ ਇੱਕ ਤੋਂ ਦੂਜੇ ਦੇ ਮੂੰਹ ਵਿੱਚ ਚਲੇ ਜਾਂਦੇ ਨੇ ਤੇ ਦੂਜੇ ਦੇ ਦੰਦਾਂ ਵਿੱਚ ਵੀ ਮੋਰੀ ਕਰ ਸਕਦੇ ਨੇ। ਤੈਨੂੰ ਪਤੈ ਨਾ! ਜੀਵ ਦੇ ਮੂੰਹ ਵਿੱਚ ਕੀੜਾ ਐ ਤੇ ਉਹ ਤੇਰੇ ਮੂੰਹ ਵਿੱਚ ਵੀ ਚਲਾ ਜਾਏਗਾ। ਇਸ ਲਈ ਉਹਦਾ ਬੁਰਸ਼ ਨਹੀਂ ਲੈਣਾ।" ਸੁੱਖੀ ਇਕਦਮ ਬੋਲੀ, "ਮਾਸੀ, ਤੁਸੀਂ ਐਵੇਂ-ਐਵੇਂ ਹੀ ਕਹਿ ਰਹੇ ਓ, ਨਾ! ਕੀੜਾ ਤਾਂ ਦੂਜੇ ਦੇ ਮੂੰਹ ਵਿੱਚ ਨਹੀਂ ਜਾਂਦਾ।" ਏਨੇ ਨੂੰ ਮਾਸੜ ਜੀ ਕਮਰੇ ਵਿੱਚ ਆਏ ਤੇ ਕਹਿਣ ਲੱਗੇ, "ਤੁਹਾਡੀ ਮਾਸੀ ਸੱਚ ਕਹਿ ਰਹੀ ਐ—'ਸਟਰੈਪਟੋਕੌਕਸ ਮਯੂਟੈਨਸ' ਨਾਂ ਦਾ ਕੀਟਾਣੂ ਮਾਪਿਆਂ ਤੋਂ ਜਾਂ ਘਰ ਦੇ ਹੋਰ ਜੀਆਂ ਦੇ ਮੂੰਹ ਵਿੱਚੋਂ ਛੋਟੇ ਬੱਚੇ ਦੇ ਮੂੰਹ ਵਿੱਚ ਜਾ ਸਕਦੈ। ਏਸੇ ਹੀ ਤਰ੍ਹਾਂ ਇੱਕ-ਦੂਜੇ ਦਾ ਬੁਰਸ਼ ਵਰਤਣ 'ਤੇ ਵੀ ਕੀੜਾ ਲੱਗਣ ਦਾ ਖ਼ਤਰਾ ਹੋ ਸਕਦੈ ਜਾਂ ਮਸੂੜੇ ਵਿੱਚ ਪਈ ਪੀਕ ਦੂਜੇ ਦੇ ਮੂੰਹ ਵਿੱਚ ਜਾ ਸਕਦੀ ਐ। ਤੁਹਾਡੇ ਦੰਦਾਂ ਵਿੱਚ ਖਾਣ ਦੀ ਰਹਿੰਦ-ਖੂੰਹਦ ਉੱਤੇ ਇਹ ਕੀੜੇ ਹਮਲਾ ਬੋਲ ਦੇਂਦੇ ਨੇ ਤੇ ਫੇਰ ਜਿਹੜੇ ਰਸ ਪੈਦਾ ਹੁੰਦੇ ਨੇ, ਉਹ ਤੁਹਾਡੇ ਦੰਦਾਂ ਦੀ ਇਨੈਮਲ ਨੂੰ ਖੋਰ ਕੇ ਰੱਖ ਦਿੰਦੇ ਨੇ ਜਿਸ ਨਾਲ਼

ਦੰਦਾਂ ਵਿੱਚ ਮੋਰੀ ਹੋ ਜਾਂਦੀ ਐ। ਸਿਰਫ਼ ਏਨਾ ਕੁ ਦੱਸਣ ਲਈ ਤੁਹਾਡੀ ਮਾਸੀ ਨੇ ਤੁਹਾਨੂੰ ਬੰਨ੍ਹੀ ਰੱਖਿਐ ?" ਏਨਾ ਕਹਿੰਦੇ ਹੋਏ ਮਾਸੜ ਜੀ ਆਪਣੀ ਅਖ਼ਬਾਰ ਚੁੱਕ ਕੇ ਕਮਰੇ ਵਿੱਚੋਂ ਬਾਹਰ ਨਿਕਲ਼ ਗਏ।

ਮਾਸੀ ਆਪਣੀ ਗੱਲ ਜਾਰੀ ਰੱਖਦਿਆਂ ਬੋਲੀ, "ਇਹ ਨਾਮੁਰਾਦ ਕੀਟਾਣੂ ਪਹਿਲੀ ਦੰਦੀ ਦੇ ਨਾਲ਼ ਹੀ ਮਸੂੜਿਆਂ ਤੋਂ ਦੰਦ ਉੱਪਰ ਆ ਕੇ ਬਹਿ ਜਾਂਦੇ ਨੇ ਤੇ ਜਦੋਂ ਖਾਣਾ ਜਾਂ ਦੁੱਧ ਫਸਿਆ ਮਿਲ਼ਦਾ, ਬੱਸ, ਹਮਲਾ ਬੋਲ ਦਿੰਦੇ ਨੇ ਤੇ ਦੰਦ ਨੂੰ ਗਾਲ਼ ਕੇ ਪਲਪ ਤੱਕ ਪਹੁੰਚ ਜਾਂਦੇ ਨੇ ਜਿਸ ਨਾਲ਼ ਸੋਜ਼ਸ਼ ਤੇ ਪੀੜਾ ਹੋਣੀ ਸ਼ੁਰੂ ਹੋ ਜਾਂਦੀ ਐ। ਜੇ ਹਰ ਖਾਣੇ ਤੋਂ ਬਾਅਦ ਚੰਗੀ ਤਰ੍ਹਾਂ ਚੂਲ਼ੀ ਜਾਂ ਬੁਰਸ਼ ਕਰ ਲਿਆ ਜਾਏ ਤਾਂ ਇਹ ਕੀਟਾਣੂ ਕੁਝ ਨਹੀਂ ਕਰ ਸਕਦੇ। ਮਿੱਠੀਆਂ ਚੀਜ਼ਾਂ ਖਾਣ ਨਾਲ਼ ਜਾਂ ਬਹੁਤੀ ਦੇਰ ਮਿੱਠੀਆਂ ਦਵਾਈਆਂ ਪੀਣ ਨਾਲ਼ ਵੀ ਦੰਦਾਂ ਵਿੱਚ ਮੋਰੀਆਂ ਹੋ ਜਾਂਦੀਆਂ ਨੇ। ਰਾਤ ਨੂੰ ਸੌਣ ਲੱਗਿਆਂ ਕਈ ਮਾਂਵਾਂ ਬੋਤਲ ਦਾ ਦੁੱਧ ਬੱਚੇ ਦੇ ਮੂੰਹ ਵਿੱਚ ਤੁੰਨੀ ਰੱਖਦੀਆਂ ਨੇ। ਉਸ ਨਾਲ਼ ਤਾਂ ਦੰਦਾਂ ਦਾ ਭਾਰਾ ਨੁਕਸਾਨ ਹੋ ਜਾਂਦੈ।"

ਜੀਵ ਇਕਦਮ ਘਬਰਾਇਆ ਹੋਇਆ ਬੋਲਿਆ, "ਮਾਸੀ, ਕੀ ਹੁਣ ਮੇਰੇ ਦੰਦ ਠੀਕ ਨਹੀਂ ਹੋਣਗੇ ?" ਹਿੱਤੀ ਬੋਲਿਆ, "ਅੱਜ ਸਵੇਰੇ ਮੈਂ ਮਾਸੀ ਜੀ ਦੀ ਇੱਕ ਕਿਤਾਬ ਪੜ੍ਹੀ ਸੀ। ਮਾਸੀ ਜੀ ਨੇ ਲਿਖਿਐ, ਹਜ਼ਾਰਾਂ ਸਾਲ ਮਰਨ ਤੋਂ ਬਾਅਦ ਵੀ ਦੰਦ ਮਿੱਟੀ ਵਿੱਚ ਦੱਬਿਆ ਹੋਇਆ ਸਾਬਤ ਲੱਭ ਜਾਂਦੈ ਜਦਕਿ ਮੂੰਹ ਵਿੱਚ ਖਾਣੇ ਦੇ ਫਸੇ ਹੋਣ ਕਰਕੇ ਕੀਟਾਣੂ ਹਮਲਾ ਬੋਲ ਦਿੰਦੇ ਨੇ ਤੇ ਦੰਦ ਨੂੰ ਖੋਰ ਕੇ ਰੱਖ ਦਿੰਦੇ ਨੇ।" ਅਵੀ ਕਹਿਣ ਲੱਗਾ, "ਕੀਟਾਣੂ ਯਾਨੀ ਸਟਰੈਪਟੋਫੌਕਸ।" "ਜਾ ਪਰ੍ਹਾਂ," ਹੈਰੀ ਨੇ ਕਿਹਾ, "ਸਟਰੈਪਟੋਕੌਕਸ ਹੈ, 'ਫ਼ੌਕਸ' ਨਹੀਂ।"

ਜੀਵ ਨੇ ਫੇਰ ਟੋਕਿਆ, "ਮਾਸੀ, ਮੇਰੇ ਦੰਦ ਦਾ ਕੀ ਬਣੇਗਾ ?" ਮਾਸੀ ਨੇ ਕਿਹਾ, "ਆਪਣੇ ਦੰਦ ਦੀ ਮੋਰੀ ਹੁਣ ਗੁਰਪਾਲ ਮਾਸੜ ਜੀ ਨਾਲ਼ ਜਾ ਕੇ ਹਸਪਤਾਲੋਂ ਭਰਵਾ ਲਵੀਂ, ਪਰ ਮੈਨੂੰ ਹੁਣ ਇਹ ਕੌਣ ਦੱਸੇਗਾ ਕਿ ਦੰਦਾਂ ਵਿੱਚ ਮੋਰੀਆਂ ਬਣਨ ਤੋਂ ਕਿਵੇਂ ਰੋਕਣੀਆਂ ਨੇ ?" ਹਿੱਤੀ ਕਹਿਣ ਲੱਗਾ, "ਏਨਾ ਸੌਖਾ ਸਵਾਲ ? ਮੈਂ ਹੁਣੇ ਦੱਸ ਦਿੰਦਾਂ। ਹਰ ਖਾਣੇ ਤੋਂ ਬਾਅਦ ਕੁਰਲੀ ਕਰੋ ਜਾਂ ਬੁਰਸ਼ ਕਰੋ ਤੇ ਟਾਫ਼ੀਆਂ-ਚਾਕਲੇਟਾਂ ਨਹੀਂ ਖਾਣੀਆਂ ਚਾਹੀਦੀਆਂ।"

"ਵਾਰ-ਵਾਰ ਕੁਝ ਨਾ ਕੁਝ ਮੂੰਹ ਵਿੱਚ ਪਾਈ ਜਾਣਾ ਵੀ ਠੀਕ ਨਹੀਂ ਹੁੰਦਾ। ਤਿੰਨ ਵੇਲ਼ੇ ਪੂਰੀ ਰੋਟੀ ਰੱਜ ਕੇ ਖਾਓ। ਦੰਦ ਵੀ ਠੀਕ ਤੇ ਢਿੱਡ ਵੀ ਠੀਕ। ਚੂਸਣ ਵਾਲ਼ੀਆਂ ਟਾਫ਼ੀਆਂ ਜ਼ਿਆਦਾ ਨੁਕਸਾਨ ਕਰਦੀਆਂ ਨੇ ਕਿਉਂਕਿ ਮਿੱਠਾ ਦੰਦਾਂ ਨਾਲ਼ ਜ਼ਿਆਦਾ ਦੇਰ ਚਿਪਕਿਆ ਰਹਿ ਜਾਂਦੈ। ਫ਼ਲੋਰਾਈਡ ਵਾਲ਼ੀ ਟੂਥ-ਪੇਸਟ ਕਰਨ ਨਾਲ਼ ਦੰਦਾਂ ਦੀਆਂ ਮੋਰੀਆਂ ਤੋਂ ਬਚਾਅ ਹੋ ਜਾਂਦੈ," ਮਾਸੀ ਨੇ ਦੱਸਿਆ।

ਅਵੀ ਬੋਲਿਆ, "ਚਲੋ ਬਈ, ਸਾਰੇ ਦਬਾਦਬ ਫ਼ਲੋਰਾਈਡ ਦੇ ਫੱਕੇ ਮਾਰ ਲਵੋ ਜਾਂ ਫ਼ਲੋਰਾਈਡ ਵਾਲ਼ੀਆਂ ਪੇਸਟਾਂ ਚੱਬ ਲਵੋ, ਆਪੇ ਸਭ ਦੇ ਦੰਦ ਠੀਕ-ਠਾਕ ਰਹਿਣਗੇ।"

ਹਰਸ਼ ਮਾਸੀ ਬੋਲੀ, "ਮੈਨੂੰ ਪਤਾ ਸੀ, ਤੁਸੀਂ ਇਹੀ ਸੋਚੋਗੇ। ਫ਼ਲੋਰਾਈਡ ਕੋਈ ਬਰਫ਼ੀ ਨਹੀਂ ਐ। ਇਕਦਮ ਜ਼ਿਆਦਾ ਫ਼ਲੋਰਾਈਡ ਖਾਣ ਨਾਲ਼ ਉਲਟੀਆਂ, ਜ਼ਿਆਦਾ ਥੁੱਕ ਆਉਣੀ, ਦੌਰੇ ਪੈਣੇ, ਸਾਹ ਦਾ ਉੱਖੜਨਾ ਜਾਂ ਦਿਲ ਵੀ ਫ਼ੇਲ੍ਹ ਹੋ ਸਕਦੈ। ਦੰਦਾਂ ਵਿੱਚ ਚਿੱਟੇ ਤੇ ਭੂਰੇ ਚਟਾਕ ਵੀ ਪੈ ਸਕਦੇ ਨੇ। ਇਸ ਲਈ ਛੇ ਸਾਲ ਤੋਂ ਛੋਟੇ ਬੱਚੇ ਨੂੰ ਫ਼ਲੋਰਾਈਡ ਵਾਲ਼ਾ ਟੂਥ-ਪੇਸਟ ਨਹੀਂ ਵਰਤਣ ਦੇਈਦਾ ਕਿਉਂਕਿ ਛੋਟੇ ਬੱਚੇ ਪੇਸਟ ਕਰਨ ਲੱਗਿਆਂ ਉਸ ਨੂੰ ਅੰਦਰ ਲੰਘਾ ਲੈਂਦੇ ਨੇ। ਬੁਰਸ਼ ਕਰਨ ਤੋਂ ਬਾਅਦ ਟੂਥ-ਪੇਸਟ ਅੰਦਰ ਨਹੀਂ ਲੰਘਾਈਦੀ। ਚੰਗੀ ਤਰ੍ਹਾਂ ਚੂਲ਼ੀ ਕਰਕੇ

ਏਨੇ ਨੂੰ ਮੇਜਰ ਮਾਸੜ ਜੀ ਤੇ ਰੂਪ ਮਾਸੀ ਸੈਰ ਤੋਂ ਵਾਪਸ ਆ ਗਏ ਤੇ ਰੂਪ ਮਾਸੀ ਕਹਿਣ ਲੱਗੀ, "ਓ ਹਰਸ਼ ! ਬਈ, ਤੂੰ ਕਿਹੜਾ ਸ਼ਹਿਦ ਰੱਖਿਐ ਕੋਲ਼ ? ਸਾਰੇ ਮੱਖੀਆਂ ਵਾਂਗ ਚਿਪਕੇ ਬੈਠੇ ਨੇ। ਵੇਖੀਂ, ਤੇਰੇ ਪਿੱਛੇ ਨਾਨੂ ਤਾਂ ਲੱਗਦੈ ਸੁੱਤਾ ਈ ਪਿਐ।"

ਹਰਸ਼ ਮਾਸੀ ਨੇ ਨਾਨੂ ਨੂੰ ਚੁੱਕਿਆ ਤਾਂ ਉਹ ਤ੍ਰਭਕ ਕੇ ਉੱਠ ਗਿਆ। ਮਾਸੀ ਨੇ ਥਾਪੜ ਕੇ ਉਸ ਨੂੰ ਸੁਆਂ ਦਿੱਤਾ ਕਿਉਂਕਿ ਉਹ ਰਾਤ ਨੂੰ ਕਈ ਵਾਰ ਜਾਗਿਆ ਸੀ ਤੇ ਬਾਕੀ ਸਭ ਨੂੰ ਨ੍ਹਾਉਣ ਲਈ ਭੇਜ ਦਿੱਤਾ।

## ਪਾਠ - ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ :

(ੳ) ਸੌਂਣ ਲੱਗਿਆਂ ਸਰੀਰ ਦੇ ਕਿਸ ਅੰਗ ਦੀ ਸਫ਼ਾਈ ਜ਼ਰੂਰੀ ਹੈ ?

(ਕ) ਸਰੀਰ ਦੀ (ਖ) ਅੱਖਾਂ ਦੀ (ਗ) ਦੰਦਾਂ ਦੀ

(ਅ) ਮਾਸੀ ਦੇ ਕਹਿਣ ਅਨੁਸਾਰ ਕੌਣ ਦੰਦਾਂ ਨਾਲ਼ ਅਖਰੋਟ ਭੰਨ ਲੈਂਦਾ ਸੀ ?

(ਕ) ਦਾਦਾ ਜੀ (ਖ) ਨਾਨਾ ਜੀ (ਗ) ਪਾਪਾ ਜੀ

(ੲ) ਮਾਸੜ ਜੀ ਦਾ ਕੀ ਨਾਂ ਸੀ ?

(ਕ) ਹਰਪਾਲ (ਖ) ਵੀਰਪਾਲ (ਗ) ਗੁਰਪਾਲ

(ਸ) ਦੰਦਾਂ ਬਾਰੇ ਜਾਣਕਾਰੀ ਕੌਣ ਦੇ ਰਹੀ ਸੀ ?

(ਕ) ਚਾਚੀ ਜੀ (ਖ) ਤਾਈ ਜੀ (ਗ) ਮਾਸੀ ਜੀ

(ਹ) ਕਿਹੜੀ ਚੀਜ਼ ਦੰਦਾਂ ਨੂੰ ਨੁਕਸਾਨ ਕਰਦੀ ਹੈ ?

(ਕ) ਫਲ਼ (ਖ) ਦੁੱਧ (ਗ) ਚੂਸਣ ਵਾਲੀਆਂ ਟਾਫ਼ੀਆਂ ਤੇ ਚਾਕਲੇਟ

### 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

1. ਜੀਵ ਸਵੇਰੇ-ਸਵੇਰੇ ਕੀ ਫੜ ਕੇ ਬੈਠਾ ਸੀ ?
2. ਖਾਣਾ ਖਾਣ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ ?
3. ਦੰਦਾਂ 'ਤੇ ਬੁਰਸ਼ ਕਿਵੇਂ ਕਰਨਾ ਚਾਹੀਦਾ ਹੈ ?
4. ਛੋਟੀ ਉਮਰ ਵਿੱਚ ਕਿਹੋ-ਜਿਹਾ ਬੁਰਸ਼ ਵਰਤਣਾ ਚਾਹੀਦਾ ਹੈ ?

### 3. ਪ੍ਰਸ਼ਨ :

(ੳ) ਸੰਤੁਲਿਤ ਖ਼ੁਰਾਕ ਕੀ ਹੁੰਦੀ ਹੈ ?

(ਅ) ਦੰਦਾਂ ਦੀ ਸਫ਼ਾਈ ਕਿਵੇਂ ਕੀਤੀ ਜਾਂਦੀ ਹੈ ?

(ੲ) ਦੰਦਾਂ ਵਿੱਚ ਕਿਹੜਾ ਕੀਟਾਣੂ ਵੱਡਿਆਂ ਤੋਂ ਬੱਚਿਆਂ ਦੇ ਮੂੰਹ ਵਿੱਚ ਚਲਾ ਜਾਂਦਾ ਹੈ ?

(ਸ) ਜੀਵ ਨੂੰ ਆਪਣੇ ਦੰਦਾਂ ਦੀ ਫ਼ਿਕਰ ਕਿਉਂ ਹੋ ਗਈ ਸੀ ?

(ਹ) ਬੱਚਿਆਂ ਨੂੰ ਕਿਹੜਾ ਟੁਥ-ਪੇਸਟ ਨਹੀਂ ਵਰਤਣਾ ਚਾਹੀਦਾ ?

**4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | ਵਾਕ |
|---|---|
| ਬਦਨਾਮ | ਕਿਸੇ ਦਾ ਨਾਂ ਐਵੇਂ ਬਦਨਾਮ ਨਾ ਕਰੋ। |
| ਤਰੀਕਾ | ____________ |
| ਕਮਜ਼ੋਰ | ____________ |
| ਕੀਟਾਣੂ | ____________ |
| ਚਿਪਕਣਾ | ____________ |
| ਨਾਮੁਰਾਦ | ____________ |

**5. ਲਿੰਗ ਬਦਲੋ :**

| ਸ਼ਬਦ | ਲਿੰਗ |
|---|---|
| ਨਾਨਾ | ਨਾਨੀ |
| ਦਾਦਾ | ____________ |
| ਮਾਸੀ | ____________ |
| ਭਰਾ | ____________ |
| ਮੰਮੀ | ____________ |
| ਭੈਣ | ____________ |

**6. ਹੇਠਾਂ ਲਿਖੇ ਸ਼ਬਦਾਂ ਦੇ ਹਿੰਦੀ/ਅੰਗਰੇਜ਼ੀ ਸ਼ਬਦ ਲਿਖੋ।**

| ਸ਼ਬਦ | ਹਿੰਦੀ | ਅੰਗਰੇਜ਼ੀ |
|---|---|---|
| ਪਿਤਾ | पिता | Father |
| ਮਾਤਾ | __________ | __________ |
| ਦੰਦ | __________ | __________ |
| ਸਬਜ਼ੀਆਂ | __________ | __________ |
| ਟੂਥ-ਪੇਸਟ | __________ | __________ |
| ਸੋਜ਼ਸ਼ | __________ | __________ |

## 7. ਵਚਨ ਬਦਲੋ :

| ਸ਼ਬਦ | ਲਿੰਗ |
|---|---|
| ਮਾਂ | ਮਾਂਵਾਂ |
| ਕੀਟਾਣੂ | __________ |
| ਟਾਫ਼ੀ | __________ |
| ਉਲਟੀ | __________ |
| ਕੀੜਾ | __________ |
| ਕੱਪੜਾ | __________ |

## 8. ਖ਼ਾਲੀ ਥਾਂਵਾਂ ਭਰੋ :

(ਟੂਥ-ਪੇਸਟ, ਕੀਟਾਣੂ, ਟਾਫ਼ੀਆਂ, ਅਸਰ, ਮਸੂੜਿਆਂ, ਹਸਪਤਾਲ)

1. ਹਰਸ਼ ਮਾਸੀ ਦੀ ਦਵਾਈ ਨੇ ਕੋਈ ________ ਨਹੀਂ ਕੀਤਾ।
2. ________ ਦੀ ਮਾਲਸ਼ ਕਰੋ।
3. ਦੰਦਾਂ ਵਿੱਚ________ਜਮ੍ਹਾ ਹੋ ਜਾਂਦੇ ਹਨ।
4. ________ ਤੋਂ ਦੰਦਾਂ ਦੀ ਭਰਵਾਈ ਕਰਵਾਉਣੀ ਚਾਹੀਦੀ ਹੈ।
5. ਫ਼ਲੋਰਾਈਡ ਵਾਲ਼ੀ ________ ਨਾਲ਼ ਦੰਦਾਂ ਦੀਆਂ ਮੋਰੀਆਂ ਤੋਂ ਬਚਾਅ ਹੋ ਜਾਂਦਾ ਹੈ।
6. ___________ਨਹੀਂ ਖਾਣੀਆਂ ਚਾਹੀਦੀਆਂ।

## 9. ਅਧਿਆਪਕ ਲਈ :

ਅਧਿਆਪਕ ਵਿਦਿਆਰਥੀਆਂ ਨੂੰ ਦੰਦਾਂ ਤੋਂ ਇਲਾਵਾ ਸਰੀਰ ਦੇ ਹੋਰ ਅੰਗਾਂ ਦੀ ਸਫ਼ਾਈ ਬਾਰੇ ਜਾਣਕਾਰੀ ਦੇਵੇਗਾ।

* * *

ਪਾਠ - 19

# ਸ਼ਹੀਦ ਬਾਬਾ ਦੀਪ ਸਿੰਘ ਜੀ

ਬਾਬਾ ਦੀਪ ਸਿੰਘ ਦਾ ਜਨਮ ਜ਼ਿਲ੍ਹਾ ਲਾਹੌਰ ਦੇ ਇੱਕ ਪਿੰਡ ਪਹੂਵਿੰਡ ਵਿੱਚ 1682 ਈਸਵੀ ਨੂੰ ਹੋਇਆ। ਇਹਨਾਂ ਦੇ ਪਿਤਾ ਦਾ ਨਾਂ ਭਾਈ ਭਗਤਾ ਤੇ ਮਾਤਾ ਜੀ ਦਾ ਨਾਂ ਜਿਉਣੀ ਸੀ। ਇਹਨਾਂ ਦੇ ਮੁਢਲੇ ਜੀਵਨ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਨਹੀਂ ਮਿਲ਼ਦੀ।



ਜਵਾਨੀ ਦੀ ਉਮਰ ਵਿੱਚ ਇਹ ਪਿਤਾ, ਮਾਤਾ ਤੇ ਪਰਿਵਾਰ ਦੇ ਹੋਰ ਜੀਆਂ ਨਾਲ਼ ਗੁਰੂ ਗੋਬਿੰਦ ਸਿੰਘ ਜੀ ਦੇ ਨਗਰ ਅਨੰਦਪੁਰ ਸਾਹਿਬ ਵਿਖੇ ਚਲੇ ਗਏ। ਇਹਨਾਂ ਦੇ ਪਿਤਾ ਦਾ ਮਨੋਰਥ ਗੁਰੂ-ਘਰ ਦੀ ਸੇਵਾ ਕਰਨਾ ਸੀ। ਇਹਨਾਂ ਗੁਰੂ ਦੀ ਸੇਵਾ ਏਨੀ ਲਗਨ ਨਾਲ਼ ਕੀਤੀ ਕਿ ਗੁਰੂ ਜੀ ਨੇ ਸਾਰੇ ਪਰਿਵਾਰ ਨੂੰ ਸਿੱਖੀ ਦੀ ਦਾਤ ਬਖ਼ਸ਼ੀ। ਕੁਝ ਸਮੇਂ ਪਿੱਛੋਂ ਭਾਈ ਭਗਤ ਸਿੰਘ ਤੇ ਜਿਉਣੀ ਵਾਪਸ ਪਿੰਡ ਆ ਗਏ ਪਰ ਬਾਬਾ ਦੀਪ ਸਿੰਘ ਜੀ ਗੁਰੂ ਜੀ ਪਾਸ ਹੀ ਰਹੇ। ਇਹਨਾਂ ਨੇ ਸਦਾ ਹੀ ਗੁਰੂ ਦੇ ਸੰਗ ਰਹਿਣਾ ਪ੍ਰਵਾਨ ਕੀਤਾ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਛੱਡਿਆ ਅਤੇ ਦੱਖਣ ਵਿੱਚ ਨਾਂਦੇੜ ਵੱਲ ਚਾਲੇ ਪਾਏ ਤਾਂ ਉਹਨਾਂ ਨੇ ਬਾਬਾ ਦੀਪ ਸਿੰਘ ਜੀ ਨੂੰ 'ਦਮਦਮਾ ਸਾਹਿਬ' ਦਾ ਮਹੰਤ ਬਣਾ ਕੇ ਇੱਥੋਂ ਦੀ ਸੇਵਾ ਸੌਂਪ ਦਿੱਤੀ। ਇਹ ਥਾਂ 'ਗੁਰੂ ਕੀ ਕਾਂਸ਼ੀ' ਕਹਾਈ। ਇੱਥੇ ਰਹਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਬੀੜਾਂ ਆਪਣੇ ਹੱਥੀਂ ਲਿਖੀਆਂ।

ਬਾਬਾ ਦੀਪ ਸਿੰਘ ਜੀ ਵਿਹਲਾ ਰਹਿਣਾ ਪਸੰਦ ਨਹੀਂ ਕਰਦੇ ਸਨ। ਇਸ ਲਈ ਉਹ ਬਾਬਾ ਬੰਦਾ ਜੀ ਦੀ ਫ਼ੌਜ ਵਿੱਚ ਸ਼ਾਮਲ ਹੋ ਗਏ। ਉਹਨਾਂ ਦੀ ਕਮਾਨ ਥੱਲੇ ਬਾਬਾ ਦੀਪ ਸਿੰਘ ਜੀ ਨੇ ਕਈ ਬਹਾਦਰੀ ਦੇ ਕਾਰਨਾਮੇ

ਕੀਤੇ ਜਿਨ੍ਹਾਂ ਕਰਕੇ ਉਸ ਦੀ ਮਸ਼ਹੂਰੀ ਹੋ ਗਈ ਅਤੇ ਇਹ ਪ੍ਰਸਿੱਧ ਹੋ ਗਿਆ ਕਿ ਬਾਬਾ ਦੀਪ ਸਿੰਘ ਜੀ ਵੱਡੀ ਤੋਂ ਵੱਡੀ ਔਕੜ ਵਿੱਚ ਵੀ ਦਿਲ ਨਹੀਂ ਹਾਰਦੇ। ਬਾਬਾ ਦੀਪ ਸਿੰਘ ਇੱਕ ਵਿਦਵਾਨ ਮਹੰਤ ਸੀ।

ਇਸ ਤੋਂ ਪਿੱਛੋਂ ਕਾਫ਼ੀ ਸਮੇਂ ਤੱਕ ਦੀ ਬਾਬਾ ਦੀਪ ਸਿੰਘ ਬਾਰੇ ਕੋਈ ਜਾਣਕਾਰੀ ਨਹੀਂ ਮਿਲ਼ਦੀ, ਪਰ ਅਚਾਨਕ ਹੀ 1757 ਈਸਵੀ ਵਿੱਚ ਉਸ ਦਾ ਨਾਂ ਘਰ-ਘਰ ਜਾਣਿਆ ਜਾਣ ਲੱਗਾ।

1757 ਈ. ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਮੁਗਲਾਂ ਨੂੰ ਹਾਰ ਦਿੱਤੀ। ਉਸ ਨੇ ਬਹੁਤ ਸਾਰਾ ਲੁੱਟ ਦਾ ਮਾਲ ਇਕੱਠਾ ਕੀਤਾ ਅਤੇ ਅਣਗਿਣਤ ਬੱਚਿਆਂ, ਔਰਤਾਂ ਤੇ ਮਰਦਾਂ ਨੂੰ ਬੰਦੀ ਬਣਾਇਆ। ਦਿੱਲੀ ਤੇ ਮਥਰਾ ਦੀ ਲੁੱਟ ਪਿੱਛੋਂ ਅਹਿਮਦ ਸ਼ਾਹ ਦੇ ਸਿਪਾਹੀ ਪੰਜਾਬ ਵਿੱਚ ਆਏ ਪਰ ਇੱਥੇ ਸਿੱਖਾਂ ਨੇ ਉਹਨਾਂ ਦਾ ਡਟ ਕੇ ਟਾਕਰਾ ਕੀਤਾ।

ਸਿੱਖ ਸੂਰਬੀਰ ਉਹਨਾਂ ਉੱਤੇ ਟੁੱਟ ਕੇ ਪੈ ਗਏ। ਸਿੱਖਾਂ ਨੇ ਨਾ ਕੇਵਲ ਉਹਨਾਂ ਦਾ ਮਾਲ ਹੀ ਲੁੱਟ ਲਿਆ ਸਗੋਂ ਆਪਣੇ ਬੰਦੀ ਵੀ ਛੁਡਾ ਲਏ। ਅਹਿਮਦ ਸ਼ਾਹ ਗ਼ੁੱਸੇ ਨਾਲ਼ ਭਰ ਗਿਆ। ਅਹਿਮਦ ਸ਼ਾਹ ਨੂੰ ਆਪਣੇ ਦੇਸ ਜਾਣ ਦੀ ਕਾਹਲ਼ੀ ਸੀ ਇਸ ਲਈ ਉਹ ਸਿੱਖਾਂ ਉੱਤੇ ਆਪਣਾ ਗ਼ੁੱਸਾ ਪੂਰੀ ਤਰ੍ਹਾਂ ਨਾ ਕੱਢ ਸਕਿਆ। ਉਸ ਨੇ ਆਪਣੇ ਲੜਕੇ ਤੈਮੂਰ ਨੂੰ ਪੰਜਾਬ ਦਾ ਗਵਰਨਰ ਬਣਾ ਕੇ ਇੱਥੇ ਛੱਡ ਦਿੱਤਾ। ਕਾਬਲ ਪਹੁੰਚ ਕੇ ਉਸ ਨੇ 8,000 ਫ਼ੌਜੀ ਜਹਾਨ ਖ਼ਾਂ ਦੀ ਕਮਾਨ ਹੇਠ ਸਿੱਖਾਂ ਦੀ ਤਾਕਤ ਖ਼ਤਮ ਕਰਨ ਲਈ ਭੇਜੇ। ਜਹਾਨ ਖ਼ਾਂ ਨੂੰ ਕੋਈ ਕਾਮਯਾਬੀ ਹਾਸਲ ਨਾ ਹੋਈ। ਇਸ ਲਈ ਇੱਕ ਹੋਰ ਜਰਨੈਲ ਨੂੰ ਬਹੁਤ ਵੱਡੀ ਫ਼ੌਜ ਦੇ ਕੇ ਭੇਜਿਆ ਗਿਆ।

ਇਹ ਜਰਨੈਲ ਸਿੱਖਾਂ ਦਾ ਜਾਨੀ ਦੁਸ਼ਮਣ ਸੀ। ਇਸ ਨੇ ਪੰਜਾਬ ਪਹੁੰਚਦੇ ਸਾਰ ਹੀ ਸਿੱਖਾਂ ਉੱਤੇ ਕਹਿਰ ਢਾਹੁਣੇ ਸ਼ੁਰੂ ਕਰ ਦਿੱਤੇ। ਇਸ ਨੇ ਬਹੁਤ ਸਾਰੇ ਸਿੱਖਾਂ ਨੂੰ ਕਤਲ ਕੀਤਾ ਅਤੇ ਬਹੁਤ ਸਾਰਿਆਂ ਦੇ ਘਰ-ਘਾਟ ਢਾਹ ਕੇ ਉਹਨਾਂ ਨੂੰ ਪਿੰਡਾਂ ਵਿੱਚੋਂ ਨਠਾ ਦਿੱਤਾ। ਅਣਗਿਣਤ ਸਿੱਖਾਂ ਨੂੰ ਜੰਗਲ਼ ਦਾ ਵਾਸ ਇਖ਼ਤਿਆਰ ਕਰਨਾ ਪਿਆ। ਆਖ਼ਰ ਉਹ ਜ਼ਾਲਮ ਜਰਨੈਲ ਅੰਮ੍ਰਿਤਸਰ ਪਹੁੰਚ ਗਿਆ। ਉਸ ਨੇ ਗੁਰੂ ਰਾਮਦਾਸ ਸਰੋਵਰ ਨੂੰ ਮਿੱਟੀ ਨਾਲ਼ ਪੂਰ ਦਿੱਤਾ ਅਤੇ ਹਰਿਮੰਦਰ ਸਾਹਿਬ ਨੂੰ ਅਪਵਿੱਤਰ ਕਰਨ ਲਈ ਉਸ ਨੇ ਕਈ ਕੋਝੀਆਂ ਕਰਤੂਤਾਂ ਕੀਤੀਆਂ।

ਇਸ ਸਮੇਂ ਬਾਬਾ ਦੀਪ ਸਿੰਘ ਜੀ ਮਾਲਵੇ ਵਿੱਚ ਸਨ। ਉਸ ਨੇ ਅਹਿਮਦ ਸ਼ਾਹ ਦੇ ਜਰਨੈਲ ਦੀਆਂ ਵਾਰਦਾਤਾਂ ਸੁਣੀਆਂ। ਦੁਸ਼ਮਣਾਂ ਨੂੰ ਸਜ਼ਾ ਦੇਣ ਲਈ ਉਸ ਨੇ ਸਿੱਖ ਸੂਰਬੀਰਾਂ ਦਾ ਇੱਕ ਜਥਾ ਤਿਆਰ ਕੀਤਾ ਅਤੇ ਬਾਕੀ ਸਿੱਖਾਂ ਨੂੰ ਅੰਮ੍ਰਿਤਸਰ ਦੇ ਜ਼ਿਲ੍ਹੇ ਵਿੱਚ ਤਰਨਤਾਰਨ ਵਿਖੇ ਮਿਲ਼ਨ ਲਈ ਸੰਦੇਸ਼ ਭੇਜੇ। ਅਫ਼ਗਾਨ ਜਰਨੈਲ ਨੇ ਵੀ ਇਹ ਗੱਲ ਸੁਣ ਲਈ। ਉਸ ਨੇ ਅੰਮ੍ਰਿਤਸਰ ਵਿੱਚ ਭਾਰੀ ਫ਼ੌਜ ਇਕੱਠੀ ਕੀਤੀ ਅਤੇ ਸ਼ਹਿਰ ਤੋਂ ਚਾਰ ਮੀਲ ਦੂਰ ਸਿੱਖਾਂ ਦਾ ਟਾਕਰਾ ਕਰਨ ਲਈ ਅਗਾਂਹ ਵਧਿਆ।

ਇਸ ਵੇਲ਼ੇ ਸਿੱਖਾਂ ਦੇ ਜਥੇਦਾਰ ਬਾਬਾ ਦੀਪ ਸਿੰਘ ਸਨ। ਭਾਵੇਂ ਉਸ ਸਮੇਂ ਉਹਨਾਂ ਦੀ ਉਮਰ 75 ਸਾਲਾਂ ਦੀ ਸੀ ਪਰ ਉਹਨਾਂ ਵਿੱਚ ਜਵਾਨਾਂ ਵਾਲ਼ਾ ਜ਼ੋਰ ਤੇ ਤਾਕਤ ਸੀ। ਬੁਢਾਪੇ ਵਿੱਚ ਵੀ ਉਹਨਾਂ ਅੰਦਰ ਗੱਭਰੂਆਂ ਵਾਲ਼ੀ ਦਲੇਰੀ ਤੇ ਜਾਨਬਾਜ਼ੀ ਸੀ।

ਪਿੰਡ ਗੋਹਲਵੜ ਦੇ ਕੋਲ਼ ਸਿੱਖਾਂ ਤੇ ਦੁਸ਼ਮਣਾਂ ਦੀਆਂ ਫ਼ੌਜਾਂ ਆਮ੍ਹੋ-ਸਾਮ੍ਹਣੇ ਹੋਈਆਂ। ਦੁਸ਼ਮਣਾਂ ਨੇ ਸਿੱਖਾਂ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਕਿਉਂਕਿ ਉਹਨਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਹ ਵੇਖ ਕੇ ਬਾਬਾ ਦੀਪ ਸਿੰਘ ਜੀ ਨੇ ਤਲਵਾਰ ਸੂਤ ਲਈ ਅਤੇ ਸਿੱਧੇ ਹਮਲੇ ਦਾ ਹੁਕਮ ਦੇ ਦਿੱਤਾ। ਸਿੱਖਾਂ ਨੇ ਤਲਵਾਰਾਂ ਲਿਸ਼ਕਾਈਆਂ ਤੇ ਲੋਹੇ ਨਾਲ਼ ਲੋਹਾ ਠਹਿਕਣ ਲੱਗਾ। ਧਰਤੀ ਖ਼ੂਨ ਨਾਲ਼ ਲਾਲ-ਰੱਤੀ ਹੋ ਗਈ। ਇਸ ਨਾਲ਼

ਮੁਸਲਮਾਨ ਭੈ-ਭੀਤ ਹੋ ਗਏ ਅਤੇ ਸਿੱਖਾਂ ਨੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ। ਇਹ ਵੇਖ ਕੇ ਮੁਸਲਮਾਨ ਕਪਤਾਨ ਅਮਾਨ ਖ਼ਾਂ ਨੇ ਅੱਗੇ ਵਧ ਕੇ ਲਲਕਾਰਿਆ, "ਮੈਂ ਸੁਣਿਆ ਹੈ, ਬਾਬਾ ਦੀਪ ਸਿੰਘ ਸਿਪਾਹੀਆਂ ਵਿੱਚੋਂ ਸਭ ਨਾਲ਼ੋਂ ਬਹਾਦਰ ਹੈ। ਜੇ ਇਹ ਸੱਚ ਹੈ ਤਾਂ ਉਹ ਅਗਾਂਹ ਵਧੇ ਤੇ ਮੇਰੇ ਨਾਲ਼ 'ਇਕੱਲੇ ਨਾਲ਼ ਇਕੱਲਾ' ਯੁੱਧ ਕਰ ਲਏ।" ਜਦੋਂ ਬਾਬਾ ਦੀਪ ਸਿੰਘ ਨੇ ਇਹ ਸੁਣਿਆ ਤਾਂ ਉਹਨਾਂ ਜਵਾਬ ਦਿੱਤਾ, "ਮੈਂ ਹਰ ਤਰ੍ਹਾਂ ਤਿਆਰ ਹਾਂ।"

ਦੋ ਸੂਰਬੀਰਾਂ ਦੀ ਲੜਾਈ ਸ਼ੁਰੂ ਹੋ ਗਈ। ਕਦੇ ਇੱਕ ਜਿੱਤਦਾ ਨਜ਼ਰ ਆਉਂਦਾ ਸੀ, ਕਦੇ ਦੂਜਾ। ਦੋਵੇਂ ਇੱਕ-ਦੂਜੇ ਦੇ ਵਾਰਾਂ ਨੂੰ ਰੋਕਣ ਦਾ ਯਤਨ ਕਰ ਰਹੇ ਸਨ। ਦੋਂਹਾਂ ਦੇ ਘੋੜੇ ਲੜਦਿਆਂ-ਲੜਦਿਆਂ ਡਿਗ ਕੇ ਮਰ ਗਏ ਤਾਂ ਵੀ ਆਮ੍ਹੋ-ਸਾਮ੍ਹਣੀ ਲੜਾਈ ਜਾਰੀ ਰਹੀ। ਅਖ਼ੀਰ ਵਿੱਚ ਮੁਸਲਮਾਨ ਜਰਨੈਲ ਦਾ ਸਿਰ ਡਿਗ ਪਿਆ ਅਤੇ ਨਾਲ਼ ਹੀ ਬਾਬਾ ਦੀਪ ਸਿੰਘ ਜੀ ਦਾ ਸਿਰ ਵੀ ਕੱਟਿਆ ਗਿਆ। ਉਹ ਸਿਰ ਤਲੀ ਉੱਤੇ ਟਿਕਾ ਕੇ ਅੱਗੇ ਵਧਦੇ ਜਾ ਰਹੇ ਸਨ। ਉਹਨਾਂ ਦਾ ਧੜ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਜਾ ਕੇ ਡਿਗਿਆ।

ਲੜਾਈ ਅਜੇ ਵੀ ਬੰਦ ਨਹੀਂ ਹੋਈ ਸੀ। ਇਹ ਕਾਫ਼ੀ ਚਿਰ ਤੱਕ ਚੱਲਦੀ ਰਹੀ। ਅਣਗਿਣਤ ਬਹਾਦਰ ਸਿੱਖਾਂ ਤੇ ਮੁਸਲਮਾਨਾਂ ਨੇ ਆਪਣੇ ਪ੍ਰਾਣਾਂ ਦੀ ਬਾਜ਼ੀ ਲਾਈ। ਅਖ਼ੀਰ ਉੱਤੇ ਸਿੱਖਾਂ ਦੀ ਜਿੱਤ ਹੋਈ।

ਸਿੱਖਾਂ ਦੀ ਇਸ ਜਿੱਤ ਦਾ ਸਿਹਰਾ ਬਾਬਾ ਦੀਪ ਸਿੰਘ ਜੀ ਦੇ ਸਿਰ ਬੱਝਦਾ ਹੈ। ਇੱਕ ਗੁਰਦਵਾਰਾ ਉਸ ਸਥਾਨ ਉੱਤੇ ਬਣਿਆ ਹੋਇਆ ਹੈ ਜਿੱਥੇ ਉਹਨਾਂ ਦਾ ਸਿਰ ਕੱਟਿਆ ਗਿਆ ਸੀ ਤੇ ਦੂਜਾ ਗੁਰਦਵਾਰਾ ਉਸ ਸਥਾਨ ਉੱਤੇ ਹੈ, ਜਿੱਥੇ ਉਹਨਾਂ ਦਾ ਧੜ ਡਿਗਿਆ ਸੀ।

## ਪਾਠ - ਅਭਿਆਸ

**1. ਹੇਠ ਲਿਖੇ ਸ਼ਬਦਾਂ ਦੇ ਇੱਕ ਦੋ-ਸ਼ਬਦਾਂ ਵਿੱਚ ਉੱਤਰ ਦਿਓ :**

(1) ਬਾਬਾ ਦੀਪ ਸਿੰਘ ਜੀ ਦਾ ਜਨਮ ਕਿੱਥੇ ਹੋਇਆ ?

(2) ਬਾਬਾ ਦੀਪ ਸਿੰਘ ਜੀ ਦੀ ਮਾਤਾ ਦਾ ਨਾਂ ਕੀ ਸੀ ?

(3) ਅਹਿਮਦ ਸ਼ਾਹ ਅਬਦਾਲੀ ਨੇ ਮੁਗ਼ਲਾਂ ਨੂੰ ਹਾਰ ਕਦੋਂ ਦਿੱਤੀ ?

(4) ਬਾਬਾ ਦੀਪ ਸਿੰਘ ਜੀ ਜਦੋਂ ਸਿੱਖਾਂ ਦੇ ਜਥੇਦਾਰ ਸਨ, ਉਦੋਂ ਉਹਨਾਂ ਦੀ ਉਮਰ ਕਿੰਨੀ ਸੀ ?

(5) ਕਿਸ ਸਥਾਨ 'ਤੇ ਸਿੱਖਾਂ ਤੇ ਦੁਸ਼ਮਣਾਂ ਦੀਆਂ ਫ਼ੌਜਾਂ ਆਮ੍ਹੋ-ਸਾਮ੍ਹਣੇ ਹੋ ਕੇ ਲੜੀਆਂ ?

**2. ਦੋ-ਤਿੰਨ ਸਤਰਾਂ ਵਿੱਚ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(1) ਬਾਬਾ ਦੀਪ ਸਿੰਘ ਜੀ ਦੇ ਜਨਮ ਤੇ ਮਾਤਾ-ਪਿਤਾ ਬਾਰੇ ਜਾਣਕਾਰੀ ਦਿਓ।

(2) ਬਾਬਾ ਦੀਪ ਸਿੰਘ ਜੀ ਦੇ ਸੁਭਾਅ ਦੇ ਵਿਲੱਖਣ ਗੁਣ ਦੱਸੋ।

(3) ਤੈਮੂਰ ਨੇ ਸਿੱਖਾਂ 'ਤੇ ਕੀ-ਕੀ ਜ਼ੁਲਮ ਕੀਤੇ ?

(4) ਬਾਬਾ ਦੀਪ ਸਿੰਘ ਜੀ ਨੇ ਕਿਸ ਤਰ੍ਹਾਂ ਸ਼ਹੀਦੀ ਪ੍ਰਾਪਤ ਕੀਤੀ ?

(5) ਮੁਸਲਮਾਨ ਕਪਤਾਨ ਅਮਾਨ ਖ਼ਾਂ ਨੇ ਲਲਕਾਰ ਕੇ ਕੀ ਕਿਹਾ ?

3. **ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ :**

ਦਾਤ :

ਬੰਦੀ :

ਕਾਮਯਾਬੀ :

ਕਹਿਰ ਢਾਹੁਣਾ :

ਟੁੱਟ ਕੇ ਪੈ ਜਾਣਾ :

4. **ਖ਼ਾਲੀ ਥਾਂਵਾਂ ਭਰੋ :**

(ਪ੍ਰਮਾਣਿਕ, ਸੂਤ, ਤਲ਼ੀ, ਮਾਲਵੇ, ਜਰਨੈਲ)

1. ਉਸ ਸਮੇਂ ਬਾਬਾ ਦੀਪ ਸਿੰਘ ਜੀ ________ ਵਿੱਚ ਸੀ।
2. ਇਹ _________ ਸਿੱਖਾਂ ਦਾ ਜਾਨੀ ਦੁਸ਼ਮਣ ਸੀ।
3. ਬਾਬਾ ਦੀਪ ਸਿੰਘ ਜੀ ਦੇ ਮੁਢਲੇ ਜੀਵਨ ਬਾਰੇ ਕੋਈ________ਜਾਣਕਾਰੀ ਨਹੀਂ ਮਿਲ਼ਦੀ।
4. ਬਾਬਾ ਦੀਪ ਸਿੰਘ ਜੀ ਨੇ ਸਿਰ _________ 'ਤੇ ਟਿਕਾ ਦਿੱਤਾ।
5. ਬਾਬਾ ਦੀਪ ਸਿੰਘ ਜੀ ਨੇ ਤਲਵਾਰ _________ ਲਈ।

5. **ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਉਮਰ | _________ | _________ |
| ਸੰਗ | _________ | _________ |
| ਟਾਕਰਾ | _________ | _________ |
| ਕਾਹਲ਼ੀ | _________ | _________ |
| ਐਂਕੜ | _________ | _________ |

6. **ਬਹੁਵਿਕਲਪੀ ਪ੍ਰਸ਼ਨ**

1. ਹੇਠ ਲਿਖੇ ਵਾਕ ਵਿੱਚੋਂ ਨਾਂਵ-ਸ਼ਬਦ ਚੁਣੋ :
   ਬਾਬਾ ਦੀਪ ਸਿੰਘ ਦਾ ਜਨਮ ਜ਼ਿਲ੍ਹਾ ਲਾਹੌਰ ਦੇ ਪਿੰਡ ਪਹੂਵਿੰਡ ਵਿਖੇ ਹੋਇਆ।
2. ਹੇਠ ਲਿਖੇ ਵਾਕ ਵਿੱਚੋਂ ਬਹੁਵਚਨ ਸ਼ਬਦ ਚੁਣੋ :
   ਉਸ ਨੇ ਅਣਗਿਣਤ, ਬੱਚਿਆਂ, ਔਰਤਾਂ ਤੇ ਮਰਦਾਂ ਨੂੰ ਬੰਦੀ ਬਣਾਇਆ।

3. 'ਬਹਾਦਰ' ਦਾ ਵਿਰੋਧੀ ਸ਼ਬਦ ਲਿਖੋ।
4. 'ਸੱਚ' ਦਾ ਵਿਰੋਧੀ ਸ਼ਬਦ ਕੀ ਹੈ ?
5. 'ਫ਼ੌਜ' ਕਿਹੜੀ ਕਿਸਮ ਦਾ ਨਾਂਵ ਹੈ ?

**7. ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :**

ਬਿਹਲਾ :

ਸ਼ਾਮਿਲ :

ਸੂਰਵੀਰ :

ਪਰਸਿੱਧ :

ਦਿਲੇਰੀ :

**8. ਹੇਠ ਲਿਖੇ ਵਾਕਾਂ ਵਿੱਚ ਸਹੀ (✔) ਤੇ ਗ਼ਲਤ ਦਾ (✘) ਨਿਸ਼ਾਨ ਲਾਓ :**

(1) ਬਾਬਾ ਦੀਪ ਸਿੰਘ ਜੀ ਵਿਹਲਾ ਰਹਿਣਾ ਪਸੰਦ ਨਹੀਂ ਕਰਦੇ ਸਨ।
(2) ਅਹਿਮਦ ਸ਼ਾਹ ਅਬਦਾਲੀ ਦਾ ਲੜਕਾ ਤੈਮੂਰ ਨਹੀਂ ਸੀ।
(3) ਜਹਾਨ ਖ਼ਾਂ ਨੂੰ ਬਹੁਤ ਵੱਡੀ ਕਾਮਯਾਬੀ ਹਾਸਲ ਹੋਈ।
(4) ਬਾਬਾ ਦੀਪ ਸਿੰਘ ਜੀ ਦਾ ਸਿਰ ਵੀ ਕੱਟਿਆ ਗਿਆ।
(5) ਸਿੱਖਾਂ ਦੀ ਇਸ ਜਿੱਤ ਦਾ ਸਿਹਰਾ ਬਾਬਾ ਦੀਪ ਸਿੰਘ ਜੀ ਦੇ ਸਿਰ ਬੱਝਦਾ ਹੈ।

***

ਪਾਠ -20

# ਕੌਣ ਕਦੇ ਰੁਕਿਆ ਹੈ



ਵਤਨ ਮੇਰੇ ਦੀ ਮਿੱਟੀ 'ਤੇ ਸੀ, ਜਦ 'ਗੋਰਾ' ਪਰਛਾਂਵਾਂ,
ਰੁੱਖ ਬੇਗਾਨੇ ਜਾਪਣ ਲੱਗੇ 'ਤੇ ਮਤਰੇਈਆਂ ਛਾਂਵਾਂ।
ਧੁੱਪ ਤਾਂ ਆਖ਼ਰ ਧੁੱਪ ਹੁੰਦੀ ਏ, ਸਭ ਨੂੰ ਲੱਗਣ ਲੱਗੀ,
ਹਰ ਕੋਈ ਸੋਚਣ ਲੱਗਾ ਏਹੋ, 'ਹੁਣ ਕਿੱਧਰ ਨੂੰ ਜਾਵਾਂ ?'
ਨਾ ਇਹ ਮੇਰੀ ਮਿੱਟੀ ਆਪਣੀ, ਨਾ ਮੇਰਾ ਘਰ ਆਪਣਾ,
ਕਿਸੇ ਬੇਗਾਨੇ ਆ ਕੇ ਮੱਲੀਆਂ, ਜੱਦੀ-ਪੁਸ਼ਤੀ ਥਾਂਵਾਂ।
ਨਾ ਏਧਰ, ਨਾ ਓਧਰ ਦਾ ਮੈਂ; ਨਾ ਕੋਈ ਥਹੁ-ਟਿਕਾਣਾ,
ਮੌਤੋਂ ਵੱਡੀ ਗੱਲ ਹੋਵੇ ਜਦ, ਗੁੰਮ ਜਾਏ ਸਰਨਾਂਵਾਂ।
ਕੀ ਉਹਨਾਂ ਦਾ ਜੀਣ ਵੇ ਲੋਕੋ, ਜੋ ਹੱਥ ਅੱਡੀ ਫਿਰਦੇ,

ਪੇਟ ਜਿਨ੍ਹਾਂ ਦੇ ਖ਼ਾਲੀ-ਖ਼ਾਲੀ, ਟੁੱਕਰ ਖੋਹ ਲਏ ਕਾਂਵਾਂ।
ਏਦਾਂ ਦੀ ਹਾਲਤ ਵਿੱਚ ਫਿਰ ਕੁਝ, ਸਿਰਲੱਥ ਅੱਗੇ ਆਏ,
ਆਖਣ ਲੱਗੇ, 'ਰੁੱਖ ਵੀ ਸਾਡੇ, ਸਾਡੀਆਂ ਹੀ ਨੇ ਛਾਂਵਾਂ।'
ਕਈ ਕਰੋੜਾਂ ਉੱਠ ਤੁਰੇ ਫਿਰ, ਉਸ ਪਰਛਾਂਵੇਂ ਪਿੱਛੇ,
ਅਸੀਂ ਦੇਸ ਦੇ ਦੇਸ ਅਸਾਡਾ, ਸਭ ਦਾ ਇੱਕ ਸਰਨਾਂਵਾਂ।
ਮੈਂ ਵੀ ਸਾਂ, ਤੂੰ ਵੀ ਸੈਂ; ਇਹ ਵੀ ਤੇ 'ਅਹੁ' ਵੀ ਤਾਂ ਸੀ,
ਪਹਿਨ ਬਸੰਤੀ ਚੋਲ਼ੇ ਚੱਲੇ, ਉੱਭਰਨ ਲੱਗੀਆਂ ਬਾਂਹਵਾਂ।
ਤੁਸੀਂ ਸਿਆਣੇ ਸਭ ਕੁਝ ਜਾਣੋ, ਕੀ ਕੁਝ ਅੱਗੇ ਹੋਇਆ,
ਕੌਣ ਕਦੇ ਰੁਕਿਆ ਹੈ ਸਾਹਵੇਂ, ਸ਼ੂਕਦਿਆਂ ਦਰਿਆਵਾਂ।

## ਪਾਠ - ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ :

(1) ਕਵਿਤਾ ਅਨੁਸਾਰ ਵਤਨ 'ਤੇ ਕਿਸ ਦਾ ਪਰਛਾਂਵਾਂ ਸੀ ?

(ੳ) ਕਾਲ਼ਿਆਂ ਦਾ (ਅ) ਅੰਗਰੇਜ਼ਾਂ ਦਾ (ੲ) ਗੋਰਿਆਂ ਦਾ

(2) ਕਿਨ੍ਹਾਂ ਲੋਕਾਂ ਦਾ ਜਿਊਂਣਾ ਮੁਹਾਲ ਹੈ ?

(ੳ) ਖ਼ਾਲੀ ਪੇਟ ਵਾਲ਼ਿਆਂ ਦਾ (ਅ) ਬਹੁਤਾ ਖਾਣ ਵਾਲ਼ਿਆਂ ਦਾ

(ੲ) ਕੰਮ ਕਰਨ ਵਾਲ਼ਿਆਂ ਦਾ।

(3) ਕਿਸ ਰੰਗ ਦੇ ਚੋਲ਼ੇ ਪਹਿਨੇ ਜਾਣ ਲੱਗੇ :

(ੳ) ਕੇਸਰੀ (ਅ) ਸਫ਼ੈਦ (ੲ) ਬਸੰਤੀ

(4) ਕਿੰਨੇ ਲੋਕ ਉਸ ਪਰਛਾਂਵੇਂ ਪਿੱਛੇ ਹੋ ਟੁਰੇ :

(ੳ) ਲੱਖਾਂ ਲੋਕੀਂ (ਅ) ਕਰੋੜਾਂ (ੲ) ਅਣਗਿਣਤ

### 2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ :

(1) ਸਾਡਾ ਵਤਨ ਕਿਹੜਾ ਹੈ ?

(2) 'ਗੋਰਾ ਪਰਛਾਂਵਾਂ' ਕਿਨ੍ਹਾਂ ਲੋਕਾਂ ਲਈ ਵਰਤਿਆ ਗਿਆ ਹੈ ?

(3) ਸਾਡੀਆਂ ਜੱਦੀ-ਪੁਸ਼ਤੀ ਥਾਂਵਾਂ ਕਿਸ ਨੇ ਮੱਲ ਲਈਆਂ ?

(4) ਮੌਤੋਂ ਵੱਡੀ ਗੱਲ ਕਿਸ ਦੇ ਗੁੰਮ ਜਾਣ ਨਾਲ਼ ਹੁੰਦੀ ਹੈ ?

(5) 'ਸਿਰਲੱਥ' ਸ਼ਬਦ ਕਿਨ੍ਹਾਂ ਬਾਰੇ ਵਰਤਿਆ ਗਿਆ ਹੈ ?

3. **ਵਾਕਾਂ ਵਿੱਚ ਵਰਤੋ :**

ਵਤਨ :

ਸਰਨਾਂਵਾਂ :

ਪਰਛਾਂਵੇਂ :

ਸਿਆਣੇ :

ਦਰਿਆਵਾਂ :

4. **ਹੇਠ ਦਿੱਤੀ ਉਦਾਹਰਨ ਨੂੰ ਦੇਖ ਕੇ ਇੱਕੋ - ਜਿਹੀ ਲੈਅ ਵਾਲ਼ੇ ਸ਼ਬਦ ਲਿਖੋ :—**

ਜਾਵਾਂ : ਛਾਂਵਾਂ

ਦੇਸ :

ਸਿਆਣੇ :

ਮਿੱਟੀ :

ਰੁੱਖ :

5. **ਖ਼ਾਲੀ ਥਾਂਵਾਂ ਭਰੋ :—**

ੳ. ਹਰ ਕੋਈ ਸੋਚਣ ਲੱਗਾ ਏਹੋ, ____________

ਅ. ______________ਨਾ ਮੇਰਾ ਘਰ ਆਪਣਾ।

ੲ. ਕਿਸੇ ਬੇਗਾਨੇ ਆ ਕੇ ਮੱਲੀਆਂ ____________ ।

6. **ਹੇਠ ਲਿਖੇ ਵਾਕਾਂ ਵਿੱਚੋਂ ਨਾਂਵ-ਸ਼ਬਦ ਚੁਣੋ : —**

ੳ. ਰੁੱਖ ਬੇਗਾਨੇ ਜਾਪਣ ਲੱਗੇ, ਤੇ ਮਤਰੇਈਆਂ ਛਾਂਵਾਂ

ਅ. ਪੇਟ ਜਿਨ੍ਹਾਂ ਦੇ ਖ਼ਾਲੀ-ਖ਼ਾਲੀ, ਟੁੱਕਰ ਖੋਹ ਲਏ ਕਾਂਵਾਂ।

ੲ. ਅਸੀਂ ਦੇਸ ਤੇ ਦੇਸ ਅਸਾਡਾ, ਸਭ ਦਾ ਇੱਕ ਸਰਨਾਂਵਾਂ।


ਸ. ਕੌਣ ਕਦੇ ਰੁਕਿਆ ਹੈ ਸਾਹਵੇਂ, ਸ਼ੂਕਦਿਆਂ ਦਰਿਆਵਾਂ।

| ਕਵਿਤਾ ਵਿੱਚੋਂ ਕੋਈ ਚਾਰ ਸਤਰਾਂ ਸੁੰਦਰ ਲਿਖਤ ਵਿੱਚ ਲਿਖੋ। |
|---|

***

ਪਾਠ - 21

# ਨਿੱਕੀਆਂ ਜਿੰਦਾਂ — ਵੱਡਾ ਸਾਕਾ



ਪੰਜਾਬ ਦਾ ਇਤਿਹਾਸ ਕੁਰਬਾਨੀਆਂ ਨਾਲ਼ ਭਰਿਆ ਪਿਆ ਹੈ। ਸਿੱਖਾਂ ਦੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਬਾਦਸ਼ਾਹ ਬਾਬਰ ਨੂੰ ਜਾਬਰ ਕਿਹਾ ਸੀ। ਉਹ ਆਪਣੀ ਪਰਜਾ 'ਤੇ ਬਹੁਤ ਜ਼ੁਲਮ ਕਰਦਾ ਸੀ। ਇਸ ਜ਼ੁਲਮ ਦੇ ਖ਼ਿਲਾਫ਼ ਬਾਕੀ ਗੁਰੂ ਸਾਹਿਬਾਨ ਅਤੇ ਸਿੰਘਾਂ ਨੂੰ ਵੀ ਲੜਨਾ ਪਿਆ। ਲਗ-ਪਗ 300 ਸਾਲ ਮਨੁੱਖੀ ਅਜ਼ਾਦੀ ਦੇ ਹੱਕ ਲਈ ਲੜਾਈ ਚੱਲਦੀ ਰਹੀ। ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਵਾਲ਼ੇ ਦੁਨੀਆ ਦੇ ਮਹਾਨ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ — ਸਿਰਫ਼ ਇਸ ਲਈ ਕਿ ਉਹਨਾਂ ਨੇ ਸਾਰੀ ਮਾਨਵ-ਜਾਤੀ ਦੇ ਕਲਿਆਣ ਲਈ ਗੁਰਬਾਣੀ ਦਾ ਖ਼ਜ਼ਾਨਾ ਇਕੱਤਰ ਕੀਤਾ ਸੀ।

ਥੋੜ੍ਹੇ ਸਮੇਂ ਬਾਅਦ ਹੀ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਹਕੂਮਤ ਦੇ ਨਸ਼ੇ ਵਿੱਚ ਆ ਕੇ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਤਾਂ ਜ਼ੁਲਮ ਦੀ ਹੱਦ ਹੀ ਕਰ ਦਿੱਤੀ।

ਚਾਰੇ ਪਾਸੇ ਹਾਹਾਕਾਰ ਮੱਚ ਗਈ। ਕਿਸੇ ਪਾਸੇ ਕੋਈ ਫ਼ਰਿਆਦ ਨਹੀਂ ਸੀ ਸੁਣੀ ਜਾ ਰਹੀ। ਸਭ ਪਾਸਿਓਂ ਨਿਰਾਸ ਹੋ ਕੇ ਕੁਝ ਕਸ਼ਮੀਰੀ ਪੰਡਤ ਗੁਰੂ ਤੇਗ਼ ਬਹਾਦਰ ਜੀ ਪਾਸ ਅਨੰਦਪੁਰ ਸਾਹਿਬ ਆਏ। ਉਹਨਾਂ ਦੀ ਬੇਨਤੀ ਸੁਣ ਕੇ ਆਪ ਨੇ ਜਬਰੀ ਧਰਮ-ਬਦਲੀ ਦੇ ਖ਼ਿਲਾਫ਼ ਦਿੱਲੀ ਦੇ ਚਾਂਦਨੀ-ਚੌਕ ਵਿੱਚ ਆਪਣੀ ਕੁਰਬਾਨੀ ਦੇ ਦਿੱਤੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੀ ਵਾਗ-ਡੋਰ ਆਪ ਸੰਭਾਲ਼ੀ। ਜ਼ੁਲਮਾਂ ਦੀ ਮਾਰ ਤੋਂ ਅੱਕੇ ਅਤੇ ਥੱਕੇ ਲੋਕ ਗੁਰੂ ਜੀ ਦੀ ਖ਼ਾਲਸਾ ਫ਼ੌਜ ਵਿੱਚ ਭਰਤੀ ਹੋਣ ਲੱਗੇ। ਗੁਰੂ ਜੀ ਨੇ ਸਭਨਾਂ ਦੀ ਅਜ਼ਾਦੀ ਲਈ ਬੀੜਾ ਚੁੱਕਿਆ। ਅਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਸਾਹਿਬਜ਼ਾਦੇ ਜੁਝਾਰ ਸਿੰਘ ਨੂੰ ਬਾਕੀ ਫ਼ੌਜ ਦੇ ਨਾਲ਼ ਤੀਰ-ਅੰਦਾਜ਼ੀ, ਘੋੜ-ਸਵਾਰੀ ਅਤੇ ਸ਼ਸਤਰ-ਵਿੱਦਿਆ ਦਿੱਤੀ ਜਾਂਦੀ ਸੀ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਅਜੇ ਬਹੁਤ ਛੋਟੇ ਸਨ। ਉਹਨਾਂ ਨੂੰ ਪੜ੍ਹਨਾ-ਲਿਖਣਾ ਸਿਖਾਉਣ ਦੇ ਨਾਲ਼ ਉਚੇਰਾ ਗਿਆਨ ਵੀ ਦਿੱਤਾ ਜਾਂਦਾ ਸੀ।

ਇਹਨੀਂ ਦਿਨੀਂ ਖ਼ਾਲਸਾ ਫ਼ੌਜ ਨੇ ਆਪਣੀਆਂ ਮਸ਼ਕਾਂ ਤੇਜ਼ ਕਰ ਦਿੱਤੀਆਂ। ਅਨੰਦਪੁਰ ਸਾਹਿਬ ਦੀ ਧਰਤੀ 'ਤੇ ਰਣਜੀਤ-ਨਗਾਰਾ ਗੂੰਜਦਾ। ਗੁਰੂ ਗੋਬਿੰਦ ਸਿੰਘ ਜੀ ਕਲਗੀ-ਤੋੜਾ ਸਜਾਉਂਦੇ ਸਨ। ਖ਼ਾਲਸੇ ਦੀ ਆਪਣੀ ਸਲਤਨਤ ਕਾਇਮ ਹੋਣ ਲੱਗੀ। ਗੁਰੂ ਜੀ ਕਹਿਣ ਲੱਗੇ 'ਇਨ ਗ਼ਰੀਬ ਸਿੱਖਨ ਕੋ ਮੈਂ ਦੀਓ ਪਾਤਸ਼ਾਹੀ', ਕਦੇ ਕਹਿੰਦੇ 'ਇਨਹੀਂ ਕੀ ਕਿਰਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗ਼ਰੀਬ ਕਰੋਰ ਪਰੇ।' ਬੱਸ ਫੇਰ ਕੀ ਸੀ, ਬਾਈ ਧਾਰ ਦੇ ਪਹਾੜੀ ਰਾਜਿਆਂ ਨੇ ਦਿੱਲੀ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਕਿਹਾ ਕਿ ਮੌਕਾ ਸੰਭਾਲ਼ੋ ਨਹੀਂ ਤਾਂ ਹਿੰਦੁਸਤਾਨ ਤੁਹਾਡੇ ਹੱਥੋਂ ਨਿਕਲ਼ ਜਾਵੇਗਾ। ਗੁਰੂ ਦੇ ਸਿੰਘਾਂ ਅੱਗੇ ਤੁਸੀਂ ਅਤੇ ਅਸੀਂ ਕੀ ਹਾਂ, ਉਹ ਤਾਂ ਜੰਗਲ਼ਾਂ-ਬੇਲਿਆਂ 'ਚ ਨਿੱਤ ਹੀ ਜੰਗ ਦਾ ਅਭਿਆਸ ਕਰਦੇ ਨੇ।

ਔਰੰਗਜ਼ੇਬ ਦੀ ਸ਼ਾਹੀ ਸੈਨਾ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਇਸ ਕੰਮ ਵਿੱਚ ਬਾਈ ਧਾਰ ਦੇ ਰਾਜਿਆਂ ਨੇ ਸ਼ਾਹੀ ਸੈਨਾ ਦੀ ਮਦਦ ਕੀਤੀ। ਕਈ ਦਿਨਾਂ ਤੱਕ ਯੁੱਧ ਚੱਲਦਾ ਰਿਹਾ। ਬਾਹਰੋਂ ਰਾਸ਼ਨ-ਪਾਣੀ ਨਾ ਆਉਂਦਾ ਵੇਖ ਖ਼ਾਲਸਾ ਫ਼ੌਜ ਕਿਲ੍ਹਾ ਖ਼ਾਲੀ ਕਰਕੇ ਰਾਤ ਦੇ ਹਨੇਰੇ ਵਿੱਚ ਅਗਾਂਹ ਨਿਕਲ਼ ਤੁਰੀ। ਉਸ ਰਾਤ ਮੀਂਹ ਪੈਣ ਕਾਰਨ ਸਰਸਾ ਨਦੀ ਚੜ੍ਹੀ ਹੋਈ ਸੀ। ਖ਼ਾਲਸਾ ਫ਼ੌਜ ਸਰਸਾ ਨੂੰ ਪਾਰ ਕਰ ਰਹੀ ਸੀ ਕਿ ਪਿੱਛੋਂ ਮੁਗ਼ਲ ਸੈਨਾ ਨੇ ਹਮਲਾ ਕਰ ਦਿੱਤਾ। ਇਸ ਝੜਪ ਵਿੱਚ ਗੁਰੂ ਜੀ ਦਾ ਪਵਿੱਤਰ ਸਾਹਿਤ ਰੁੜ੍ਹ ਗਿਆ। ਸਾਰੀ ਫ਼ੌਜ ਖਿੰਡ-ਪੁੰਡ ਗਈ। ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਵੱਡੇ ਸਾਹਿਬਜ਼ਾਦੇ ਗੁਰੂ ਜੀ ਨਾਲ਼ ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਮੋਰਚਿਆਂ 'ਤੇ ਜਾ ਡਟੇ। ਉਹਨਾਂ ਨਾਲ਼ 40 ਸਿੰਘ ਹੋਰ ਵੀ ਸਨ। ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਨਾਲ਼ ਆਪਣੇ ਰਸੋਈਏ ਗੰਗੂ ਨਾਲ਼ ਉਸ ਦੇ ਪਿੰਡ ਸਹੇੜੀ ਚਲੇ ਗਏ। ਉੱਥੋਂ ਸੂਹ ਮਿਲ਼ਨ 'ਤੇ ਮੋਰਿੰਡੇ ਦੇ ਕੋਤਵਾਲ ਨੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗਰਿਫ਼ਤਾਰ ਕਰ ਲਿਆ। ਉਹਨਾਂ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ।

ਦਸੰਬਰ ਮਹੀਨੇ ਦੇ ਆਖ਼ਰੀ ਦਿਨ ਸਨ। ਕੜਾਕੇ ਦੀ ਸਰਦੀ ਪੈ ਰਹੀ ਸੀ। ਛੋਟੇ ਸਾਹਿਬਜ਼ਾਦਿਆਂ ਦੀ ਉਮਰ ਮਸਾਂ 7 ਅਤੇ 9 ਸਾਲ ਦੀ ਸੀ। ਉਹਨਾਂ ਭੁੱਖਣ-ਭਾਣੇ ਔਖਿਆਂ-ਸੌਖਿਆਂ ਰਾਤ ਲੰਘਾਈ। ਦੂਜੇ ਦਿਨ ਫਿਰ ਪੇਸ਼ੀ ਪੈਣੀ ਸੀ। ਸਿਪਾਹੀ ਮਾਤਾ ਜੀ ਕੋਲ਼ੋਂ ਸਾਹਿਬਜ਼ਾਦਿਆਂ ਨੂੰ ਲੈ ਗਏ। ਕਚਹਿਰੀ ਵਿੱਚ ਸੂਬੇ ਨੇ ਫੇਰ ਬੱਚਿਆਂ ਨੂੰ ਹਰ ਕਿਸਮ ਦਾ ਲਾਲਚ ਦਿੱਤਾ। ਪਰ ਸਾਹਿਬਜ਼ਾਦੇ ਅਡੋਲ ਚਿੱਤ ਰਹੇ। ਉਹਨਾਂ ਨੂੰ ਰਾਤ ਨੂੰ ਫੇਰ ਮਾਤਾ

ਜੀ ਕੋਲ਼ ਠੰਢੇ ਬੁਰਜ ਵਿੱਚ ਬੰਦ ਕਰ ਦਿੱਤਾ ਗਿਆ। ਇਸ ਰਾਤ ਗੁਰੂ ਜੀ ਦੇ ਇੱਕ ਸ਼ਰਧਾਲੂ ਮੋਤੀ ਮਹਿਰੇ ਨੇ ਬੜੀ ਜੁਗਤ ਨਾਲ਼ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਆਇਆ। ਮਾਤਾ ਜੀ ਬੱਚਿਆਂ ਨੂੰ ਆਪਣੀ ਗੋਦ ਵਿੱਚ ਲੈ ਕੇ ਸਮਝਾਉਂਦੇ ਰਹੇ ਕਿ ਇਹਨਾਂ ਜ਼ਾਲਮਾਂ ਦੀ ਈਨ ਨਹੀਂ ਮੰਨਣੀ।

ਅਖ਼ੀਰ ਤੀਜੇ ਦਿਨ ਫਿਰ ਸਵੇਰੇ ਸਿਪਾਹੀ ਆਏ। ਮਾਤਾ ਜੀ ਕੋਲ਼ੋਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਲੈ ਗਏ। ਸੂਬਾ ਵਜ਼ੀਰ ਖ਼ਾਂ ਨੇ ਸਾਹਿਬਜ਼ਾਦਿਆਂ ਨੂੰ ਡਰਾਇਆ ਕਿ ਜੇਕਰ ਤੁਸੀਂ ਆਪਣਾ ਧਰਮ ਨਾ ਬਦਲਿਆ ਤਾਂ ਤੁਹਾਨੂੰ ਕਤਲ ਕਰ ਦਿੱਤਾ ਜਾਵੇਗਾ। ਸਾਹਿਬਜ਼ਾਦਿਆਂ ਨੇ ਈਨ ਸ੍ਵੀਕਾਰ ਨਾ ਕੀਤੀ। ਇੱਕ ਵਜ਼ੀਰ ਨੇ ਸਾਹਿਬਜ਼ਾਦਿਆਂ ਨੂੰ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ ? ਉਹਨਾਂ ਨੇ, ਕਿਹਾ ਕਿ ਅਸੀਂ ਫ਼ੌਜ ਤਿਆਰ ਕਰਾਂਗੇ ਅਤੇ ਜ਼ੁਲਮ ਨਾਲ਼ ਟੱਕਰ ਲਵਾਂਗੇ। ਇਹ ਸੁਣ ਕੇ ਦੀਵਾਨ ਸੁੱਚਾ ਨੰਦ ਜਿਸ ਨੂੰ ਕਿ 'ਝੂਠਾ ਨੰਦ' ਕਿਹਾ ਜਾਂਦਾ ਹੈ, ਕਹਿਣ ਲੱਗਾ, 'ਸੂਲ਼ਾਂ ਜੰਮਦੀਆਂ ਦੇ ਮੂੰਹ ਤਿੱਖੇ ਹੁੰਦੇ ਨੇ। ਇਹਨਾਂ ਨੂੰ ਹੁਣੇ ਹੀ ਖ਼ਤਮ ਕਰ ਦਿਓ।' ਦੂਜੇ ਪਾਸੇ ਮਲੇਰਕੋਟਲੇ ਦੇ ਨਵਾਬ ਸ਼ੇਰ ਖ਼ਾਂ ਨੇ ਸੂਬੇ ਨੂੰ ਸਮਝਾਇਆ ਕਿ ਇਹ ਤਾਂ ਬੱਚੇ ਹਨ, ਇਹਨਾਂ ਨਾਲ਼ ਸਾਡਾ ਕੀ ਵੈਰ ? ਜੇ ਟੱਕਰ ਲੈਣੀ ਹੈ ਤਾਂ ਇਹਨਾਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ਼ ਲਈ ਜਾਵੇ।

ਕਚਹਿਰੀ ਦੀ ਸਾਰੀ ਬਹਿਸ ਨੂੰ ਸੁਣੀ-ਅਣਸੁਣੀ ਕਰਦਿਆਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਨੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਵਾ ਦਿੱਤਾ। ਮਾਤਾ ਗੁਜਰੀ ਜੀ ਨੂੰ ਜਦੋਂ ਪਤਾ ਲੱਗਾ ਕਿ ਬੱਚੇ ਸ਼ਹੀਦ ਹੋ ਚੁੱਕੇ ਹਨ ਤਾਂ ਉਹਨਾਂ ਨੇ ਆਪ ਵੀ ਠੰਢੇ ਬੁਰਜ ਵਿੱਚ ਪ੍ਰਾਣ ਤਿਆਗ ਦਿੱਤੇ। ਇਸ ਸਾਕੇ ਨੂੰ ਵੇਖ-ਸੁਣ ਕੇ ਲੋਕ ਤ੍ਰਾਹ-ਤ੍ਰਾਹ ਕਰ ਉੱਠੇ। ਇਸ ਤਰ੍ਹਾਂ ਦੀ ਸ਼ਹਾਦਤ ਦੀ ਉਦਾਹਰਨ ਦੁਨੀਆ ਵਿੱਚ ਕਿਤੇ ਨਹੀਂ ਮਿਲ਼ਦੀ। ਸਮਾਂ ਪਾ ਕੇ ਬੰਦਾ ਸਿੰਘ ਬਹਾਦਰ ਨੇ ਸਰਹਿੰਦ 'ਤੇ ਚੜ੍ਹਾਈ ਕਰ ਕੇ ਸੂਬੇ ਵਜ਼ੀਰ ਖ਼ਾਂ ਨੂੰ ਇਸ ਜ਼ੁਲਮ ਦੀ ਸਜ਼ਾ ਦਿੱਤੀ।

ਸਾਹਿਬਜ਼ਾਦਿਆਂ ਦੀ ਯਾਦ ਵਿੱਚ ਉਹਨਾਂ ਦੇ ਨਾਂ 'ਤੇ ਸਕੂਲ, ਕਾਲਜ ਅਤੇ ਹਸਪਤਾਲ ਖੋਲ੍ਹੇ ਗਏ ਹਨ। ਹਰ ਸਾਲ ਸ਼ਹੀਦੀ ਸਥਾਨ ਫ਼ਤਿਹਗੜ੍ਹ ਸਾਹਿਬ ਵਿਖੇ 26, 27 ਅਤੇ 28 ਦਸੰਬਰ ਨੂੰ ਸ਼ਹੀਦੀ ਜੋੜ-ਮੇਲਾ ਲੱਗਦਾ ਹੈ। ਪੰਜਾਬ ਭਰ ਤੋਂ ਅਤੇ ਬਾਹਰੋਂ ਵੀ ਲੋਕ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਲੱਖਾਂ ਦੀ ਗਿਣਤੀ ਵਿੱਚ ਜੁੜਦੇ ਹਨ ਅਤੇ ਨਿੱਕੀਆਂ ਜਿੰਦਾਂ ਦੇ ਇਸ ਵੱਡੇ ਸਾਕੇ ਤੋਂ ਪ੍ਰੇਰਨਾ ਲੈ ਕੇ ਜਬਰ ਦੇ ਖ਼ਿਲਾਫ਼ ਜੂਝਣ ਦੀ ਪ੍ਰੇਰਨਾ ਹਾਸਲ ਕਰਦੇ ਹਨ।

## ਪਾਠ- ਅਭਿਆਸ

1. **ਬਹੁਵਿਕਲਪੀ ਪ੍ਰਸ਼ਨ :**

(1) ਸਿੱਖਾਂ ਦੇ ਪਹਿਲੇ ਗੁਰੂ ਕੌਣ ਸਨ ? (✔) ਦਾ ਨਿਸ਼ਾਨ ਲਾਓ:

(ੳ) ਗੁਰੂ ਗੋਬਿੰਦ ਸਿੰਘ ਜੀ (ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਅਰਜਨ ਦੇਵ ਜੀ

(2) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਸ ਗੁਰੂ ਨੇ ਕੀਤੀ ?

**(ੳ)** ਗੁਰੂ ਗੋਬਿੰਦ ਸਿੰਘ ਜੀ **(ਅ)** ਗੁਰੂ ਨਾਨਕ ਦੇਵ ਜੀ

**(ੲ)** ਗੁਰੂ ਅਰਜਨ ਦੇਵ ਜੀ

(3) ਕਸ਼ਮੀਰੀ ਪੰਡਤ ਗੁਰੂ ਤੇਗ਼ ਬਹਾਦਰ ਜੀ ਪਾਸ ਕਿੱਥੇ ਆਏ ?

**(ੳ)** ਅੰਮ੍ਰਿਤਸਰ ਸਾਹਿਬ **(ਅ)** ਪਟਨਾ ਸਾਹਿਬ

**(ੲ)** ਅਨੰਦਪੁਰ ਸਾਹਿਬ

(4) ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦੀ ਅਸਥਾਨ ਦੱਸੋ।

**(ੳ)** ਸ੍ਰੀ ਰਕਾਬ ਗੰਜ **(ਅ)** ਚਾਂਦਨੀ-ਚੌਕ

**(ੲ)** ਆਗਰਾ

(5) ਵਜ਼ੀਰ ਖ਼ਾਂ ਕਿੱਥੋਂ ਦਾ ਸੂਬੇਦਾਰ ਸੀ ?

**(ੳ)** ਫ਼ਤਿਹਗੜ੍ਹ ਸਾਹਿਬ **(ਅ)** ਸਰਹਿੰਦ

**(ੲ)** ਪਟਿਆਲਾ

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

1. ਕਿਸ ਮੁਗ਼ਲ ਬਾਦਸ਼ਾਹ ਨੇ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ ਸੀ ?
2. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਪੰਥ ਦੀ ਵਾਗ-ਡੋਰ ਕਿਸ ਨੇ ਸੰਭਾਲ਼ੀ ?
3. ਵੱਡੇ ਸਾਹਿਬਜ਼ਾਦਿਆਂ ਦੇ ਨਾਂ ਲਿਖੋ।
4. ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕਿਹੜਾ ਨਗਾਰਾ ਗੂੰਜਦਾ ਸੀ ?
5. ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਨਾਲ਼ ਕਿਹੜੇ ਰਸੋਈਏ ਨਾਲ਼ ਕਿਸ ਪਿੰਡ ਵਿਖੇ ਗਏ ?

## 3. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਕਸ਼ਮੀਰੀ ਪੰਡਤ ਗੁਰੂ ਤੇਗ਼ ਬਹਾਦਰ ਜੀ ਕੋਲ਼ ਕਿਉਂ ਆਏ ?
2. ਛੋਟੇ ਸਾਹਿਬਜ਼ਾਦਿਆਂ ਦੇ ਨਾਂ ਤੇ ਉਹਨਾਂ ਦੇ ਬਚਪਨ ਬਾਰੇ ਦੱਸੋ।
3. ਖ਼ਾਲਸਾ ਫ਼ੌਜ ਦੇ ਕੰਮਾਂ ਬਾਰੇ ਸੰਖੇਪ ਜਾਣਕਾਰੀ ਦਿਓ।
4. ਅਨੰਦਪੁਰ ਸਾਹਿਬ ਦੇ ਕਿਲ੍ਹੇ ਦੀ ਘੇਰਾਬੰਦੀ ਵਿੱਚ ਖ਼ਾਲਸਾ ਫ਼ੌਜ ਦਾ ਕੀ ਨੁਕਸਾਨ ਹੋਇਆ ?
5. ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਕੀ-ਕੀ ਸਥਾਪਿਤ ਕੀਤਾ ਗਿਆ ਹੈ ?

## 4. ਵਾਕਾਂ ਵਿੱਚ ਵਰਤੋ :

1. ਸਮਕਾਲੀ
2. ਸ਼ਹੀਦ
3. ਹਾਹਾਕਾਰ
4. ਤ੍ਰਾਹ-ਤ੍ਰਾਹ ਕਰਨਾ
5. ਈਨ ਮੰਨਣੀ

## 5. ਖ਼ਾਲੀ ਥਾਂਵਾਂ ਭਰੋ :

ਫ਼ਰਿਆਦ, ਕੁਰਬਾਨੀ, ਤਿੱਖੇ, ਠੰਢੇ ਬੁਰਜ, ਮਹੀਨੇ।

1. ਗੁਰੂ ਤੇਗ ਬਹਾਦਰ ਜੀ ਨੇ ਚਾਂਦਨੀ-ਚੌਕ ਵਿਖੇ ____________ ਦਿੱਤੀ।
2. ਕਿਸੇ ਪਾਸੇ ਕੋਈ ____________ਨਹੀਂ ਸੀ ਸੁਣੀ ਜਾ ਰਹੀ।
3. ਦਸੰਬਰ ____________ਦੇ ਆਖ਼ਰੀ ਦਿਨ ਸਨ।
4. ਮਾਤਾ ਗੁਜਰੀ ਜੀ ਨੇ ਵੀ ____________ ਵਿੱਚ ਪ੍ਰਾਣ ਤਿਆਗ ਦਿੱਤੇ।
5. ਸੂਲ਼ਾਂ ਜੰਮਦੀਆਂ ਦੇ ਮੂੰਹ ____________ ਹੁੰਦੇ ਹਨ।

## 6. ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਲਿਖੋ।

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਅਜ਼ਾਦੀ | ________ | ________ |
| ਬੇਨਤੀ | ________ | ________ |
| ਗ਼ਰੀਬ | ________ | ________ |
| ਰਾਤ | ________ | ________ |
| ਮਾਤਾ ਜੀ | ________ | ________ |

## 7. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :

ਮਾਹਾਨ : ____________

ਬਾਦਸਾਹ : ____________

ਗ੍ਰਿਫ਼ਤਾਰ : ____________

ਹਾਸਪਤਾਲ : ____________

ਜੋੜ ਮੇਲਾ : ____________

**ਸਾਹਿਬਜ਼ਾਦਿਆਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਤੇ ਇੱਕ ਲੇਖ ਲਿਖੋ।**

* * *

ਪਾਠ - 22

# ਗ਼ਰੀਬਨਵਾਜ਼

ਸੇਵਾਦਾਰ

ਆਹਮਾ

ਮੰਗਤੀ

ਘਾਹੀ

ਮੁੰਡਾ

ਲਾਂਗਰੀ

ਇੱਕ ਸਿੰਘ

ਦ੍ਰਿਸ਼ : ਲਾਹੌਰ ਸ਼ਾਹੀ ਕਿਲ੍ਹੇ ਦੇ ਸਾਮ੍ਹਣੇ ਦਾ ਹੈ। ਅਣਗਿਣਤ ਫ਼ਕੀਰ, ਸਾਂਈਂ ਤੇ ਗ਼ਰੀਬ ਮੰਗਤੇ ਖੜ੍ਹੇ ਹਨ। ਭੀੜ ਐਨੀ ਏ ਕਿ ਧੱਕੇ 'ਤੇ ਧੱਕਾ ਵੱਜ ਰਿਹਾ ਹੈ। ਕਈਆਂ ਦੇ ਹੱਥਾਂ ਵਿੱਚ ਰੋਟੀਆਂ ਹਨ, ਉਹ ਬੜੇ ਖ਼ੁਸ਼ ਜਾਪਦੇ ਹਨ। ਕਈ ਉੱਚੀਆਂ ਅੱਡੀਆਂ ਚੁੱਕ ਕੇ ਲੰਗਰ ਵੱਲ ਦੇਖਦੇ ਹਨ।

ਥੋੜ੍ਹੀ ਵਿੱਥ 'ਤੇ ਇੱਕ ਦਰਮਿਆਨੇ ਕੱਦ ਦਾ ਬੰਦਾ ਖੜ੍ਹਾ ਹੈ। ਉਸ ਦੇ ਕੱਪੜੇ ਬੜੇ ਹੀ ਸਾਦੇ ਹਨ। ਉਸ ਨੂੰ ਲੋਕੀਂ ਸੇਵਾਦਾਰ ਕਹਿੰਦੇ ਹਨ। ਇੱਕ ਮੰਗਤੀ ਦਾਲ਼ ਨਾਲ਼ ਭਰੀ ਕਟੋਰੀ ਤੇ ਹੱਥ ਵਿੱਚ ਰੋਟੀਆਂ ਲਈ ਆਉਂਦੀ ਹੈ। ਉਸ ਦੀ ਸੇਵਾਦਾਰ ਨਾਲ਼ ਟੱਕਰ ਹੋ ਜਾਂਦੀ ਹੈ ਤੇ ਰੋਟੀਆਂ ਭੁੰਜੇ ਡਿਗ ਪੈਂਦੀਆਂ ਹਨ।

ਸੇਵਾਦਾਰ : (ਪਿਛਾਂਹ ਮੁੜ ਕੇ) ਉਹ ਹੋ!

ਮੰਗਤੀ : ਵੇ ਭਾਈ! ਤੈਨੂੰ ਦਿਸਦਾ ਨਹੀਂ, ਅੱਖਾਂ ਫੁੱਟੀਆਂ ਹੋਈਆਂ ਨੀ!

ਸੇਵਾਦਾਰ : ਮਾਈ, ਮੇਰੀ ਤਾਂ ਅੱਖ ਫੁੱਟੀ ਹੋਈ ਏ, ਤੂੰ ਹੀ ਦੇਖ ਕੇ ਤੁਰਨਾ ਸੀ। ਘਾਬਰ ਨਾ ਮਾਈ, ਮੈਂ ਤੈਨੂੰ ਹੋਰ ਰੋਟੀਆਂ ਲਿਆ ਦਿੰਦਾ ਹਾਂ। ਤੂੰ ਇਹਨਾਂ ਨੂੰ ਚੁੱਕ ਕੇ ਕਾਂ-ਕੁੱਤਿਆਂ ਨੂੰ ਪਾ ਦੇ।

ਮੰਗਤੀ : (ਅੱਖਾਂ 'ਤੇ ਪੱਲਾ ਫੇਰ ਕੇ) ਰੱਬ ਤੇਰਾ ਭਲਾ ਕਰੇ!

(ਸੇਵਾਦਾਰ ਚਲਾ ਜਾਂਦਾ ਹੈ। ਮੰਗਤੀ ਮੁਸਕਰਾਉਂਦੀ ਹੋਈ ਰੋਟੀਆਂ ਚੁੱਕਦੀ ਹੈ, ਉਹਨਾਂ ਨੂੰ ਝਾੜ ਕੇ ਪੱਲੇ ਬੰਨ੍ਹ ਲੈਂਦੀ ਹੈ।)

(ਕੋਲ਼ ਖੜ੍ਹੇ ਇੱਕ ਬੁਢੜੇ ਨੂੰ ਵੇਖ ਕੇ) ਵੇ ਆਹਮਿਆ! ਕਿੰਨਾ ਕੁ ਚਿਰ ਇੱਥੇ ਖੜ੍ਹਾ ਰਵ੍ਹੇਂਗਾ?

ਆਹਮਾ : ਜਿੰਨਾ ਕੁ ਚਿਰ ਖੜ੍ਹ ਹੋ ਸਕਿਆ।

ਮੰਗਤੀ : ਅੱਗੇ ਵਧ ਕੇ ਰੋਟੀ ਕਿਉਂ ਨਹੀਂ ਲੈਂਦਾ?

ਆਹਮਾ : ਤੂੰ ਲੈ ਆਈ ਏਂ ?

ਮੰਗਤੀ : ਆਹੋ, ਪਰ ਅੱਜ ਭੀੜ ਬਹੁਤ ਏ।

ਆਹਮਾ : ਫੇਰ, ਤੈਨੂੰ ਕਿੱਦਾਂ ਮਿਲ਼ ਗਈ ?

ਮੰਗਤੀ : ਮੈਂ ਇੱਕ ਸਾਂਈਂ ਕੋਲ਼ੋਂ ਦੋ-ਤਿੰਨ ਰੋਟੀਆਂ ਮੰਗ ਲਈਆਂ ਸਨ ਤੇ ਉਹ ਸੇਵਾਦਾਰ ਨਾਲ਼ ਲੱਗ ਕੇ ਹੇਠਾਂ ਸੁੱਟ ਦਿੱਤੀਆਂ।

ਆਹਮਾ : ਜਾਣ-ਬੁੱਝ ਕੇ ?

ਮੰਗਤੀ : ਆਹੋ, ਤੇ ਹੋਰ ਸੱਚੀਂ-ਮੁੱਚੀਂ !

ਆਹਮਾ : ਤੂੰ ਬੜੀ ਚਲਾਕ ਏਂ !

ਮੰਗਤੀ : ਹੁਣ ਅੱਗੇ ਨਾਲ਼ੋਂ ਬਹੁਤ ਚੰਗੀ ਰੋਟੀ ਮਿਲ਼ੇਗੀ। ਸੇਵਾਦਾਰ ਬੜਾ ਚੰਗੈ। ਮੈਨੂੰ ਪਤਾ ਸੀ, ਤੂੰ ਵੀ ਉਸ ਦੀ ਮਿੰਨਤ ਕਰ ਜਾ ਕੇ।

ਆਹਮਾ : ਅਸੀਂ ਆਪਣੇ ਮਨ ਨੂੰ ਆਖਾਂਗੇ, 'ਮਨਾ ! ਰਤਾ ਕੁ ਹੋਰ ਸਬਰ ਕਰ।' ਕਿਸੇ ਨੂੰ ਕੀ ਆਖਣਾ ?

ਮੰਗਤੀ : ਖੜ੍ਹਾ ਰਹੁ ਫੇਰ ਇੱਥੇ, ਅੱਧੀ ਰਾਤ ਤੱਕ।

ਆਹਮਾ : ਤੂੰ ਆਪਣਾ ਕੰਮ ਕਰ ਜਾ ਕੇ, ਮੇਰਾ ਫ਼ਿਕਰ ਨਾ ਕਰ।

ਮੰਗਤੀ : ਹੱਥ-ਪੈਰ ਨਾ ਹਿਲਾਏਂਗਾ, ਕੋਈ ਮੂੰਹ ਵਿੱਚ ਆ ਕੇ ਪਾ ਜਾਏਗਾ ?

ਆਹਮਾ : ਉਹ ਅੱਲਾ ਦੇਣ ਵਾਲ਼ਾ ਏ, ਸਭ ਨੂੰ।

(ਇੱਕ ਪਾਸੇ ਨੂੰ ਤੁਰ ਜਾਂਦਾ ਹੈ।)

ਮੰਗਤੀ : ਬੁੱਢੇ ਦੀ ਕੀ ਮੱਤ ਮਾਰੀ ਹੋਈ ਏ !

ਸੇਵਾਦਾਰ : (ਰੋਟੀਆਂ ਫੜਾ ਕੇ) ਲੈ ਮਾਈ ! ਅੱਗੇ ਨਾਲ਼ੋਂ ਬਹੁਤੀਆਂ ਜੇ।

ਮੰਗਤੀ : ਭਾਈ ! ਤੂੰ ਬੜਾ ਚੰਗੈਂ।

ਸੇਵਾਦਾਰ : (ਹੱਸ ਕੇ) ਅੱਖਾਂ ਫੁੱਟੀਆਂ ਵਾਲ਼ਾ ਭਾਈ ਬੜੀ ਛੇਤੀ ਚੰਗਾ ਹੋ ਗਿਐ।

ਮੰਗਤੀ : (ਸ਼ਰਾਰਤ ਨਾਲ਼ ਮੁਸਕਰਾਉਂਦੀ ਹੋਈ) ਰੱਬ ਤੇਰੀ ਖ਼ੁਆਜੇ ਜਿੱਡੀ ਉਮਰ ਕਰੇ ! ਜੁੱਗ-ਜੁੱਗ ਜੀਵੇਂ ! (ਚਲੀ ਜਾਂਦੀ ਹੈ।)

ਸੇਵਾਦਾਰ : (ਉਸ ਵੱਲ ਦੇਖਦਾ ਹੋਇਆ) ਮਾਈ ਸਮਝਦੀ ਏ, ਸੇਵਾਦਾਰ ਬੁੱਧੂ ਏ ! (ਜ਼ਰਾ ਸੋਚ ਕੇ) ਜੇ ਗ਼ਰੀਬ ਇੰਨੇ ਵਿੱਚ ਖ਼ੁਸ਼ ਹੋ ਜਾਂਦੇ ਨੇ ਤੇ ਸੇਵਾਦਾਰ ਦਾ 'ਮਨ ਨੀਵਾਂ' ਰਹੇ ਤਾਂ ਹੀ ਚੰਗਾ। (ਇੱਕ ਬੰਦਾ ਬੜੀ ਮੌਜ ਨਾਲ਼ ਰੋਟੀਆਂ ਖਾਂਦਾ ਸੇਵਾਦਾਰ ਦੇ ਕੋਲ਼ ਦੀ ਲੰਘਦਾ ਹੈ।)

ਬੰਦਾ : ਤੇਰੀ ਸਦਾ ਈ ਜੈ ! ਓਏ ! ਲੰਗਰ ਚਲਾਉਣ ਵਾਲ਼ਿਆ !

ਸੇਵਾਦਾਰ : ਜੁਆਨ ! ਕੱਲ੍ਹ ਤੂੰ ਇਸ ਤੋਂ ਉਲਟ ਬੋਲ ਰਿਹਾ ਸੈਂ।

ਬੰਦਾ : ਕੱਲ੍ਹ ਖ਼ਾਸ ਗੱਲ ਸੀ, ਲਾਂਗਰੀ ਨੇ ਖ਼ਾਰ ਨਾਲ਼ ਮੈਨੂੰ ਰੋਟੀ ਨਹੀਂ ਸੀ ਦਿੱਤੀ।

ਸੇਵਾਦਾਰ : ਉਸ ਠੀਕ ਕੀਤਾ ਸੀ। ਮੈਂ ਹੀ ਉਸ ਨੂੰ ਆਖਿਆ ਸੀ।

ਬੰਦਾ : ਭਾਈ ਸਾਹਿਬ ! ਇਹ ਕੀ ਹਨੇਰ ਮਾਰਦੇ ਓ ?

ਸੇਵਾਦਾਰ : ਲੰਗਰ—ਮੁਥਾਜ, ਲੰਗੜੇ, ਲੂਲ੍ਹੇ, ਗ਼ਰੀਬ-ਗ਼ੁਰਬਿਆਂ ਲਈ ਏ, ਨਾ ਕਿ ਤੇਰੇ ਵਰਗੇ ਹੱਟੇ-ਕੱਟੇ ਕਮਾਊਆਂ ਲਈ।

ਬੰਦਾ : ਭਾਈ, ਤੈਨੂੰ ਭੁਲੇਖੈ, ਮੈਂ ਤਾਂ ਸਗੋਂ ਬਹੁਤ ਗ਼ਰੀਬ ਆਂ।

ਸੇਵਾਦਾਰ : ਸਰਕਾਰੀ ਘਾਹੀ ਕਦੇ ਗ਼ਰੀਬ ਨਹੀਂ ਹੋ ਸਕਦਾ। ਉਸ ਨੂੰ ਬੜੇ ਪੈਸੇ ਮਿਲ਼ਦੇ ਨੇ।

ਘਾਹੀ : (ਸਿਰੋਂ ਫੜੇ ਵਾਂਗ) ਤੈਨੂੰ ਕਿੱਦਾਂ ਪਤੈ, ਮੈਂ ਘਾਹੀ ਹਾਂ ?

ਸੇਵਾਦਾਰ : ਮੈਂ ਕਈ ਵਾਰ ਤੈਨੂੰ ਘਾਹ ਲਈ ਆਉਂਦੇ ਦੇਖਿਐ।

ਘਾਹੀ : ਭਾਈ, ਤੈਨੂੰ ਹੀ ਪਤੈ ਕਿ ਕਿਸੇ ਹੋਰ ਨੂੰ ਵੀ ?

ਸੇਵਾਦਾਰ : ਮਹਾਰਾਜੇ ਨੂੰ ਵੀ ਪਤੈ।

ਘਾਹੀ : (ਘਬਰਾ ਕੇ) ਮਹਾਰਾਜੇ ਨੂੰ ? ਕਦੇ ਨਹੀਂ ਹੋ ਸਕਦਾ।

ਸੇਵਾਦਾਰ : ਮਹਾਰਾਜੇ ਨੂੰ ਹਰੇਕ ਦਾ ਪਤੈ। ਘਾਹੀ ਤੋਂ ਲੈ ਕੇ ਵਜ਼ੀਰ ਤੱਕ ਸਭ ਉਸ ਦੀ ਨਜ਼ਰ ਵਿੱਚ ਰਹਿੰਦੇ ਨੇ।

ਘਾਹੀ : ਪਰ ਮੈਂ ਤਾਂ ਜੰਮ ਕੇ ਵੀ ਕਦੇ ਘਾਹ ਨਹੀਂ ਖੋਤਿਆ।

ਸੇਵਾਦਾਰ : ਕਿਉਂ ਨਿੱਕੀ ਜਿਹੀ ਗੱਲ 'ਤੇ ਝੂਠ ਬੋਲਦੈਂ ? ਜੇ ਤੇਰਾ ਗੁਜ਼ਾਰਾ ਨਹੀਂ ਹੁੰਦਾ, ਮੈਂ ਹਜ਼ੂਰ ਨੂੰ ਕਹਿ ਕੇ ਹੋਰ ਪੈਸੇ ਵਧਵਾ ਸਕਦਾਂ।

ਘਾਹੀ : (ਹੱਥ ਜੋੜ ਕੇ) ਨਾ, ਓਇ ਬਾਬਾ ! ਮੈਨੂੰ ਪੈਸਿਆਂ ਦੀ ਕੋਈ ਲੋੜ ਨਹੀਂ।

ਸੇਵਾਦਾਰ : ਤੇ ਹੋਰ ਤੂੰ ਕੀ ਚਾਹੁੰਦੈਂ ?

ਘਾਹੀ : ਲੰਗਰ ਦੇ ਪਰਸ਼ਾਦੇ।

ਸੇਵਾਦਾਰ : ਜੇ ਤੈਨੂੰ ਕਾਫ਼ੀ ਪੈਸੇ ਮਿਲ਼ਨ ਤੂੰ ਚੰਗੀ ਰੋਟੀ ਖਾ ਸਕਦਾ ਏਂ।

ਘਾਹੀ : ਨਹੀਂ, ਇਹੋ ਤਾਂ ਗ਼ਰੀਬਾਂ ਨੂੰ ਮਾਰ ਏ। ਪੈਸੇ ਉਹਨਾਂ ਪਾਸ ਜਿੰਨੇ ਮਰਜ਼ੀ ਹੋਣ, ਉਹ ਖਾ-ਹੰਢਾ ਨਹੀਂ ਸਕਦੇ।

ਸੇਵਾਦਾਰ : ਫੇਰ, ਨਾਲ਼ੇ ਚੋਪੜੀਆਂ ਨਾਲ਼ੇ ਦੋ-ਦੋ, ਤੈਨੂੰ ਕਿੰਨਾ ਕੁ ਚਿਰ ਮਿਲ਼ਦੀਆਂ ਰਹਿਣਗੀਆਂ ?

ਘਾਹੀ : ਜਿੰਨਾ ਚਿਰ ਤੇਰੀ ਦਇਆ ਰਹੀ।

ਸੇਵਾਦਾਰ : ਪਤਾ ਈ, ਮਹਾਰਾਜ ਦਾ ਕੀ ਹੁਕਮ ਏ ?

ਘਾਹੀ : (ਮਚਲਾ ਹੋ ਕੇ) ਮੈਨੂੰ ਤਾਂ ਕੋਈ ਪਤਾ ਨਹੀਂ।

ਸੇਵਾਦਾਰ : ਕੋਈ ਵੀ ਨਿੱਕਾ-ਮੋਟਾ ਸਰਕਾਰੀ ਮੁਲਾਜ਼ਮ ਲੰਗਰ ਵਿੱਚੋਂ ਰੋਟੀ ਨਹੀਂ ਖਾ ਸਕਦਾ। ਜੇ ਪਤਾ ਲੱਗ ਗਿਆ, ਫੇਰ ?

ਘਾਹੀ : (ਤਰਲੇ ਨਾਲ਼) ਭਾਈ ਸਾਹਿਬ ਜੀ, ਤੁਹਾਨੂੰ ਚਿੱਟੇ ਦਾੜ੍ਹੇ ਦੀ ਸਹੁੰ, ਜੇ ਗੱਲ ਕੀਤੀ ਊ, ਅੱਗੇ।

ਸੇਵਾਦਾਰ : ਮੈਂ ਤਾਂ ਆਪਣੇ ਫ਼ਰਜ਼ ਦੀ ਪਾਲਣਾ ਕਰਨੀ ਏਂ।

ਘਾਹੀ : (ਇਕਦਮ ਬਦਲ ਕੇ) ਜਾਹ, ਦੱਸ ਦੇ। ਮੈਨੂੰ ਮਹਾਰਾਜ ਨੇ ਕੀ ਆਖਣੈ ? ਫਾਹੇ ਤਾਂ ਕਦੇ ਉਸ ਬੜੇ ਭਾਰੀ ਅਪਰਾਧੀ ਨੂੰ ਵੀ ਨਹੀਂ ਲਾਇਆ, ਮੈਂ ਕਿਹੜਾ ਖ਼ੂਨ ਕਰ ਦਿੱਤੈ ?

ਸੇਵਾਦਾਰ : ਦਰਬਾਰ ਵਿੱਚ ਤਾਂ ਪੇਸ਼ ਹੋਣਾ ਪਵੇਗਾ ਨਾ!

ਘਾਹੀ : ਫੇਰ ਕੀ ਹੋਵੇਗਾ ?

ਸੇਵਾਦਾਰ : ਸੁੱਕਾ ਬਚ ਕੇ ਨਹੀਂ ਆਉਂਦਾ।

ਘਾਹੀ : ਠੀਕ ਏ, ਕੋਈ ਨਾ ਕੋਈ ਖ਼ੂਹ-ਖਾਹ ਜਾਂ ਉਮਰ ਦੀਆਂ ਰੋਟੀਆਂ ਈ ਲੈ ਕੇ ਆਵਾਂਗਾ।

ਸੇਵਾਦਾਰ : (ਮੁਸਕਰਾ ਕੇ) ਖ਼ੂਹ ਕਿਸੇ ਇਨਾਮੀ ਕੰਮ ਤੋਂ ਬਿਨਾਂ ਮਿਲ਼ਦੇ ਨੇ, ਐਵੇਂ!

ਘਾਹੀ : ਇਨਾਮੀ ਕੰਮ ਜੋਗਾ ਸਾਨੂੰ ਛੱਡਿਆ ਕਿੱਥੇ ਐ, ਸਿੰਘਾਂ ਨੇ ? ਸਾਡਾ ਤੇ ਬੇੜਾ ਗ਼ਰਕ ਕਰ ਦਿੱਤਾ।

ਸੇਵਾਦਾਰ : (ਹੈਰਾਨ ਹੋ ਕੇ) ਕਿਸੇ ਤੰਗ ਕੀਤਾ ? ਮੈਨੂੰ ਦੱਸ।

ਘਾਹੀ : ਅੱਗੇ ਵੇਲ਼ੇ-ਕੁਵੇਲ਼ੇ ਲੁੱਟ-ਮਾਰ ਹੁੰਦੀ ਰਹਿੰਦੀ ਸੀ, ਸਾਡਾ ਵੀ ਚੰਗਾ ਹੱਥ ਪੈ ਜਾਂਦਾ ਸੀ ਪਰ ਜਦੋਂ ਦਾ ਮਹਾਰਾਜੇ ਨੇ ਲਾਹੌਰ 'ਤੇ ਕਬਜ਼ਾ ਕੀਤਾ, ਕੋਈ ਚੂੰ ਤੱਕ ਨਹੀਂ ਕਰਦਾ।

ਸੇਵਾਦਾਰ : (ਹੱਸ ਕੇ) ਫੇਰ, ਹੁਣ ਚੰਗਾ ਕਿ ਬਿਨਾਂ ਮਾਰ-ਧਾੜ ਤੋਂ ਰੋਟੀ ਮਿਲ਼ ਜਾਂਦੀ ਹੈ।

ਘਾਹੀ : ਭਾਈ ਜੀ, ਪਤਾ ਲੱਗੇ ਜੇ ਭਾਦਰੋਂ ਦੀ ਤਿੱਖੀ ਧੁੱਪ ਵਿੱਚ ਘਾਹ ਖੋਤਣਾ ਪਏ। ਚੁੱਪ ਕਰਕੇ ਖੜ੍ਹੇ ਰਹਿੰਦੇ ਓ, ਇੱਥੇ।

ਸੇਵਾਦਾਰ : ਪਰ ਦਸਾਂ-ਨਹੁੰਆਂ ਦੀ ਸੁੱਚੀ ਕਿਰਤ ਨਾਲ਼ ਜਿਹੜਾ ਅਨੰਦ ਆਉਂਦੈ, ਓਹ ਹੋਰ ਕਿਸੇ ਤਰ੍ਹਾਂ ਵੀ ਨਹੀਂ ਆ ਸਕਦਾ।

ਘਾਹੀ : ਚੰਗਾ, ਦੋ-ਚਾਰ ਦਿਨ ਤੂੰ ਮੇਰੀ ਥਾਂ ਅਨੰਦ ਲੈ ਤੇ ਮੈਂ ਤੇਰੀ ਥਾਂ ਲੈਂਦਾਂ।

ਸੇਵਾਦਾਰ : ਮਨਜ਼ੂਰ ਏ, ਮੈਨੂੰ ਪੱਲੀ ਤੇ ਰੰਬਾ ਲਿਆ ਦੇਈਂ।

ਘਾਹੀ : ਤੂੰ ਮੈਨੂੰ ਆਪਣੇ ਕੱਪੜੇ ਲਾਹ ਦੇਈਂ।

ਸੇਵਾਦਾਰ : ਚੰਗਾ, ਚੰਗਾ।

ਘਾਹੀ : ਕੱਲ੍ਹ ਨੂੰ ਐਸ ਵੇਲ਼ੇ ਇੱਥੇ ਰਹਿਣਾ ਫੇਰ।

(ਸੇਵਾਦਾਰ ਚਲਾ ਜਾਂਦਾ ਹੈ। ਕੁਝ ਨਿੱਕੇ-ਨਿੱਕੇ ਮੁੰਡੇ ਉਸ ਦੇ ਦੁਆਲ਼ੇ ਇਕੱਠੇ ਹੋ ਜਾਂਦੇ ਹਨ।)

ਆਹਮਾ : ਓਇ, ਜੁਆਨ!

ਘਾਹੀ : ਕੀ ਹੋਇਆ ਬੁੱਢਿਆ, ਤੈਨੂੰ ?

ਆਹਮਾ : ਐਥੇ ਕਿਤੇ ਮੇਰਾ ਪੋਤਾ ਨਹੀਂ ਵੇਖਿਆ ?

ਘਾਹੀ : ਪਟਾ ਪਿਆ ਹੋਇਆ ਏ, ਤੇਰੇ ਪੋਤਰੇ ਦੇ ਗਲ਼ ?

ਆਹਮਾ : ਬੜਾ ਖ਼ਰ੍ਹਵਾ ਬੋਲਦੈਂ!

ਘਾਹੀ : ਢਿੱਡ ਵਿੱਚ ਰੋਟੀਆਂ ਪਈਆਂ ਹੋਈਆਂ ਨੇ।

(ਘਾਹੀ ਗੱਲ ਕਹਿ ਕੇ ਚਲਾ ਜਾਂਦਾ ਹੈ। ਆਹਮਾ ਉਸੇ ਥਾਂ ਖੜ੍ਹਾ ਅਵਾਜ਼ਾਂ ਮਾਰਦਾ ਹੈ।)

ਮੁੰਡਾ : ਬਾਬਾ! ਬਾਬਾ! ਬੁੱਝ ਮੇਰੀ ਮੁੱਠੀ ਵਿੱਚ ਕੀ ਏ ?

ਆਹਮਾ : (ਹੱਥ ਫੜ ਕੇ) ਓਇ, ਤੂੰ ਕਿੱਥੇ ਰਿਹੈਂ ? ਉਰੇ ਕਰ ਹੱਥ, ਦੇਖਾਂ, ਕੀ ਏ ?

ਮੁੰਡਾ : (ਹੱਥ ਛੁਡਾ ਕੇ ਜਾਣ ਲੱਗਦਾ ਹੈ) ਮੈਂ ਨੀ ਦਿੰਦਾ।

ਆਹਮਾ : (ਫੜ ਕੇ) ਅੱਛਾ, ਮੈਂ ਨਹੀਂ ਤੇਰੀ ਚੀਜ਼ ਲੈਂਦਾ। ਦੱਸ, ਦੱਸ ਹੈ ਕੀ ?

ਮੁੰਡਾ : ਚਾਰ ਮਸੂਰੀ ਪੈਸੇ।

ਆਹਮਾ : ਓਇ, ਕਿੱਥੋਂ ਲਏ ਨੀ ?

ਮੁੰਡਾ : ਇੱਕ ਬਾਬੇ ਨੇ ਦਿੱਤੇ ਐ।

ਆਹਮਾ : ਕਿਹੜੇ ਬਾਬੇ ਨੇ ?

ਮੁੰਡਾ : ਹੈ ਸੀ, ਇੱਕ ਕਾਣਾ ਜਿਹਾ। ਮੁੰਡੇ ਉਸ ਨੂੰ ਛੇੜਦੇ ਸੀ। ਉਸ ਨੇ ਪੈਸੇ ਦੇ ਕੇ ਨਠਾ ਦਿੱਤੇ। ਮੈਂ ਵੀ ਕੋਲ਼ ਖੜ੍ਹਾ ਸੀ, ਮੈਨੂੰ ਵੀ ਇਹ ਮਿਲ਼ ਗਏ।

ਆਹਮਾ : ਕਾਕਾ! ਉਹ ਕਿਤੇ ਮਹਾਰਾਜਾ ਤੇ ਨਹੀਂ ਸੀ ?

ਮੁੰਡਾ : ਮਹਾਰਾਜਾ!

ਆਹਮਾ : ਆਹੋ, ਮਹਾਰਾਜਾ ਨਿੱਕੇ ਮੁੰਡਿਆਂ ਨੂੰ ਬਹੁਤ ਪਿਆਰ ਕਰਦੈ।

ਮੁੰਡਾ : ਮਹਾਰਾਜੇ ਕਿਤੇ ਇਹੋ-ਜਿਹੇ ਹੁੰਦੇ ਨੇ ? ਉਹਦੇ ਤਾਂ ਕੱਪੜੇ ਐਵੇਂ-ਕਿਵੇਂ ਦੇ ਸੀ।

ਆਹਮਾ : ਪੁੱਤਰ, ਮਹਾਰਾਜਾ ਬਹੁਤ ਸਾਦਾ ਏ। ਤੈਨੂੰ ਮੈਂ ਦੱਸਿਆ ਸੀ, ਇੱਕ ਵਾਰ ਮੈਂ ਪੱਗ ਉਣ ਕੇ ਮਹਾਰਾਜੇ ਨੂੰ ਭੇਟ ਕੀਤੀ ਸੀ, ਕਈ ਸਾਲ ਉਸ ਬੰਨ੍ਹ ਛੱਡੀ।

ਮੁੰਡਾ : ਕਦੋਂ ਦੀ ਗੱਲ ਏ, ਬਾਬਾ ?

ਆਹਮਾ : ਇੱਕ ਵਾਰ ਭੇਸ ਬਦਲ ਕੇ ਸਾਡੇ ਪਿੰਡ ਚਕਰੀਆਂ ਗਿਆ ਸੀ। ਮੈਨੂੰ ਸੂਹ ਲੱਗ ਗਈ, ਮੈਂ ਪੱਗ ਪੇਸ਼ ਕੀਤੀ। ਸਾਨੂੰ ਖੱਡੀਆਂ ਲਈ ਬਹੁਤ ਇਨਾਮ ਦਿੱਤਾ।

ਮੁੰਡਾ : ਹੁਣ ਤੈਨੂੰ ਪਛਾਣ ਨਾ ਲਵੇਗਾ, ਮਹਾਰਾਜਾ ?

ਆਹਮਾ : ਕਾਕਾ, ਉਹ ਬਾਦਸ਼ਾਹ ਹੋਇਆ, ਅਸੀਂ ਮਾਮੂਲੀ ਗ਼ਰੀਬ ਜੁਲਾਹੇ ! ਕਿੱਥੇ ਰਾਜਾ ਭੋਜ, ਕਿੱਥੇ ਗੰਗੂ ਤੇਲੀ ?

ਮੁੰਡਾ : ਨਾਲ਼ੇ ਤੂੰ ਕਹਿੰਦਾ ਹੁੰਦੈਂ, ਰਾਜਾ ਪਰਜਾ ਦਾ ਮਾਈ-ਬਾਪ ਹੁੰਦੈ।

ਆਹਮਾ : ਇਹ ਤਾਂ ਸੱਚ ਐ ਪਰ.....

ਮੁੰਡਾ : ਫੇਰ, ਮਾਪੇ ਪੁੱਤਰਾਂ ਨੂੰ ਭੁੱਲ ਜਾਂਦੇ ਨੇ ?

ਆਹਮਾ : ਬੱਚਾ, ਰਾਜੇ ਨੂੰ ਹੋਰ ਬੜੇ ਕੰਮ ਹੁੰਦੇ ਨੇ। (ਗੱਲ ਟਾਲ਼ਨ ਲਈ) ਦੇਖ ਖ਼ਾਂ, ਕਿੰਨੇ ਕੁ ਆਦਮੀ ਰਹਿ ਗਏ ?

ਮੁੰਡਾ : ਕੋਈ ਵੀ ਨਹੀਂ, ਸਭ ਚਲੇ ਗਏ।

ਆਹਮਾ : ਚੱਲ ਫੇਰ ਅਸੀਂ ਵੀ ਰੋਟੀ ਲੈ ਆਈਏ, ਫੜ ਮੇਰਾ ਸੋਟਾ।

(ਮੁੰਡਾ ਬਾਬੇ ਨੂੰ ਫੜ ਕੇ ਲੰਗਰ ਵੱਲ ਲੈ ਜਾਂਦਾ ਹੈ।)

ਆਹਮਾ : ਭਾਈ ਜੀ ! ਸਾਨੂੰ ਵੀ ਮਿਲ਼ ਜਾਏ, ਰੁੱਖਾ-ਮਿੱਸਾ ਪਰਸ਼ਾਦਾ।

ਲਾਂਗਰੀ : ਬੁੱਢਿਆ ! ਤੈਨੂੰ ਹੁਣ ਜਾਗ ਆਈ ਏ ?

ਆਹਮਾ : ਮੈਂ ਤਾਂ ਚਿਰੋਕਣਾ ਇੱਥੇ ਖੜ੍ਹਾਂ।

ਲਾਂਗਰੀ : ਫੇਰ ਅੱਗੇ ਹੋ ਕੇ ਲੈਣਾ ਸੀ।

ਆਹਮਾ : ਮੈਂ ਕਿਹਾ ਕੋਈ ਧੱਕਾ ਮਾਰੇਗਾ, ਮੇਰੀਆਂ ਅੱਖਾਂ ਦੀ ਲੋ ਨਹੀਂ ਨਾ !

ਲਾਂਗਰੀ : ਜਾਹ ਫੇਰ, ਹੁਣ ਕੱਲ੍ਹ ਨੂੰ ਆਵੀਂ।

ਮੁੰਡਾ : ਬਾਬਾ ! ਬਾਬਾ !!

ਸੇਵਾਦਾਰ : ਕੀ ਗੱਲ ਏ, ਭਾਈ ਸਾਹਿਬ ?

ਲਾਂਗਰੀ : ਗੱਲ ਕੀ ਹੋਣੀ ਏ, ਲੰਗਰ ਮਸਤਾਨਾ ਹੋ ਗਿਆ ਏ ਤੇ ਇਹ ਬੁੱਢਾ ਹੁਣ ਆਇਆ ਏ।

ਸੇਵਾਦਾਰ : ਸਭ ਕੁਝ ਖ਼ਤਮ ਹੋ ਗਿਆ ਏ ?

ਲਾਂਗਰੀ : ਕੋਈ ਵੀ ਚੀਜ਼ ਨਹੀਂ ਰਹਿੰਦੀ।

ਸੇਵਾਦਾਰ : ਤਾਂ ਫੇਰ ਇਸ ਨੂੰ ਸੁੱਕੀ ਰਸਦ ਦੇ ਦਿਓ।

ਆਹਮਾ : ਅੱਲਾ ਤੇਰਾ ਭਲਾ ਕਰੇ !

ਸੇਵਾਦਾਰ : ਮੈਂ ਕਿਹਾ, ਇਸ ਬਾਬੇ ਨੂੰ ਛੇਤੀ ਇੱਕ ਹਫ਼ਤੇ ਦੀ ਸੁੱਕੀ ਰਸਦ ਦੇ ਦਿਓ।

ਲਾਂਗਰੀ : (ਅਵਾਜ਼ ਪਛਾਣ ਕੇ ) ਹੁਣੇ ਦਿੰਦਾਂ ਜੀ।

ਆਹਮਾ : ਇੱਕ ਹਫ਼ਤੇ ਪਿੱਛੋਂ ਫੇਰ ਆਵਾਂਗਾ ?

ਸੇਵਾਦਾਰ : ਚਲੋ, ਦੋ ਹਫ਼ਤੇ ਦੀ ਦੇ ਦਿਓ।

ਲਾਂਗਰੀ : ਬਹੁਤ ਅੱਛਾ, ਜੀ।

(ਲਾਂਗਰੀ ਅੰਦਰ ਚਲਾ ਜਾਂਦਾ ਹੈ। )

ਮੁੰਡਾ : (ਹੌਲ਼ੀ) ਬਾਬਾ! ਬਾਬਾ!!

ਆਹਮਾ : ਕਿਉਂ ਰੌਲ਼ਾ ਪਾਇਆ ਈ ? ਚੁੱਪ ਕਰ ਕੇ ਖੜ੍ਹਾ ਰਹਿ।

(ਮੁੰਡਾ ਸੇਵਾਦਾਰ ਵੱਲ ਦੇਖੀ ਜਾਂਦਾ ਹੈ। ਸੇਵਾਦਾਰ ਚੁੱਪ-ਚਾਪ ਉਸ ਨੂੰ ਪੈਸੇ ਦੇ ਕੇ ਇੱਕ ਪਾਸੇ ਚਲਾ ਜਾਂਦਾ ਹੈ। ਮੁੰਡਾ ਹੈਰਾਨੀ ਵਿੱਚ ਖੜ੍ਹਾ ਰਹਿੰਦਾ ਹੈ।)

(ਲਾਂਗਰੀ ਰਸਦ ਲਿਆਉਂਦਾ ਹੈ ਤੇ ਏਧਰ-ਓਧਰ ਦੇਖਦਾ ਹੈ।)

ਲਾਂਗਰੀ : ਲੈ ਬਾਬਾ, ਕੱਪੜੇ ਸਣੇ ਚੁੱਕ ਲੈ, ਜਾਹ।

ਆਹਮਾ : ਕਾਕਾ, ਚੁਕਾਏਂਗਾ ?

ਮੁੰਡਾ : ਮੈਥੋਂ ਨੀ ਚੁੱਕ ਹੋਣਾ, ਭਾਰ ਬਹੁਤਾ।

(ਦੋਵੇਂ ਕਾਫ਼ੀ ਦੇਰ ਤੱਕ ਕੋਸ਼ਸ਼ ਕਰਦੇ ਰਹਿੰਦੇ ਹਨ ਤੇ ਅਖ਼ੀਰ ਹਾਰ ਜਾਂਦੇ ਹਨ।)

ਆਹਮਾ : ਹੁਣ ਕਿੱਦਾਂ ਕਰੀਏ, ਬੱਚਾ ?

ਮੁੰਡਾ : ਥੋੜ੍ਹਾ ਹੁਣ ਲੈ ਜਾਨੇ ਆਂ, ਥੋੜ੍ਹਾ ਫਿਰ ਲੈ ਜਾਵਾਂਗੇ।

(ਸੇਵਾਦਾਰ ਆਉਂਦਾ ਹੈ।)

ਸੇਵਾਦਾਰ : ਕੀ ਗੱਲ ਏ ?

ਮੁੰਡਾ : ਬਾਬਾ! ਬਾਬਾ!!

ਆਹਮਾ : ਓਇ, ਗੱਲ ਵੀ ਕਰ!

ਸੇਵਾਦਾਰ : ਬਾਬਾ, ਬਹੁਤਾ ਭਾਰ ਹੋ ਗਿਆ ਜੇ ?

ਆਹਮਾ : ਜੀ, ਲਾਲਚ ਜਿਹਾ ਹੋ ਗਿਆ।

ਸੇਵਾਦਾਰ : ਲਿਆ ਮੈਂ ਛੱਡ ਆਵਾਂ, ਕਿੱਥੇ ਕੁ ਜਾਣੈਂ ?

ਆਹਮਾ : ਰੱਬ ਤੇਰਾ ਭਲਾ ਕਰੇ, ਮੋਚੀ ਦਰਵਾਜ਼ੇ।

ਸੇਵਾਦਾਰ : (ਚੁੱਕ ਕੇ) ਆਈ ਜਾ ਫੇਰ, ਮੇਰੇ ਮਗਰ-ਮਗਰ।

ਮੁੰਡਾ : (ਬਹੁਤ ਹੌਲ਼ੀ) ਬਾਬਾ! ਇਹ ਓਹੀ ਏ, ਕਾਣਾ ਬਾਬਾ; ਜਿਨ੍ਹੇ ਮੈਨੂੰ ਪੈਸੇ ਦਿੱਤੇ ਸੀ ?

ਆਹਮਾ : (ਹੱਥੋਂ ਸੋਟੀ ਡਿਗ ਪੈਂਦੀ ਹੈ ਅਤੇ ਹੈਰਾਨੀ ਵਿੱਚ) ਕਿਤੇ ਮਹਾਰਾਜਾ ਤੇ ਨਹੀਂ ?

ਮੁੰਡਾ : ਤੂੰ ਸੁਣਦਾ ਨਹੀਂ ਸੀ, ਮੇਰੀ ਗੱਲ।

ਸਿੰਘ : ਜੈ, ਸ੍ਰੀ ਮਹਾਰਾਜ!

(ਸੇਵਾਦਾਰ ਉਸ ਨੂੰ ਇਸ਼ਾਰੇ ਨਾਲ਼ ਚੁੱਪ ਕਰਾਉਂਦਾ ਹੈ ਪਰ ਆਹਮਾ ਸੁਣ ਲੈਂਦਾ ਹੈ।)

ਸੇਵਾਦਾਰ : ਬਾਬਾ! ਕੀ ਹੋਇਆ ?

ਆਹਮਾ : ਹਜ਼ੂਰ! ਮੈਨੂੰ ਨਹੀਂ ਸੀ ਪਤਾ, ਤੁਸੀਂ ਸ੍ਰੀ ਮਹਾਰਾਜਾ ਹੋ।

ਸੇਵਾਦਾਰ : ਤੈਨੂੰ ਭੁਲੇਖਾ ਲੱਗਾ, ਬਾਬਾ! ਮੈਂ ਤਾਂ ਸੇਵਾਦਾਰ ਹਾਂ।

ਆਹਮਾ : ਗ਼ਰੀਬਨਵਾਜ਼, ਮਾਫ਼ ਕਰ ਦਿਓ, ਮੈਨੂੰ ਨਹੀਂ ਸੀ ਪਤਾ।

ਸੇਵਾਦਾਰ : (ਹੱਸਦਾ ਹੋਇਆ, ਮੁੰਡੇ ਨੂੰ) ਤੂੰ ਸ਼ਤਾਨ ਏਂ, ਤੈਨੂੰ ਪੈਸੇ ਨਹੀਂ ਦਿਆ ਕਰਨੇ। ਬਾਬਾ, ਕੋਈ ਗੱਲ ਨਹੀਂ। ਤੂੰ ਮੇਰਾ ਬਹੁਤ ਪੁਰਾਣਾ ਬੇਲੀ ਏਂ। ਚੇਤੇ ਈ ਨਾ! ਤੂੰ ਮੈਨੂੰ ਪੱਗ ਦਿੱਤੀ ਸੀ। ਮੇਰੇ ਕੋਲ਼ ਅਜੇ ਵੀ ਏ। ਕਿਤੇ-ਕਿਤੇ ਬੰਨ੍ਹਦਾ ਹੁੰਦਾ ਹਾਂ।

ਆਹਮਾ : (ਚਿਹਰਾ ਲਾਲ ਹੋ ਜਾਂਦਾ ਹੈ) ਹਜ਼ੂਰ! ਤੁਹਾਨੂੰ ਚੇਤੇ ?

ਸੇਵਾਦਾਰ : ਮਾਪਿਆਂ ਨੂੰ ਪੁੱਤਰਾਂ ਦਾ ਚੇਤਾ ਭੁੱਲ ਸਕਦਾ ਏ ?

ਆਹਮਾ : (ਪੈਰਾਂ 'ਤੇ ਢਹਿ ਕੇ) ਗ਼ਰੀਬਨਵਾਜ਼, ਬਖ਼ਸ਼ੋ!

ਸੇਵਾਦਾਰ : (ਉਸ ਨੂੰ ਉਠਾਲ਼ ਕੇ) ਜਾਹ ਬਾਬਾ, ਤੈਨੂੰ ਹੁਣ ਏਥੇ ਆਉਣ ਦੀ ਕੋਈ ਲੋੜ ਨਹੀਂ, ਸਭ ਕੁਝ ਤੇਰੇ ਘਰ ਪੁੱਜ ਜਾਇਆ ਕਰੇਗਾ। ਤੇਰੀ ਉਮਰ ਹੁਣ ਕੰਮ ਕਰਨ ਦੀ ਨਹੀਂ ਰਹੀ।

ਆਹਮਾ : ਅੰਨ ਦਾਤਾ! ਤੇਰਾ ਦੋਹੀਂ ਜਹਾਨੀ ਜਸ ਹੋਵੇ। ਸਾਡੇ ਗ਼ਰੀਬਾਂ ਕੋਲ਼ ਸਿਵਾਏ ਅਸੀਸਾਂ ਦੇ, ਹੋਰ ਹੈ ਵੀ ਕੀ ? ਤੇਰੀ ਜੈ ਹੋਵੇ!

(ਕੋਲ਼ ਖੜ੍ਹਾ ਸਿੰਘ ਰਸਦ ਚੁੱਕ ਕੇ ਬਾਬੇ ਨੂੰ ਨਾਲ਼ ਲੈ ਕੇ ਚਲਾ ਜਾਂਦਾ ਹੈ। ਪਰ ਸੇਵਾਦਾਰ ਉੱਥੇ ਹੀ ਖੜ੍ਹਾ ਉਹਨਾਂ ਵੱਲ ਦੇਖਦਾ ਰਹਿੰਦਾ ਹੈ।)

(ਪਰਦਾ)

## ਪਾਠ- ਅਭਿਆਸ

**1. ਦੱਸੋ :**

(ੳ) ਲੰਗਰ ਵਿੱਚੋਂ ਰੋਟੀਆਂ ਲੈਣ ਆਈ ਮੰਗਤੀ ਨੇ ਪਹਿਲਾਂ ਮਿਲ਼ੀਆਂ ਰੋਟੀਆਂ ਕਿਉਂ ਸੁੱਟ ਦਿੱਤੀਆਂ ਸਨ ?

(ਅ) ਮਹਾਰਾਜਾ ਰਣਜੀਤ ਸਿੰਘ ਨੇ ਲੰਗਰ ਕਿਨ੍ਹਾਂ ਲੋਕਾਂ ਲਈ ਚਲਾਇਆ ਸੀ ?

(ੲ) ਸੇਵਾਦਾਰ ਘਾਹੀ ਨੂੰ ਕੀ ਸਮਝਾਉਂਦਾ ਹੈ ?

(ਸ) ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉੱਤੇ ਕਬਜ਼ਾ ਕਰਨ 'ਤੇ ਘਾਹੀ ਕਿਉਂ ਦੁੱਖ ਮਹਿਸੂਸ ਕਰ ਰਿਹਾ ਸੀ ?

(ਹ) ਆਹਮਾ ਮਹਾਰਾਜਾ ਰਣਜੀਤ ਸਿੰਘ ਦੇ ਕੀ ਗੁਣ ਗਾਉਂਦਾ ਹੈ ?

(ਕ) ਆਹਮੇ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਕਿਵੇਂ ਪਛਾਣ ਹੋਈ ?

2. **ਹੇਠਾਂ ਦਿੱਤੇ ਸ਼ਬਦ ਗੁਰਮੁਖੀ ਅਤੇ ਦੇਵਨਾਗਰੀ ਦੋਂਹਾਂ ਲਿਪੀਆਂ ਵਿੱਚ ਲਿਖੇ ਹਨ। ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ :**

| | | | | | | | | |
|---|---|---|---|---|---|---|---|---|
| ਅੱਡੀਆਂ | : | एड़ियां | ਜੁਆਨ | : | जवान | ਅਣਗਿਣਤ | : | अनगिनत |
| ਮਰਜ਼ੀ | : | मर्जी | ਪੱਲਾ | : | पल्लू | ਬੰਨ੍ਹਣਾ | : | बाँधना |
| ਚਲਾਕ | : | चालाक | ਸੁੱਕੀ | : | सूखी | ਅੱਧੀ | : | आधी |
| ਬੁੱਧੂ | : | बुद्धू | ਪਰਜਾ | : | प्रजा | ਬੱਚਾ | : | बच्चा |

3. **ਹੇਠਾਂ ਪੰਜਾਬੀ ਅਤੇ ਹਿੰਦੀ ਦੇ ਇੱਕੋ ਅਰਥ ਰੱਖਦੇ ਸ਼ਬਦ ਦਿੱਤੇ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਸਮਝੋ :**

| | | |
|---|---|---|
| ਪਰਸ਼ਾਦਾ | : | चपाती |
| ਵੇਲੇ-ਕੁਵੇਲ਼ੇ | : | देर - सवेर |
| ਫ਼ਿਕਰ | : | चिन्ता |
| ਮੁੰਡਾ | : | लड़का |
| ਚਿੱਟਾ | : | सफ़ेद |
| ਕਿੱਦਾਂ | : | कैसे |
| ਖਰ੍ਹਵਾ | : | खुरदरा |
| ਮਗਰ-ਮਗਰ | : | पीछे - पीछे |
| ਭੁੰਜੇ | : | ज़मीन पर |
| ਭਾਦਰੋਂ | : | भाद्रपद |
| ਮੁਥਾਜ | : | निर्भर |
| ਸਣੇ | : | समेत |

## 1. ਠੀਕ ਉੱਤਰ ਅੱਗੇ (✔) ਦਾ ਨਿਸ਼ਾਨ ਲਾਓ :

(1) ਮੰਗਤੀ ਦੀ ਕਿਸ ਨਾਲ਼ ਟੱਕਰ ਹੋ ਜਾਂਦੀ ਹੈ ?

(ੳ) ਘਾਹੀ (ਅ) ਸੇਵਾਦਾਰ

(ੲ) ਲਾਂਗਰੀ

(2) "ਸਰਕਾਰੀ ਘਾਹੀ ਕਦੇ ਗ਼ਰੀਬ ਨਹੀਂ ਹੋ ਸਕਦਾ।" ਇਹ ਸ਼ਬਦ ਕਿਸ ਨੇ ਕਹੇ ?

(ੳ) ਮੁੰਡਾ (ਅ) ਇੱਕ ਸਿੰਘ

(ੲ) ਸੇਵਾਦਾਰ

(3) ਲੰਗਰ ਦੀ ਥਾਂ ਲਾਂਗਰੀ ਬੁੱਢੇ ਬਾਬੇ ਨੂੰ ਕੀ ਦਿੰਦਾ ਹੈ ?

(ੳ) ਨਕਦੀ (ਅ) ਸੁੱਕੀ ਰਸਦ

(ੲ) ਕੱਪੜੇ

(4) ਸੇਵਾਦਾਰ ਕੌਣ ਸੀ ?

(ੳ) ਮਹਾਰਾਜ ਰਣਜੀਤ ਸਿੰਘ (ਅ) ਆਹਮਾ

(ੲ) ਲਾਂਗਰੀ

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

(1) ਸੇਵਾਦਾਰ ਦਾ ਕੱਦ ਕਿਹੋ-ਜਿਹਾ ਸੀ ?

(2) ਰੋਟੀਆਂ ਲੈ ਕੇ ਮੰਗਤੀ ਨੇ ਸੇਵਾਦਾਰ ਨੂੰ ਕੀ ਕਿਹਾ ?

(3) ਆਹਮੇ ਨੇ ਸੇਵਾਦਾਰ ਨੂੰ ਕੀ ਦਿੱਤਾ ਸੀ ?

(4) "ਗ਼ਰੀਬਨਵਾਜ਼ ਬਖ਼ਸ਼ੋ", ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?

## 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਅਣਗਿਣਤ, ਲੰਗਰ, ਘਾਹੀ, ਭੇਸ, ਪਰਸ਼ਾਦਾ

## 2. ਖ਼ਾਲੀ ਥਾਂਵਾਂ ਭਰੋ :

1. ਵੇ ਭਾਈ! ਤੈਨੂੰ ਦਿਸਦਾ ਨਹੀਂ, ਅੱਖਾਂ ____________ ਹੋਈਆਂ ਨੀ।
2. ਕੋਈ ਵੀ ਨਿੱਕਾ-ਮੋਟਾ ਸਰਕਾਰੀ ਮੁਲਾਜ਼ਮ ____________ਵਿੱਚੋਂ ਰੋਟੀ ਨਹੀਂ ਖਾ ਸਕਦਾ।
3. ਅੱਗੇ ____________ਲੁੱਟ-ਮਾਰ ਹੁੰਦੀ ਰਹਿੰਦੀ ਸੀ।

4. ਭਾਈ ਜੀ, ਸਾਨੂੰ ਵੀ ਮਿਲ਼ ਜਾਏ ____________ ਪਰਸ਼ਾਦਾ।

5. ਮਾਪਿਆਂ ਨੂੰ ____________ ਦਾ ਚੇਤਾ ਭੁੱਲ ਸਕਦਾ ਏ ?

5. **ਹੇਠਾਂ ਲਿਖੇ ਪੰਜਾਬੀ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਸਾਦਾ | साधार्ण | Simple |
| ਭੀੜ | __________ | __________ |
| ਚਲਾਕ | __________ | __________ |
| ਮੁਲਾਜ਼ਮ | __________ | __________ |
| ਬੇਲੀ | __________ | __________ |

6. **ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :**

ਸਾਮਣੇ __________

ਬਜੀਰ __________

ਸੌਂਹ __________

ਛਤਾਨ __________

ਬੰਨਦਾ __________

**ਅਧਿਆਪਕਾਂ ਲਈ :**

ਵਿਦਿਆਰਥੀਆਂ ਨੂੰ ਜਾਣਕਾਰੀ ਦੇ ਕੇ ਇਹ ਇਕਾਂਗੀ ਖਿਡਾਓ।

* * *